13-JUNE-PAGE-1.qxd 6/12/2025 10:30 PM Page 1

ਸ਼ੁੱਕਰਵਾਰ, 13 ਜੂਨ, 2025
31 ਜੇਠ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 12

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 13 JUNE, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12




## ਅਹਿਮਦਾਬਾਦ ਤੋਂ ਲੰਡਨ ਜਾ ਰਿਹਾ ਜਹਾਜ਼ ਹਾਦਸਾਗ੍ਰਸਤ

# 2 ਮਿੰਟ ... 242 ਜ਼ਿੰਦਗੀਆਂ

ਅਹਿਮਦਾਬਾਦ : ਸਰਦਾਰ ਵੱਲਭ ਭਾਈ ਪਟੇਲ ਹਵਾਈ ਅੱਡੇ ਨੇੜੇ ਮੇਘਾਨੀਨਗਰ ਇਲਾਕੇ 'ਚ ਦੁਪਹਿਰ 2 ਵਜੇ ਦੇ ਕਰੀਬ ਉਡਾਣ ਭਰਨ ਮੌਕੇ ਏਅਰ ਇੰਡੀਆ ਦਾ ਜਹਾਜ਼ ਹਾਦਸਾਗ੍ਰਸਤ ਹੋ ਗਿਆ।ਪੁਲਸ ਮੁਤਾਬਕ ਏਅਰ ਇੰਡੀਆ ਦੀ ਉਡਾਣ ਏ ਆਈ 171 ਅਹਿਮਦਾਬਾਦ ਤੋਂ ਲੰਡਨ ਜਾ ਰਹੀ ਸੀ। ਜਹਾਜ਼ 'ਚ ਪਾਇਲਟ ਤੇ ਹੋਰ ਅਮਲੇ ਸਣੇ 242 ਯਾਤਰੀ ਸਵਾਰ ਦੱਸੇ ਜਾਂਦੇ ਹਨ। ਜਹਾਜ਼ ਕੈਪਟਨ ਸੁਮੀਤ ਸੱਭਰਵਾਲ ਦੀ ਅਗਵਾਈ ਹੇਠ ਸੀ। ਉਨ੍ਹਾ ਨਾਲ ਫਸਟ ਅਫਸਰ ਕਲਾਈਵ ਕੁੰਦਰ ਵੀ ਸਨ।ਕੈਪਟਨ ਸੁਮੀਤ ਸੱਭਰਵਾਲ ਇੱਕ ਐੱਲ ਟੀ ਸੀ ਹਨ, ਜਿਨ੍ਹਾ ਕੋਲ 8200 ਘੰਟਿਆਂ ਦਾ ਤਜਰਬਾ ਹੈ।ਸਹਿ-ਪਾਇਲਟ ਕੋਲ 1100 ਘੰਟੇ ਉਡਾਣ ਦਾ ਤਜਰਬਾ ਸੀ।

ਹਾਦਸਾ ਜਹਾਜ਼ ਦੇ ਹਵਾਈ ਅੱਡੇ ਦੀ ਬਾਊਂਡਰੀਵਾਲ ਨਾਲ ਟਕਰਾਉਣ ਕਰਕੇ ਵਾਪਰਿਆ ਦੱਸਿਆ ਜਾਂਦਾ ਹੈ।ਹਾਦਸਾਗ੍ਰਸਤ ਜਹਾਜ਼ ਇੱਕ ਬੋਇੰਗ 787-8 ਡ੍ਰੀਮਲਾਈਨਰ ਹੈ।ਗੁਜਰਾਤ ਭਾਜਪਾ ਮੁਤਾਬਕ ਜਹਾਜ਼ 'ਚ ਸੂਬੇ ਦੇ ਸਾਬਕਾ ਮੁੱਖ ਮੰਤਰੀ ਤੇ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਵਿਜੈ ਰੂਪਾਨੀ ਵੀ ਸਵਾਰ ਸਨ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲਾਤ ਦਾ ਜਾਇਜ਼ਾ ਲਿਆ ਤੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਨੂੰ ਅਹਿਮਦਾਬਾਦ ਪਹੁੰਚਣ ਦੇ ਨਿਰਦੇਸ਼ ਦਿੱਤੇ ਹਨ। ਹਾਦਸੇ ਮਗਰੋਂ ਅਹਿਮਦਾਬਾਦ ਹਵਾਈ ਅੱਡੇ 'ਤੇ ਸੇਵਾਵਾਂ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਹੈ।ਸੂਤਰਾਂ ਮੁਤਾਬਕ ਹਾਦਸਾਗ੍ਰਸਤ ਜਹਾਜ਼ 'ਚ 169 ਭਾਰਤੀ, 53 ਬ੍ਰਿਟਿਸ਼ ਨਾਗਰਿਕ, ਇੱਕ ਕੈਨੇਡੀਅਨ ਤੇ 7 ਪੁਰਤਗਾਲੀ ਨਾਗਰਿਕ ਸਵਾਰ ਸਨ। ਜਹਾਜ਼ ਵਿਚ 217 ਬਾਲਗ, 11 ਬੱਚੇ ਅਤੇ 2 ਨਵਜਨਮੇ ਬੱਚੇ ਸ਼ਾਮਲ ਸਨ।ਹਾਦਸੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ, ਪਰ ਸ਼ੁਰੂਆਤੀ ਰਿਪੋਰਟਾਂ ਮੁਤਾਬਕ ਹਾਦਸਾ ਟੇਕ ਆਫ਼ ਦੌਰਾਨ ਹੋਇਆ। ਉਧਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਫੋਨ ਕਰਕੇ ਗੁਜਰਾਤ ਦੇ ਮੁੱਖ ਮੰਤਰੀ ਭੁਪੇਂਦਰ ਪਟੇਲ ਨੂੰ ਕੇਂਦਰ ਸਰਕਾਰ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ।

ਫਾਇਰ ਅਫ਼ਸਰ ਜਯੇਸ਼ ਖਾਦੀਆ ਨੇ ਕਿਹਾ ਕਿ ਅੱਗ ਬੁਝਾਉਣ ਲਈ ਫਾਇਰ ਟੈਂਕਰ ਮੌਕੇ 'ਤੇ ਭੇਜੇ ਗਏ।ਇੱਕ ਅਧਿਕਾਰੀ ਨੇ ਦੱਸਿਆ ਕਿ ਕਈ ਜ਼ਖਮੀਆਂ ਨੂੰ ਸ਼ਹਿਰ ਦੇ ਸਿਵਲ ਹਸਪਤਾਲ ਲਿਜਾਇਆ ਗਿਆ ਹੈ।ਹਾਦਸੇ ਤੋਂ ਫੌਰੀ ਮਗਰੋਂ ਇਲਾਕੇ ਤੋਂ ਕਾਲੇ ਧੂੰਏਂ ਦਾ ਵੱਡਾ ਗੁਬਾਰ ਉੱਠਦਾ ਦੇਖਿਆ ਗਿਆ।ਐਮਰਜੈਂਸੀ ਟੀਮਾਂ ਫੌਰੀ ਮੌਕੇ 'ਤੇ ਪਹੁੰਚ ਗਈਆਂ ਅਤੇ ਬਚਾਅ, ਨਿਕਾਸੀ ਅਤੇ ਅੱਗ ਬੁਝਾਉਣ ਦੇ ਕਾਰਜ ਸ਼ੁਰੂ ਕਰ ਦਿੱਤੇ।ਜਹਾਜ਼ ਵਿੱਚ 242 ਲੋਕ ਸਵਾਰ ਸਨ, ਜਿਨ੍ਹਾਂ ਵਿੱਚ 2 ਪਾਇਲਟ ਅਤੇ 10 ਕਰੂ ਅਮਲੇ ਦੇ ਮੈਂਬਰ ਸ਼ਾਮਲ ਸਨ।

ਏਅਰ ਇੰਡੀਆ ਦੇ ਚੇਅਰਮੈਨ ਐੱਨ ਚੰਦਰਸ਼ੇਖਰਨ ਨੇ ਜਹਾਜ਼ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾ ਕਿਹਾ, 'ਮੈਂ ਬਹੁਤ ਦੁੱਖ ਨਾਲ ਪੁਸ਼ਟੀ ਕਰਦਾ ਹਾਂ ਕਿ ਏਅਰ ਇੰਡੀਆ ਦੀ ਫਲਾਇਟ ਏ ਆਈ-171, ਜੋ ਅਹਿਮਦਾਬਾਦ ਤੋਂ ਲੰਡਨ ਗੈਟਵਿਕ ਜਾ ਰਹੀ ਸੀ, ਇੱਕ ਹਾਦਸੇ ਦਾ ਸ਼ਿਕਾਰ ਹੋ ਗਈ।

### ਜਹਾਜ਼ 'ਚ 169 ਭਾਰਤੀ, 53 ਬ੍ਰਿਟਿਸ਼, ਇੱਕ ਕੈਨੇਡੀਅਨ ਤੇ 7 ਪੁਰਤਗਾਲੀ ਨਾਗਰਿਕ ਸਵਾਰ ਸਨ



### ਅਕਲਪਨੀਏ ਦਰਦ, ਦੁਖਦ

ਇਸ ਹਾਦਸੇ ਨਾਲ ਪੂਰੇ ਦੇਸ਼ 'ਚ ਸੋਗ ਪਸਰ ਗਿਆ ਹੈ। ਸੋਸ਼ਲ ਮੀਡੀਆ 'ਤੇ ਬਾਲੀਵੁੱਡ ਅਤੇ ਟੀ ਵੀ ਸਿਤਾਰਿਆਂ ਨੇ ਵੀ ਇਸ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ।ਬਾਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਨੇ ਟਵੀਟ ਕੀਤਾ, 'ਏਅਰ ਇੰਡੀਆ ਦੇ ਹਾਦਸੇ ਤੋਂ ਮੈਂ ਹੈਰਾਨ ਅਤੇ ਮੇਰੇ ਕੋਲ ਕੋਈ ਸ਼ਬਦ ਨਹੀਂ ਹਨ।ਇਸ ਸਮੇਂ ਅਸੀਂ ਸਿਰਫ਼ ਪ੍ਰਾਰਥਨਾ ਹੀ ਕਰ ਸਕਦੇ ਹਾਂ।' ਰਿਤੇਸ਼ ਦੇਸ਼ਮੁਖ ਨੇ ਐੱਕਸ 'ਤੇ ਇੱਕ ਪੋਸਟ ਲਿਖੀ, 'ਮੇਰਾ ਦਿਲ ਟੁੱਟ ਗਿਆ ਹੈ ਅਤੇ ਮੈਂ ਅਹਿਮਦਾਬਾਦ 'ਚ ਜਹਾਜ਼ ਹਾਦਸੇ ਦੀ ਖ਼ਬਰ ਸੁਣ ਕੇ ਸਦਮੇ ਵਿੱਚ ਹਾਂ।ਮੇਰਾ ਦਿਲ ਸਾਰੇ ਯਾਤਰੀਆਂ, ਉਨ੍ਹਾਂ ਦੇ ਪਰਵਾਰਾਂ ਅਤੇ ਇਸ ਹਾਦਸੇ ਤੋਂ ਪ੍ਰਭਾਵਤ ਸਾਰੇ ਲੋਕਾਂ ਲਈ ਦੁਖੀ ਹੈ। ਮੈਂ ਇਸ ਮੁਸ਼ਕਲ ਸਮੇਂ 'ਚ ਸਾਰਿਆਂ ਨੂੰ ਆਪਣੇ ਵਿਚਾਰਾਂ ਅਤੇ ਪ੍ਰਾਰਥਨਾਵਾਂ 'ਚ ਰੱਖ ਰਿਹਾ ਹਾਂ।' ਅਕਸ਼ੈ ਕੁਮਾਰ, ਸੰਨੀ ਦਿਓਲ, ਪਰਿਣੀਤੀ ਚੋਪੜਾ, ਰਿਤੇਸ਼ ਦੇਸ਼ਮੁਖ ਤੋਂ ਇਲਾਵਾ ਕਈ ਹੋਰ ਸਿਤਾਰਿਆਂ ਨੇ ਇਸ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਹੈ।

### ਮੇਰਾ ਪੁੱਤ ਬਚ ਗਿਆ !

ਰਮੀਲਾ ਨਾਂਅ ਦੀ ਇੱਕ ਔਰਤ ਨੇ ਕਿਹਾ ਕਿ ਉਸ ਦਾ ਪੁੱਤਰ ਉਸੇ ਹੋਸਟਲ 'ਚ ਰਹਿੰਦਾ ਸੀ, ਜਿੱਥੇ ਇਹ ਜਹਾਜ਼ ਹਾਦਸਾਗ੍ਰਸਤ ਹੋਇਆ। ਕੰਬਦੇ ਹੋਏ ਬੋਲਾਂ 'ਚ ਉਸ ਨੇ ਕਿਹਾ, 'ਮੇਰਾ ਪੁੱਤ ਦੁਪਹਿਰ ਦਾ ਖਾਣਾ ਖਾਣ ਹੋਸਟਲ ਗਿਆ ਅਤੇ ਉਥੇ ਹੀ ਜਹਾਜ਼ ਡਿੱਗ ਗਿਆ। ਮੈਨੂੰ ਲੱਗਾ ਸਭ ਕੁਝ ਖ਼ਤਮ ਹੋ ਗਿਆ, ਪਰ ਪ੍ਰਮਾਤਮਾ ਦਾ ਸ਼ੁਕਰ ਹੈ, ਮੇਰਾ ਪੁੱਤ ਬਚ ਗਿਆ।' ਰਮੀਲਾ ਨੇ ਦੱਸਿਆ ਕਿ ਹਾਦਸੇ ਸਮੇਂ ਉਸ ਦੇ ਪੁੱਤ ਨੇ ਜਾਨ ਬਚਾਉਣ ਲਈ ਦੂਜੀ ਮੰਜ਼ਲ ਤੋਂ ਛਾਲ ਮਾਰ ਦਿੱਤੀ, ਜਿਸ ਕਾਰਨ ਉਸ ਨੂੰ ਕੁਝ ਸੱਟਾਂ ਲੱਗੀਆਂ, ਪਰ ਉਸ ਦੀ ਜਾਨ ਬਚ ਗਈ।

### 12 ਹਜ਼ਾਰ ਲੀਟਰ ਤੇਲ

ਇਸ ਜਹਾਜ਼ ਨੇ ਅਹਿਮਦਾਬਾਦ ਤੋਂ ਲੰਡਨ ਤੱਕ ਦੀ ਦੂਰੀ ਕਰੀਬ 10 ਘੰਟਿਆਂ 'ਚ ਤੈਅ ਕਰਨੀ ਸੀ। ਇਸ ਜਹਾਜ਼ ਵਿੱਚ 12 ਹਜ਼ਾਰ ਲੀਟਰ ਤੇਲ ਹੋਵੇਗਾ। ਇੰਟਰਨੈਸ਼ਨਲ ਫਲਾਇਟ 'ਚ ਦੋ ਘੰਟੇ ਦਾ ਵੀ ਵਾਧੂ ਤੇਲ ਹੁੰਦਾ ਹੈ, ਕਿਉਂਕਿ ਇਹ ਜਹਾਜ਼ ਹਾਦਸਾ ਏਅਰਪੋਰਟ ਦੇ ਨੇੜੇ ਰਿਹਾਇਸ਼ੀ ਇਲਾਕਿਆਂ 'ਚ ਹੋਇਆ। ਇਸ ਲਈ ਇਸ ਹਾਦਸੇ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ।

### 37 ਸਾਲ ਪਹਿਲਾਂ

ਇਸ ਘਟਨਾ ਤੋਂ 37 ਸਾਲ ਪਹਿਲਾਂ ਵੀ ਅਹਿਮਦਾਬਾਦ ਏਅਰਪੋਰਟ 'ਤੇ ਜਹਾਜ਼ ਹਾਦਸਾ ਹੋਇਆ ਸੀ। 19 ਅਕਤੂਬਰ 1988 ਨੂੰ ਮੁੰਬਈ ਤੋਂ ਅਹਿਮਦਾਬਾਦ ਜਾਣ ਵਾਲੇ ਜਹਾਜ਼ ਦੇ ਹਾਦਸਾਗ੍ਰਸਤ ਹੋਣ ਕਾਰਨ 133 ਲੋਕ ਮਾਰੇ ਗਏ ਸਨ। ਇਹ ਘਟਨਾ ਇੰਡੀਅਨ ਏਅਰਲਾਈਨਜ਼ ਦੇ ਇਤਿਹਾਸ ਦੀ ਸਭ ਤੋਂ ਵੱਡੀ ਦੁਰਘਟਨਾ ਸੀ। ਇਹ ਭਾਰਤ ਦੇ ਇਤਿਹਾਸ 'ਚ ਚੌਥਾ ਸਭ ਤੋਂ ਵੱਡਾ ਜਹਾਜ਼ ਹਾਦਸਾ ਮੰਨਿਆ ਜਾਂਦਾ ਹੈ।

### ਭਾਰਤ 'ਚ ਸਭ ਤੋਂ ਵੱਡੇ ਜਹਾਜ਼ ਹਾਦਸੇ

7 ਅਗਸਤ 2020 ਨੂੰ ਕੇਰਲ ਦੇ ਕੋਝੀਕੋਡ 'ਚ ਏਅਰ ਇੰਡੀਆ ਐੱਕਸਪ੍ਰੈੱਸ ਬੋਇੰਗ 737-800 ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਇਸ ਹਾਦਸੇ 'ਚ 17 ਯਾਤਰੀ ਅਤੇ ਕਰੂ ਮੈਂਬਰਾਂ ਦੀ ਮੌਤ ਹੋ ਗਈ ਸੀ ਅਤੇ 138 ਲੋਕ ਜ਼ਖ਼ਮੀ ਹੋਏ ਸਨ। ਇਹ ਹਾਦਸਾ ਰਨਵੇ 'ਤੇ ਰੁਕਣ 'ਚ ਫੇਲ੍ਹ ਹੋਣ ਕਾਰਨ ਹੋਇਆ ਸੀ। ਕਰਨਾਟਕ ਦੇ ਮੈਂਗਲੁਰੂ 'ਚ 22 ਮਈ 2010 'ਚ ਏਅਰ ਇੰਡੀਆ ਦੀ ਐੱਕਸਪ੍ਰੈੱਸ ਬੋਇੰਗ 737-800 ਨਾਂਅ ਦਾ ਜਹਾਜ਼ ਹਾਦਸਾਗ੍ਰਸਤ ਹੋ ਗਿਆ ਸੀ। ਇਸ ਘਟਨਾ 'ਚ 158 ਯਾਤਰੀਆਂ ਦੀ ਮੌਤ ਹੋ ਗਈ ਸੀ। ਜਹਾਜ਼ 'ਚ 160 ਯਾਤਰੀ ਅਤੇ ਕਰੂ ਮੈਂਬਰ ਸਵਾਰ ਸਨ, ਜਦਕਿ 8 ਲੋਕ ਜਿਊਂਦੇ ਬਚ ਗਏ ਸਨ। 12 ਨਵੰਬਰ 1996 'ਚ ਦਿੱਲੀ ਦੇ ਕੋਲ ਹਰਿਆਣਾ ਦੇ ਚਰਖੀ ਦਾਦਰੀ 'ਚ ਦੋ ਜਹਾਜ਼ ਹਵਾ 'ਚ ਹੀ ਟਕਰਾਅ ਗਏ ਸਨ। ਇੱਕ ਜਹਾਜ਼ ਸਾਊਦੀ ਏਅਰ ਲਾਈਨਜ਼ ਤੇ ਦੂਜਾ ਕਜ਼ਾਕਿਸਤਾਨ ਏਅਰ ਲਾਈਨਜ਼ ਦਾ ਸੀ। ਇਸ ਹਾਦਸੇ 'ਚ ਸਵਾਰ ਸਾਰੇ 349 ਲੋਕਾਂ ਦੀ ਮੌਤ ਹੋ ਗਈ ਸੀ।

ਬਿਹਾਰ ਦੀ ਰਾਜਧਾਨੀ ਪਟਨਾ 'ਚ 17 ਜੁਲਾਈ 2000 ਨੂੰ ਅਲਾਇੰਸ ਏਅਰ ਦਾ ਬੋਇੰਗ 737-2 ਏ-8 ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਇਸ ਹਾਦਸੇ 'ਚ 56 ਯਾਤਰੀਆਂ ਦੀ ਮੌਤ ਹੋ ਗਈ ਸੀ। ਇਸ 'ਚੋਂ 51 ਦੀਆਂ ਲਾਸ਼ਾਂ ਜਹਾਜ਼ 'ਚੋਂ ਮਿਲੀਆਂ ਸਨ।

### ਮੋਦੀ ਨੇ ਕਿਹਾ—ਦਿਲ ਦਹਿਲਾ ਦੇਣ ਵਾਲੇ ਹਾਦਸੇ ਨੂੰ ਸ਼ਬਦਾਂ 'ਚ ਬਿਆਨ ਕਰਨਾ ਮੁਸ਼ਕਲ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕੀਤਾ ਕਿ ਅਹਿਮਦਾਬਾਦ 'ਚ ਹੋਈ ਤ੍ਰਾਸਦੀ ਨੇ ਸਾਨੂੰ ਹੈਰਾਨ ਅਤੇ ਦੁਖੀ ਕਰ ਦਿੱਤਾ ਹੈ।ਇਹ ਸ਼ਬਦਾਂ ਤੋਂ ਪਰ੍ਹੇ ਦਿਲ ਦਹਿਲਾ ਦੇਣ ਵਾਲੀ ਘਟਨਾ ਹੈ।ਇਸ ਦੁੱਖ ਦੀ ਘੜੀ ਵਿੱਚ ਮੇਰੀ ਹਮਦਰਦੀ ਇਸ ਤੋਂ ਪ੍ਰਭਾਵਤ ਸਾਰੇ ਲੋਕਾਂ ਨਾਲ ਹੈ।ਮੈਂ ਮੰਤਰੀਆਂ ਅਤੇ ਅਧਿਕਾਰੀਆਂ ਦੇ ਸੰਪਰਕ ਵਿਚ ਹਾਂ, ਜੋ ਪ੍ਰਭਾਵਤ ਲੋਕਾਂ ਦੀ ਮਦਦ ਲਈ ਕੰਮ ਕਰ ਰਹੇ ਹਨ।

### ਖੜਗੇ ਨੇ ਜਤਾਇਆ ਦੁੱਖ

ਅਹਿਮਦਾਬਾਦ 'ਚ ਹੋਏ ਭਿਆਨਕ ਜਹਾਜ਼ ਹਾਦਸੇ 'ਤੇ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਐੱਕਸ ਅਕਾਊਂਟ 'ਤੇ ਪੋਸਟ ਕਰ ਕੇ ਦੁੱਖ ਜਤਾਇਆ।ਉਨ੍ਹਾ ਆਪਣੀ ਪੋਸਟ 'ਚ ਲਿਖਿਆ, 'ਅਹਿਮਦਾਬਾਦ 'ਚ ਏਅਰ ਇੰਡੀਆ ਦੇ ਜਹਾਜ਼ ਹਾਦਸੇ ਦੀ ਜਾਣਕਾਰੀ ਮਿਲਣ ਮਗਰੋਂ ਬੇਹੱਦ ਦੁੱਖ ਹੋਇਆ।ਹਾਦਸੇ ਦੀਆਂ ਤਸਵੀਰਾਂ ਬੇਹੱਦ ਡਰਾਉਣੀਆਂ ਹਨ।' ਉਨ੍ਹਾ ਅੱਗੇ ਕਿਹਾ— ਪੀੜਤ ਯਾਤਰੀ, ਪਾਇਲਟ ਤੇ ਕਰੂ ਮੈਂਬਰਾਂ ਦੇ ਪਰਵਾਰਾਂ ਨਾਲ ਸਾਡੀ ਡੂੰਘੀ ਹਮਦਰਦੀ।ਮੈਂ ਕਾਂਗਰਸੀ ਆਗੂਆਂ ਨੂੰ ਅਪੀਲ ਕਰਦਾ ਹਾਂ ਕਿ ਪੀੜਤਾਂ ਨੂੰ ਹਰ ਤਰ੍ਹਾਂ ਦੀ ਮਦਦ ਮੁਹੱਈਆ ਕਰਵਾਈ ਜਾਵੇ।

### ਵਿਸ਼ਵ ਨੇਤਾਵਾਂ ਨੇ ਜਤਾਈ ਹਮਦਰਦੀ

ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ, ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਈਜ਼ੂ, ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ ਅਤੇ ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਹਲ ਪ੍ਰਚੰਡ ਨੇ ਵੀਰਵਾਰ ਅਹਿਮਦਾਬਾਦ ਵਿੱਚ ਹੋਏ ਜਹਾਜ਼ ਹਾਦਸੇ ਦੇ ਮੱਦੇਨਜ਼ਰ ਭਾਰਤ ਦੇ ਲੋਕਾਂ ਨਾਲ ਇਕਜੁੱਟਤਾ ਪ੍ਰਗਟ ਕੀਤੀ।ਨਾਲ ਹੀ ਪੀੜਤ ਪਰਵਾਰਾਂ ਪ੍ਰਤੀ ਹਮਦਰਦੀ ਜਤਾਈ। ਲੇਅਨ ਨੇ ਐੱਕਸ 'ਤੇ ਪੋਸਟ 'ਚ ਕਿਹਾ, ਸੋਗ ਮਨਾ ਰਹੇ ਪਰਵਾਰਾਂ ਅਤੇ ਅਜ਼ੀਜ਼ਾਂ ਪ੍ਰਤੀ ਮੇਰੀ ਡੂੰਘੀ ਸੰਵੇਦਨਾ।' ਮਲੇਸ਼ੀਆ ਦੇ ਪ੍ਰਧਾਨ ਮੰਤਰੀ ਇਬਰਾਹਿਮ ਨੇ ਕਿਹਾ ਕਿ ਉਹ ਇਸ ਦੁਖਦਾਈ ਹਾਦਸੇ ਬਾਰੇ ਜਾਣ ਕੇ ਬਹੁਤ ਦੁਖੀ ਹਨ । ਉਹਨਾ ਕਿਹਾ, 'ਮਲੇਸ਼ੀਆ ਦੀ ਸਰਕਾਰ ਅਤੇ ਲੋਕਾਂ ਵੱਲੋਂ ਮੈਂ ਪ੍ਰਭਾਵਤ ਲੋਕਾਂ ਦੇ ਪਰਵਾਰਾਂ ਅਤੇ ਅਜ਼ੀਜ਼ਾਂ ਨਾਲ ਆਪਣੀ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ।' ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਪ੍ਰਚੰਡ ਨੇ ਕਿਹਾ ਕਿ ਉਹ ਜਹਾਜ਼ ਹਾਦਸੇ ਤੋਂ ਡੂੰਘੇ ਦੁਖੀ ਹਨ।ਨੇਪਾਲ ਦੁੱਖ ਦੀ ਇਸ ਘੜੀ ਵਿੱਚ ਭਾਰਤ ਦੇ ਨਾਲ ਇੱਕਜੁੱਟਤਾ ਨਾਲ ਖੜ੍ਹਾ ਹੈ।'





### ਸੀ ਪੀ ਆਈ ਵੱਲੋਂ ਹਵਾਈ ਹਾਦਸੇ 'ਤੇ ਦੁੱਖ ਦਾ ਪ੍ਰਗਟਾਵਾ

**ਲੁਧਿਆਣਾ (ਐੱਮ ਐੱਸ ਭਾਟੀਆ)** - ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਵੱਲੋਂ ਅਹਿਮਦਾਬਾਦ ਤੋਂ ਉਡਾਨ ਭਰਨ ਤੋਂ ਬਾਅਦ ਹੋਏ ਹਵਾਈ ਹਾਦਸੇ, ਜਿਸ ਵਿੱਚ ਅਨੇਕਾਂ ਦੇਸ਼ਾਂ ਦੇ ਵੱਡੀ ਗਿਣਤੀ ਵਿੱਚ ਲੋਕ ਸਵਾਰ ਸਨ ਅਤੇ ਜਿਸ ਬਿਲਡਿੰਗ ਉੱਤੇ ਜਹਾਜ਼ ਡਿੱਗਿਆ, ਉਹ ਮੈਡੀਕਲ ਦੇ ਵਿਦਿਆਰਥੀਆਂ ਦਾ ਹੋਸਟਲ ਦੱਸਿਆ ਜਾਂਦਾ ਹੈ ਅਤੇ ਉਸ ਵੇਲੇ ਵਿਦਿਆਰਥੀ ਖਾਣਾ ਖਾ ਰਹੇ ਸਨ, 'ਤੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਜ਼ਿਲ੍ਹਾ ਸਹਾਇਕ ਸਕੱਤਰ ਡਾਕਟਰ ਅਰੁਣ ਮਿਤਰਾ, ਚਮਕੌਰ ਸਿੰਘ ਅਤੇ ਸ਼ਹਿਰੀ ਸਕੱਤਰ ਐੱਮ ਐੱਸ ਭਾਟੀਆ ਨੇ ਮੰਗ ਕੀਤੀ ਕਿ ਇਸ ਮੰਦਭਾਗੇ ਹਾਦਸੇ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਹਵਾਬਾਜ਼ੀ ਮੰਤਰੀ ਨੂੰ ਇਸ ਦੀ ਜ਼ਿੰਮੇਵਾਰੀ ਲੈਂਦੇ ਹੋਏ ਇਖਲਾਕੀ ਤੌਰ 'ਤੇ ਅਸਤੀਫਾ ਦੇਣਾ ਚਾਹੀਦਾ ਹੈ। ਇਸ ਦੁੱਖ ਦੀ ਘੜੀ ਵਿਚ ਸਮੁੱਚੀ ਪਾਰਟੀ ਪੀੜਤ ਪਰਵਾਰਾਂ ਦੇ ਨਾਲ ਹੈ।



### ਯੂ ਕੇ ਦੇ ਪ੍ਰਧਾਨ ਮੰਤਰੀ ਨੇ ਦੁੱਖ ਪ੍ਰਗਟਾਇਆ

**ਲੰਡਨ** : ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਵੀਰਵਾਰ ਅਹਿਮਦਾਬਾਦ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਏਅਰ ਇੰਡੀਆ ਦੇ ਜਹਾਜ਼ ਦੇ ਹਾਦਸੇ ਦੇ ਸ਼ਿਕਾਰ ਹੋਣ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ।ਸਟਾਰਮਰ ਨੇ ਇਕ ਬਿਆਨ 'ਚ ਕਿਹਾ ਕਿ ਭਾਰਤੀ ਸ਼ਹਿਰ ਅਹਿਮਦਾਬਾਦ ਵਿੱਚ ਲੰਡਨ ਜਾਣ ਵਾਲੇ ਜਹਾਜ਼ ਦੇ ਬਹੁਤ ਸਾਰੇ ਬ੍ਰਿਟਿਸ਼ ਨਾਗਰਿਕਾਂ ਨੂੰ ਲੈ ਕੇ ਜਾ ਰਹੇ ਹਾਦਸੇ ਦੇ ਸਾਹਮਣੇ ਆਉਣ ਵਾਲੇ ਦ੍ਰਿਸ਼ ਬਹੁਤ ਭਿਆਨਕ ਹਨ।ਉਨ੍ਹਾ ਇਹ ਵੀ ਕਿਹਾ ਕਿ ਹਾਲਾਤ ਬਾਰੇ ਮੈਂ ਨਾਲੋ-ਨਾਲ ਜਾਣਕਾਰੀ ਹਾਸਲ ਕਰ ਰਿਹਾ ਹਾਂ ਤੇ ਇਸ ਡੂੰਘੇ ਦੁਖਦਾਈ ਸਮੇਂ ਵਿੱਚ ਮੇਰੀ ਹਮਦਰਦੀ ਯਾਤਰੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਦੇ ਨਾਲ ਹੈ।

ਯੂ ਕੇ ਦੇ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫ਼ਤਰ (ਐੱਫ ਸੀ ਡੀ ਓ) ਨੇ ਕਿਹਾ ਕਿ ਉਹ ਭਾਰਤ ਵਿੱਚ ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਤੱਥਾਂ ਨੂੰ ਤੁਰੰਤ ਸਥਾਪਤ ਕਰਨ ਅਤੇ ਸ਼ਾਮਲ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਕੰਮ ਕਰ ਰਿਹਾ ਹੈ।ਇਸ ਨੇ ਸਹਾਇਤਾ ਲਈ ਇੱਕ ਸੰਪਰਕ 020 7008 5000 ਨੰਬਰ ਜਾਰੀ ਕੀਤਾ ਹੈ।



## ਅੱਜ-ਨਾਮਾ

ਹਵਾਈ ਹਾਦਸੇ ਦੀ ਆਈ ਹੈ ਖਬਰ ਭੈੜੀ,
ਫੈਲ ਗਿਆ ਦੇਸ਼ ਦੇ ਵਿੱਚ ਹੈ ਦੁੱਖ ਮੀਆਂ।
ਕਾਲਜਾ ਸੁਣ ਕੇ ਹਿੱਲ ਗਿਆ ਸਾਰਿਆਂ ਦਾ,
ਹਮਦਰਦੀ ਭਾਵਾਂ ਦੇ ਜਿਹੜੇ ਮਨੁੱਖ ਮੀਆਂ।
ਹਰ ਇੱਕ ਦਿਲ ਦੀ ਇਹੀ ਸੀ ਹੂਕ ਉੱਠੀ,
ਭਵਿੱਖ ਦੇ ਲਈ ਆ ਚਾਹੀਦੀ ਸੁੱਖ ਮੀਆਂ।
ਸਿੱਖਣਾ ਚਾਹੀਦਾ ਸਬਕ ਹੈ ਗਲਤੀਆਂ ਤੋਂ,
ਵਧਾਉਣੀ ਚੌਕਸੀ ਕਾਰਜ ਹੈ ਮੁੱਖ ਮੀਆਂ।
ਜਿੱਥੇ ਜਿਹੋ ਜਿਹੀ ਕਮੀ ਕੁਝ ਰਹੀ ਕਿਧਰੇ,
ਉਹ ਸਭ ਕਰਨ ਦੀ ਲੋੜ ਦਰੁਸਤ ਮੀਆਂ।
ਪ੍ਰਸ਼ਾਸਨ ਵੱਲੋਂ ਵੀ ਰਹੀ ਜੇ ਢਿੱਲ ਕਿਧਰੇ,
ਉਹ ਵੀ ਕਰਨ ਦੀ ਲੋੜ ਹੈ ਚੁਸਤ ਮੀਆਂ।

-ਤੀਸ ਮਾਰ ਖਾਂ

## ਇੰਤਕਾਲ, ਰਪਟ ਐਂਟਰੀ ਤੇ ਫਰਦ ਬਦਰ ਦੀਆਂ ਸੇਵਾਵਾਂ ਵੀ ਆਨਲਾਈਨ ਹਾਸਲ ਹੋਣਗੀਆਂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਨਰਿੰਦਰਜੀਤ ਸਿੰਘ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀਰਵਾਰ 'ਈਜ਼ੀ ਜਮ੍ਹਾਂਬੰਦੀ' ਪੋਰਟਲ ਦੀ ਸ਼ੁਰੂਆਤ ਕੀਤੀ, ਜਿਸ ਨਾਲ ਪੰਜਾਬ ਨੇ ਆਪਣੇ ਨਾਗਰਿਕਾਂ ਨੂੰ ਭ੍ਰਿਸ਼ਟਾਚਾਰ ਮੁਕਤ, ਸੁਚਾਰੂ, ਪ੍ਰੇਸ਼ਾਨੀ ਰਹਿਤ ਅਤੇ ਪਾਰਦਰਸ਼ੀ ਸੇਵਾਵਾਂ ਦੇਣ ਵਿੱਚ ਸਫਲਤਾ ਦਾ ਨਵਾਂ ਮੁਕਾਮ ਹਾਸਲ ਕੀਤਾ ਹੈ।



ਦੋਵਾਂ ਆਗੂਆਂ ਨੇ ਕਿਹਾ ਕਿ ਇਸ ਸ਼ੁਰੂਆਤ ਨਾਲ ਮਾਲ ਵਿਭਾਗ ਦੀਆਂ ਪ੍ਰਮੁੱਖ ਸੇਵਾਵਾਂ ਪ੍ਰਦਾਨ ਕਰਨ ਦੀ ਪ੍ਰਕਿਰਿਆ ਵਿੱਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਲਈ ਇੱਕ ਹੋਰ ਇਤਿਹਾਸਕ ਕਦਮ ਚੁੱਕਿਆ ਹੈ। ਇਨ੍ਹਾਂ ਸੇਵਾਵਾਂ ਨਾਲ ਹਰੇਕ ਸਾਲ ਲੱਖਾਂ ਲੋਕਾਂ ਦਾ ਸਿੱਧਾ ਵਾਹ ਪੈਂਦਾ ਹੈ।

ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਪੋਰਟਲ ਲੋਕਾਂ ਨੂੰ ਪੰਜ ਮੁੱਖ ਸੇਵਾਵਾਂ ਪ੍ਰਦਾਨ ਕਰੇਗਾ, ਜਿਨ੍ਹਾਂ ਵਿੱਚ ਵਟਸਐਪ 'ਤੇ ਜਮ੍ਹਾਂਬੰਦੀ ਪ੍ਰਾਪਤ ਕਰਨਾ, ਇੰਤਕਾਲ ਕਰਵਾਉਣ, ਰਪਟ ਐਂਟਰੀ ਅਤੇ ਫਰਦ ਬਦਰ (ਜ਼ਮੀਨ ਰਿਕਾਰਡਾਂ ਵਿੱਚ ਸੁਧਾਰ) ਲਈ ਆਨਲਾਈਨ ਸੇਵਾਵਾਂ ਹਾਸਲ ਹੋਣਗੀਆਂ। ਇਸ ਦਾ ਵਿਸਥਾਰ ਵਿੱਚ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਹਾ ਕਿ ਵਟਸਐਪ ਰਾਹੀਂ ਜਮ੍ਹਾਂਬੰਦੀ ਪ੍ਰਾਪਤ ਕਰਨ ਦਾ ਫੈਸਲਾ ਲੋਕਾਂ ਨੂੰ ਵੱਡੇ ਪੱਧਰ 'ਤੇ ਸਹੂਲਤ ਪ੍ਰਦਾਨ ਕਰੇਗਾ, ਕਿਉਂਕਿ ਹਰ ਸਾਲ 40 ਲੱਖ ਲੋਕਾਂ ਨੂੰ ਜ਼ਮੀਨੀ ਰਿਕਾਰਡ ਦੀਆਂ ਫਰਦਾਂ (ਜਮ੍ਹਾਂਬੰਦੀ) ਪ੍ਰਾਪਤ ਕਰਨ ਲਈ ਜਾਂ ਤਾਂ ਆਪਣੇ ਪਟਵਾਰੀ ਕੋਲ ਗੇੜੇ ਕੱਢਣੇ ਪੈਂਦੇ ਸਨ ਜਾਂ ਫਰਦ ਕੇਂਦਰਾਂ 'ਤੇ ਜਾਣਾ ਪੈਂਦਾ ਸੀ।

ਉਨ੍ਹਾ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਦੇ 99 ਫੀਸਦੀ ਪਿੰਡਾਂ ਦਾ ਜ਼ਮੀਨੀ ਰਿਕਾਰਡ ਡਿਜੀਟਾਈਜ਼ ਕਰ ਦਿੱਤਾ ਹੈ, ਸਾਰੇ ਜ਼ਮੀਨੀ ਰਿਕਾਰਡ ਇਸ ਸੇਵਾ ਰਾਹੀਂ ਪ੍ਰਾਪਤ ਕੀਤੇ ਜਾ ਸਕਦੇ ਹਨ ਅਤੇ ਨਾਲ ਹੀ ਬਾਕੀ ਰਹਿੰਦੇ ਪਿੰਡਾਂ ਨੂੰ ਵੀ ਅਗਲੇ ਦੋ ਮਹੀਨਿਆਂ ਵਿੱਚ ਡਿਜੀਟਾਈਜ਼ ਕਰ ਦਿੱਤਾ ਜਾਵੇਗਾ। ਫਰਦ ਬਦਰ (ਜ਼ਮੀਨ ਰਿਕਾਰਡ ਵਿੱਚ ਸੋਧ) ਬਾਰੇ ਜਾਣਕਾਰੀ ਦਿੰਦਿਆਂ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਹਰ ਸਾਲ ਲਗਭਗ 60,000 ਫਰਦ ਬਦਰ (ਰਿਕਾਰਡ ਵਿੱਚ ਸੋਧ) ਬਾਰੇ ਬੇਨਤੀਆਂ ਪ੍ਰਾਪਤ ਹੁੰਦੀਆਂ ਹਨ। ਉਨ੍ਹਾ ਕਿਹਾ ਕਿ ਜ਼ਮੀਨੀ ਰਿਕਾਰਡ (ਜਿਵੇਂ ਕਿ ਨਾਂਅ ਵਿੱਚ ਸੋਧ) ਵਿੱਚ ਗਲਤੀਆਂ ਨੂੰ ਠੀਕ ਕਰਨ ਲਈ ਲੋਕਾਂ ਨੂੰ ਹੁਣ ਸਰਕਾਰੀ ਦਫ਼ਤਰਾਂ ਦੇ ਚੱਕਰ ਲਾਉਣ ਜਾਂ ਤਹਿਸੀਲਦਾਰਾਂ ਦੇ ਰਹਿਮੋ-ਕਰਮ 'ਤੇ ਰਹਿਣ ਦੀ ਲੋੜ ਨਹੀਂ ਪਵੇਗੀ। ਦੋਵਾਂ ਆਗੂਆਂ ਕਿਹਾ ਕਿ ਇਸ ਸੰਬੰਧੀ ਹੁਣ ਲੋੜੀਂਦੇ ਦਸਤਾਵੇਜ਼ਾਂ ਵਾਲਾ ਸਧਾਰਨ ਫਾਰਮ ਆਨਲਾਈਨ ਜਮ੍ਹਾਂ ਕੀਤਾ ਜਾ

• ਬਾਕੀ ਸਫ਼ਾ 2 'ਤੇ

## ਇੰਸਟਾਗ੍ਰਾਮ 'ਤੇ ਮਸ਼ਹੂਰ ਕਮਲ ਕੌਰ ਭਾਬੀ ਦੀ ਸ਼ੱਕੀ ਹਾਲਾਤ 'ਚ ਮੌਤ



**ਬਠਿੰਡਾ** : ਇੰਸਟਾਗ੍ਰਾਮ 'ਤੇ ਕਮਲ ਕੌਰ ਭਾਬੀ ਦੇ ਨਾਂਅ ਨਾਲ ਮਕਬੂਲ ਕੰਚਨ ਕੁਮਾਰੀ ਦੀ ਲਾਸ਼ ਬਠਿੰਡਾ ਦੇ ਇੱਕ ਹਸਪਤਾਲ ਦੀ ਪਾਰਕਿੰਗ ਵਿੱਚ ਇੱਕ ਕਾਰ ਵਿੱਚੋਂ ਮਿਲੀ ਹੈ।ਲਾਸ਼ ਦੀ ਸ਼ਨਾਖਤ ਵੀਰਵਾਰ ਸਵੇਰੇ ਕੀਤੀ ਗਈ।ਲਾਸ਼ ਦੀ ਹਾਲਤ ਦੇਖ ਕੇ ਅੰਦਾਜ਼ੇ ਲਾਏ ਜਾ ਰਹੇ ਹਨ ਕਿ ਕਮਲ ਕੌਰ ਭਾਬੀ ਦੀ ਮੌਤ ਦੋ-ਤਿੰਨ ਦਿਨ ਪਹਿਲਾਂ ਹੋ ਗਈ ਸੀ।ਕਮਲ ਕੌਰ ਭਾਬੀ ਲੁਧਿਆਣਾ ਦੀ ਰਹਿਣ ਵਾਲੀ ਹੈ। ਉਸ ਦੀ ਉਮਰ ਲਗਭਗ 30 ਸਾਲ ਦੇ ਕਰੀਬ ਹੈ। ਘਰ ਵਾਲਿਆਂ ਦਾ ਕਹਿਣਾ ਹੈ ਕਿ 9 ਜੂਨ ਨੂੰ ਉਹ ਬਠਿੰਡਾ 'ਚ ਇੱਕ ਪ੍ਰਮੋਸ਼ਨ ਪ੍ਰੋਗਰਾਮ 'ਚ ਸ਼ਿਰਕਤ ਕਰਨ ਗਈ ਸੀ, ਇਸ ਤੋਂ ਬਾਅਦ ਉਸ ਨਾਲ ਕੋਈ ਸੰਪਰਕ ਨਹੀਂ ਹੋਇਆ। ਕਮਲ ਕੌਰ ਭਾਬੀ ਸੋਸ਼ਲ ਮੀਡੀਆ 'ਤੇ ਅਕਸਰ ਇਤਰਾਜ਼ਯੋਗ ਤੇ ਭੱਦੀ ਸ਼ਬਦਾਵਲੀ ਵਾਲੇ ਵੀਡੀਓਜ਼ ਪਾਉਣ ਕਰਕੇ ਸੁਰਖੀਆਂ 'ਚ ਰਹਿੰਦੀ ਸੀ। ਉਸ ਦੇ ਇੰਸਟਾਗ੍ਰਾਮ 'ਤੇ 3.86 ਲੱਖ ਫਾਲੋਅਰਜ਼ ਹਨ।

ਸੱਤ ਮਹੀਨੇ ਪਹਿਲਾਂ ਅਰਸ਼ ਡੱਲਾ ਨੇ ਵੀ ਅਸ਼ਲੀਲ ਸਮਗਰੀ ਨੂੰ ਲੈ ਕੇ ਕਮਲ ਕੌਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ।ਪੁਲਸ ਵੱਲੋਂ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ।ਜਾਣਕਾਰੀ ਮੁਤਾਬਕ ਕਾਰ 'ਚੋਂ ਬਦਬੂ ਆਉਣ ਮਗਰੋਂ ਸਥਾਨਕ ਲੋਕਾਂ ਤੇ ਰਾਹਗੀਰਾਂ ਨੇ ਇਸ ਬਾਰੇ ਪੁਲਸ ਨੂੰ ਸੂਚਿਤ ਕੀਤਾ।ਐੱਸ ਪੀ (ਸਿਟੀ) ਨਰਿੰਦਰ ਸਿੰਘ ਦੀ ਅਗਵਾਈ 'ਚ ਪੁੱਜੀ ਪੁਲਸ ਪਾਰਟੀ ਨੇ ਲਾਸ਼ ਨੂੰ ਕਾਰ 'ਚੋਂ ਬਾਹਰ ਕੱਢਿਆ।ਲਾਸ਼ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਥਾਨਕ ਸਿਵਲ ਹਸਪਤਾਲ ਦੇ ਮੁਰਦਾ

• ਬਾਕੀ ਸਫ਼ਾ 2 'ਤੇ

13-JUNE-PAGE-1.qxd 6/12/2025 10:32 PM Page 2



## ਪਲੇਟਾਂ ਚੋਰੀ ਕਰਕੇ ਭੱਜੇ ਨੌਜਵਾਨਾਂ ਨੂੰ ਕੀਤਾ ਪੁਲਸ ਹਵਾਲੇ



ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ ਦੇ ਮਾਧੋਪੁਰ ਬਾਈਪਾਸ ਨਜ਼ਦੀਕ ਰੇਲਵੇ ਬ੍ਰਿੱਜ ਦਾ ਨਿਰਮਾਣ ਕਰ ਰਹੀ ਨਿੱਜੀ ਕੰਪਨੀ ਦੇ ਕਰਮਚਾਰੀਆਂ ਵੱਲੋਂ ਪਲੇਟਾਂ ਚੋਰੀ ਕਰਕੇ ਭੱਜ ਰਹੇ ਦੋ ਨੌਜਵਾਨਾਂ ਨੂੰ ਕਾਬੂ ਕਰਕੇ ਪੁਲਸ ਹਵਾਲੇ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੇ ਬਿਆਨਾਂ 'ਚ ਸ਼ਾਵਲ ਹਿੰਦੋਸਤਾਨ ਇਨਫਰਾ ਕੰਪਨੀ ਦੇ ਸਾਈਟ ਇੰਜੀਨੀਅਰ ਦੀਪਕ ਨੇ ਦੱਸਿਆ ਕਿ ਉਨ੍ਹਾਂ ਦਾ ਕੰਮ ਪਿੰਡ ਕੋਟਲਾ ਭਾਈਕਾ ਵਾਲੀ ਸਾਈਡ 'ਤੇ ਚੱਲ ਰਿਹਾ ਸੀ, ਜਿੱਥੇ ਮੋਟਰਸਾਈਕਲ 'ਤੇ ਆਏ ਦੋ ਨੌਜਵਾਨਾਂ ਨੇ ਪਿੱਲਰ 'ਚ ਲੱਗਣ ਵਾਲੀਆਂ ਬੇਸ ਪਲੇਟਾਂ ਚੋਰੀ ਕਰ ਲਈਆਂ ਤੇ ਮੌਕੇ ਤੋਂ ਭੱਜਣ ਲੱਗੇ, ਜਿਨ੍ਹਾਂ ਨੂੰ ਭੱਜਦੇ ਹੋਏ ਉਸ ਵੱਲੋਂ ਸਕਿਓਰਟੀ ਗਾਰਡ ਦੀ ਮੱਦਦ ਨਾਲ ਕਾਬੂ ਕਰ ਲਿਆ ਤੇ ਉਨ੍ਹਾਂ ਕੋਲੋਂ 60 ਕਿੱਲੋ ਵਜ਼ਨੀ ਪਲੇਟਾਂ ਵੀ ਬਰਾਮਦ ਹੋਈਆਂ।ਇਸ ਸਬੰਧੀ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਅ/ਧ 303(2), 317(2) ਬੀ.ਐਨ.ਐਸ. ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਸਤਨਾਮ ਸਿੰਘ ਤੇ ਹਰਪ੍ਰੀਤ ਸਿੰਘ ਵਾਸੀਆਨ ਪਿੰਡ ਬ੍ਰਾਹਮਣਮਾਜਰਾ ਨੂੰ ਗ੍ਰਿਫ਼ਤਾਰ ਕਰਕੇ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਵਿਧਾਇਕ ਦੇ ਯਤਨਾਂ ਸਦਕਾ ਜ਼ਖਵਾਲੀ ਦੇ ਲੋਕਾਂ ਨੂੰ ਨਹਿਰੀ ਪਾਣੀ ਹੋਇਆ ਨਸੀਬ



ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਦੇ ਵਿੱਚ ਚੱਲ ਰਹੀ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਤੇ ਹਲਕਾ ਵਿਧਾਇਕ ਲਖਬੀਰ ਸਿੰਘ ਰਾਏ ਦੇ ਉਪਰਾਲੇ ਸਦਕਾ ਪਿੰਡ ਜ਼ਖਵਾਲੀ ਦੇ ਲੋਕਾਂ ਨੂੰ ਨਹਿਰੀ ਪਾਣੀ ਖੇਤਾਂ ਨੂੰ ਲਾਉਣਾ ਨਸੀਬ ਹੋਇਆ ਹੈ।ਇਸ ਮੌਕੇ ਸਰਪੰਚ ਗੁਰਦੀਪ ਸਿੰਘ ਜਖਵਾਲੀ ਤੇ ਗੁਰਮੀਤ ਸਿੰਘ ਵੈਦਵਾਨ (ਮਿੰਠੂ ਮੌਲੀ) ਵੱਲੋਂ ਮੋਗੇ ਖੋਲ੍ਹ ਕੇ ਪਿੰਡ ਜ਼ਖਵਾਲੀ ਦੇ ਕਿਸਾਨਾਂ ਲਈ ਨਹਿਰੀ ਪਾਣੀ ਦੀ ਸਹੂਲਤ ਮੁਹੱਈਆ ਕਰਵਾਈ ਗਈ। ਸਰਪੰਚ ਗੁਰਦੀਪ ਸਿੰਘ ਜਖਵਾਲੀ ਤੇ ਗੁਰਮੀਤ ਸਿੰਘ ਵੈਦਵਾਨ (ਮਿੰਠੂ ਮੌਲੀ) ਵੱਲੋਂ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਪੂਰੇ ਪੰਜਾਬ ਦੇ ਲੋਕਾਂ ਨੂੰ ਨਹਿਰੀ ਪਾਣੀ ਦੇਣਾ ਪੰਜਾਬ ਸਰਕਾਰ ਤੇ ਵਿਧਾਇਕ ਲਖਵੀਰ ਸਿੰਘ ਰਾਏ ਉਨ੍ਹਾਂ ਦੀ ਚੰਗੀ ਸੋਚ ਤੇ ਪੰਜਾਬ ਪੱਖੀ ਸਰਕਾਰ ਕਿਹਾ ਜਾ ਸਕਦਾ ਹੈ।ਉਨ੍ਹਾਂ ਸਾਂਝੇ ਤੌਰ 'ਤੇ ਦੱਸਿਆ ਕੀ ਪਿੰਡ ਜਖਵਾਲੀ ਦੇ ਸੂਏ ਵਿੱਚ ਮੋਗੇ ਲਗਾਏ ਗਏ ਹਨ, ਜਿਨ ਨਾਲ ਇਲਾਕੇ ਦੇ ਕਿਸਾਨਾਂ ਨੂੰ ਨਹਿਰੀ ਪਾਣੀ ਮਿਲੇਗਾ ਤੇ ਧਰਤੀ ਹੇਠਲੇ ਪਾਣੀ ਦੀ ਬੱਚਤ ਹੋਵੇਗੀ।ਇਸ ਮੌਕੇ ਸਰਪੰਚ ਗੁਰਦੀਪ ਸਿੰਘ ਜਖਵਾਲੀ ਤੇ ਗੁਰਮੀਤ ਸਿੰਘ ਵੈਦਵਾਨ (ਮਿੰਠੂ ਮੌਲੀ), ਗੁਰਿੰਦਰ ਸਿੰਘ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ, ਕਲੱਬ ਪ੍ਰਧਾਨ ਹਰਿੰਦਰ ਸਿੰਘ ਖਰੌੜ ਆਦਿ ਹਾਜ਼ਰ ਸਨ।

## ਬਿਜਲੀ ਮੁਲਾਜ਼ਮਾਂ ਵੱਲੋਂ ਠੰਢੇ ਪਾਣੀ ਦੀ ਛਬੀਲ



ਮੂਣਕ (ਰਾਜਪਾਲ ਸਿੰਗਲਾ)-ਪੈ ਰਹੀ ਕੜਾਕੇ ਦੀ ਗਰਮੀ ਵਿੱਚ ਮਾਨਵਤਾ ਦੀ ਸੇਵਾ ਲਈ ਸ਼ਹਿਰ ਦੇ ਬਿਜਲੀ ਮੁਲਾਜ਼ਮਾਂ ਵੱਲੋਂ ਠੰਡੇ ਪਾਣੀ ਦੀ ਛਬੀਲ ਲਗਾਈ ਗਈ, ਜਿਸ ਵਿੱਚ ਆਮ ਲੋਕਾਂ ਦਾ ਭਰਵਾਂ ਸਹਿਯੋਗ ਰਿਹਾ।ਇਸ ਮੌਕੇ ਆਉਣ ਜਾਣ ਵਾਲੇ ਲੋਕਾਂ ਨੇ ਇਸ ਸੇਵਾ ਦੀ ਭਰਪੂਰ ਸ਼ਲਾਘਾ ਕੀਤੀ।ਇਸ ਦੇ ਨਾਲ ਹੀ ਪੱਤਰਕਾਰ ਰਾਜਪਾਲ ਸਿੰਗਲਾ ਤੇ ਬਲਵਿੰਦਰ ਸਿੰਘ ਦੇਹਲਾ ਅਤੇ ਭਰਪੂਰ ਸਿੰਘ ਸਲੇਮਗੜ੍ਹ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਦੇ ਠੰਡੇ ਜਲ ਦੀ ਛਬੀਲ ਲਗਾਉਣ ਨਾਲ ਸਾਨੂੰ ਇੱਕ ਪ੍ਰਣ ਵੀ ਕਰ ਲੈਣਾ ਚਾਹੀਦਾ ਹੈ ਕਿ ਜਿਹੜੇ ਬੇਜ਼ੁਬਾਨ ਪਸ਼ੂ ਪੰਛੀ ਹਨ, ਜੋ ਕਿਸੇ ਤੋਂ ਬੋਲ ਕੇ ਵੀ ਮੰਗ ਨਹੀਂ ਸਕਦੇ, ਉਨ੍ਹਾਂ ਲਈ ਵੀ ਇਸ ਪੈ ਰਹੀ ਕੜਾਕੇ ਦੀ ਗਰਮੀ ਵਿੱਚ ਜਗ੍ਹਾ ਜਗ੍ਹਾ ਤੇ ਜਾਂ ਫਿਰ ਘਰਾਂ ਦੀਆਂ ਛੱਤਾਂ 'ਤੇ ਮਿੱਟੀ ਦੇ ਭਾਂਡਿਆਂ ਵਿੱਚ ਪਾਣੀ ਰੱਖਿਆ ਜਾਵੇ। ਇਸ ਮੌਕੇ ਬਿੱਟੂ ਸਿੰਘ ਦੇਲਾ, ਹਰਦੀਪ ਸਿੰਘ ਦੇਲਾ, ਜੀਵਨ ਸਿੰਘ ਲੇਹਲਾਂ, ਭੁਪਿੰਦਰ ਸਿੰਘ, ਕਾਕਾ ਸ਼ਰਮਾ ਸਲੇਮਗੜ੍ਹ, ਗੋਲਡੀ ਦੇਲਾ, ਬਲਵਿੰਦਰ ਭੁੱਲਣ, ਜੀਤ ਲੇਹਲਾਂ, ਜਗਸੀਰ ਸਿੰਘ ਸਲੇਮਗੜ੍ਹ, ਮਾਨਾ ਰਾਜਲਹੇੜੀ, ਰਾਮਦੀਆ ਬੁਸਹਿਰਾ ਤੇ ਬਲਵਿੰਦਰ ਸਿੰਘ ਭੁੱਲਣ ਹਾਜ਼ਰ ਸਨ।

## ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਦਾ ਕਰਾਈਵਾਲਾ 'ਚ ਸਮਾਪਤੀ ਸਮਾਰੋਹ



ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਕ੍ਰਿਸ਼ੀ ਵਿਗਿਆਨ ਕੇਂਦਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਆਤਮਾ ਤੇ ਕਰਿਭਕੋ ਦੇ ਸਹਿਯੋਗ ਨਾਲ ਸ਼ੁਰੂ ਕੀਤੇ ਗਏ 12 ਦਿਨਾਂ 'ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ' ਦਾ ਸਮਾਪਤੀ ਸਮਾਰੋਹ ਪਿੰਡ ਕਰਾਈਵਾਲਾ ਵਿਖੇ ਕੀਤਾ ਗਿਆ। ਇਸ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ ਸ੍ਰੀ ਮੁਕਤਸਰ ਸਾਹਿਬ ਦੇ ਸਹਿਯੋਗੀ ਨਿਰਦੇਸ਼ਕ (ਸਿਖਲਾਈ), ਡਾ. ਕਰਮਜੀਤ ਸ਼ਰਮਾ ਨੇ ਇਸ ਸਮਾਰੋਹ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਇਸ ਅਭਿਆਨ ਦੌਰਾਨ 100 ਤੋਂ ਵੱਧ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨਾਲ ਸੰਪਰਕ ਕੀਤਾ ਗਿਆ ਤੇ ਉਨ੍ਹਾਂ ਨੂੰ ਆਧੁਨਿਕ, ਜੈਵਿਕ ਤੇ ਸਥਿਰ ਖੇਤੀ ਤਰੀਕਿਆਂ ਬਾਰੇ ਜਾਣੂੰ ਕਰਵਾਇਆ ਗਿਆ, ਜੋ ਕਿ ਆਉਣ ਵਾਲੇ ਸਮੇਂ ਵਿੱਚ ਮੌਸਮੀ ਤਬਦੀਲੀਆਂ ਤੇ ਪਾਣੀ ਦੀ ਘਾਟ ਵਰਗੀਆਂ ਚੁਣੌਤੀਆਂ ਨਾਲ ਨਜਿੱਠਣ ਵਿੱਚ ਸਹਾਇਕ ਸਾਬਿਤ ਹੋਣਗੇ। ਇਸ ਅਭਿਆਨ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ ਦੇ ਵਿਗਿਆਨੀਆਂ ਨੇ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਦੀ ਸੁਚੱਜੀ ਕਾਸ਼ਤ, ਝੋਨੇ/ਬਾਸਮਤੀ ਦੀ ਸਿੱਧੀ ਬਿਜਾਈ, ਨਰਮੇ ਦੀ ਗੁਲਾਬੀ ਸੁੰਡੀ ਦੀ ਅਗੇਤੀ ਰੋਕਥਾਮ, ਮਿੱਟੀ ਤੇ ਪਾਣੀ ਪਰਖ ਦੀ ਮਹੱਤਤਾ, ਫ਼ਸਲਾਂ ਦੀ ਸਫ਼ਲ ਕਾਸ਼ਤ ਲਈ ਮਿੱਟੀ ਪਰਖ ਦੇ ਅਧਾਰ 'ਤੇ ਖਾਦਾਂ ਦੀ ਵਰਤੋਂ ਕਰਨ ਤੇ ਆਰਥਿਕ ਹਾਲਤ ਨੂੰ ਮਜ਼ਬੂਤ ਕਰਨ ਲਈ ਖੇਤੀ ਸਹਾਇਕ ਧੰਦੇ ਅਪਣਾਉਣ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਅਭਿਆਨ ਦੇ ਅਖ਼ੀਰਲੇ ਦਿਨ ਵੀ ਪਿੰਡ ਜੰਡਵਾਲਾ, ਕਟੋਰੇਵਾਲਾ, ਕੋਟਲੀ ਸੰਘਰ, ਹਰਾਜ, ਦੌਲਾ, ਫੱਤਾਕੇਰਾ ਤੇ ਕੋਠੇ ਦਸਮੇਸ਼ ਨਗਰ ਵਿਖੇ ਜਾਗਰੂਕਤਾ ਕੈਂਪ ਲਗਾਏ ਗਏ, ਜਿਨ੍ਹਾਂ ਵਿੱਚ ਕਿਸਾਨਾਂ ਨੂੰ ਫ਼ਸਲੀ ਵਿਭਿੰਨਤਾ ਅਪਣਾਉਣ, ਸੁਚੱਜੇ ਢੰਗ ਨਾਲ ਕੁਦਰਤੀ ਸਰੋਤਾਂ ਦੀ ਵਰਤੋਂ ਕਰਨ ਤੇ ਖੇਤੀ ਸਾਹਿਤ ਪੜ੍ਹਨ ਲਈ ਪ੍ਰੇਰਿਤ ਕੀਤਾ ਗਿਆ। ਕਿਸਾਨਾਂ ਵੱਲੋਂ ਖੇਤੀ ਮਸਲਿਆਂ ਸਬੰਧੀ ਕੀਤੇ ਗਏ ਸਵਾਲਾਂ ਦੇ ਜਵਾਬ ਦਿੱਤੇ ਗਏ।

## ਠੰਢੇ-ਮਿੱਠੇ ਜਲ ਦੀ ਛਬੀਲ ਲਾਈ



ਸ਼ੇਰਪੁਰ (ਰਵੀ ਟਿੱਬਾ)-ਬਰਨਾਲਾ ਰੋਡ ਨੇੜੇ ਸ਼ਹੀਦ ਗੁਰਪ੍ਰੀਤ ਸਿੰਘ ਰਾਜੂ ਬਸ ਸਟੈਂਡ, ਗੁਰੂ ਨਾਨਕ ਦੇਵ, ਮਹਿੰਦਰਾ ਪਿਕਅਪ ਟਾਟਾ ਐਸ ਅਤੇ ਥ੍ਰੀ ਵੀਲਰਜ ਡਰਾਇਵਰਜ ਐਸੋਸੀਏਸ਼ਨ ਯੂਨੀਅਨ ਵੱਲੋਂ ਨਵੇਂ ਪ੍ਰਧਾਨ ਦੀ ਚੋਣ ਕੀਤੀ ਗਈ। ਇਸ ਮੌਕੇ ਠੰਡੇ-ਮਿੱਠੇ ਪਾਣੀ ਤੇ ਜਲ ਜੀਰੇ ਦੀ ਛਬੀਲ ਲਾਈ ਗਈ। ਸੈਕਟਰੀ ਮੁਹੰਮਦ ਰਜਾਕ ਨੇ ਦੱਸਿਆ ਸਮੂਹ ਸਟਾਫ਼ ਯੂਨੀਅਨ ਵੱਲੋਂ ਤੇ ਦੁਕਾਨਦਾਰ ਭਰਾਵਾਂ ਵੱਲੋਂ ਅੱਤ ਦੀ ਗਰਮੀ ਨੂੰ ਦੇਖਦੇ ਹੋਏ ਲੋਕਾਂ ਨੂੰ ਗਰਮੀ ਤੋਂ ਰਾਹਤ ਦਿਵਾਉਣ ਦੇ ਲਈ ਠੰਡੇ-ਮਿੱਠੇ ਪਾਣੀ ਦੀ ਸਵੀਲ ਲਾਈ ਗਈ। ਇਸ ਮੌਕੇ ਪੁਲਸ ਪ੍ਰਸ਼ਾਸਨ ਵੱਲੋਂ ਇਮਾਨਦਾਰੀ ਅਤੇ ਤਨਦੇਹੀ ਨਾਲ ਡਿਊਟੀ ਨਿਭਾ ਰਹੇ ਗੁਰਮੇਲ ਸਿੰਘ ਕਮਾਂਡੋ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ।

## ਸੁਪਰੀਮ ਇੰਟਰਨੈਸ਼ਨਲ ਸਕੂਲ ਦੀ ਵਿਦਿਆਰਥਣ ਕੇਤਕੀ ਨੇ ਮਾਰੀ ਬਾਜ਼ੀ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਸੁਪਰੀਮ ਇੰਟਰਨੈਸ਼ਨਲ ਸਕੂਲਦੀ ਹੋਣਹਾਰ ਵਿਦਿਆਰਥਣ ਕੇਤਕੀ ਨੇ ਪੂਰੇ ਪੰਜਾਬ 'ਚੋਂ ਓਲੰਪੀਆਡ ਦੇ ਪੇਪਰ 'ਚ ਪਹਿਲਾ ਸਥਾਨ ਹਾਸਲ ਕਰਕੇ ਇੱਕ ਵਾਰ ਫਿਰ ਆਪਣੇ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਸੰਸਥਾ ਦੇ ਪ੍ਰਿੰਸੀਪਲ ਸ਼ਿਆਮਾ ਨਾਇਰ ਨੇ ਦੱਸਿਆ ਕਿ ਇਹ ਵਿਦਿਆਰਥਣ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਹਰ ਵਾਰ ਪਹਿਲਾਂ ਸਥਾਨ ਹਾਸਲ ਕਰ ਰਹੀ ਹੈ, ਜੋ ਇਸ ਸੰਸਥਾ ਲਈ ਵੱਡੇ ਮਾਣ ਵਾਲੀ ਗੱਲ ਹੈ। ਇਸ ਵਿਦਿਆਰਥਣ ਨੇ ਇੰਟਰਨੈਸ਼ਨਲ ਓਲੰਪੀਆਡ ਦੇ ਪੇਪਰ ਅੰਗਰੇਜ਼ੀ ਵਿੱਚੋਂ ਗੋਲਡ ਮੈਡਲ ਤੇ ਸਾਇੰਸ 'ਚੋਂ ਸਿਲਵਰ ਮੈਡਲ ਹਾਸਲ ਕੀਤਾ ਹੈ। ਸੰਸਥਾ ਦੇ ਮੁਖੀ ਡਾ. ਚਰਨ ਸਿੰਘ, ਚੇਅਰਮੈਨ ਸ੍ਰੀ ਯੋਗਿੰਦਰ ਸ਼ਰਮਾ, ਡਾਇਰੈਕਟਰ ਸ੍ਰੀ ਮੋਹਨੀਸ ਮਿਸਾ ਤੇ ਪ੍ਰਿੰਸੀਪਲ ਸ਼ਿਆਮਾ ਨਾਇਰ ਨੇ ਵਿਦਿਆਰਥਣ ਅਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਇਸ ਤੋਂ ਸੇਧ ਲੈ ਕੇ ਹੋਰ ਵਿਦਿਆਰਥੀਆਂ ਨੂੰ ਵੀ ਵਿੱਦਿਆ, ਖੇਡਾਂ ਦੇ ਖੇਤਰ 'ਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਲਈ ਉਤਸ਼ਾਹਤ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਇਮਤਿਹਾਨਾਂ ਨਾਲ ਹੀ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੁੰਦਾ ਹੈ।

## ਅੱਖਾਂ ਦਾਨ ਕੈਂਪ ਸਫ਼ਲਤਾ ਨਾਲ ਹੋਇਆ ਸੰਪੰਨ



ਸਰਹੰਦ ਮੰਡੀ (ਪ੍ਰਮੋਦ ਭਾਰਦਵਾਜ)-ਵਿਸ਼ਵ ਜਾਗ੍ਰਿਤੀ ਮਿਸ਼ਨ ਸਰਹਿੰਦ ਦੇ ਪ੍ਰੋਜੈਕਟ ਇੰਚਾਰਜ ਸ੍ਰੀ ਵਿਨੈ ਗੁਪਤਾ ਤੇ ਸ੍ਰੀ ਜਗਦੀਸ਼ ਵਰਮਾ ਦੇ ਵਿਸ਼ੇਸ਼ ਯਤਨਾਂ ਨਾਲ ਸ੍ਰੀ ਮੋਹਨ ਲਾਲ ਧੀਮਾਨ ਦਾ ਅੱਖਾਂ ਦਾਨ ਕੈਂਪ ਪੀ.ਜੀ.ਆਈ. ਚੰਡੀਗੜ੍ਹ ਦੀ ਡਾਕਟਰਾਂ ਦੀ ਟੀਮ ਵੱਲੋਂ ਸਫਲਤਾ ਨਾਲ ਕਰਾਇਆ ਗਿਆ। ਵਿਸ਼ਵ ਜਾਗ੍ਰਿਤੀ ਮਿਸ਼ਨ ਵੱਲੋਂ ਸ੍ਰੀ ਮੋਹਨ ਲਾਲ ਧੀਮਾਨ ਦੇ ਪੁੱਤਰਾਂ ਸ੍ਰੀ ਮੁਕੇਸ਼ ਧੀਮਾਨ ਤੇ ਸ੍ਰੀ ਸੁਰੇਂਦਰ ਧੀਮਾਨ ਦਾ ਇਸ ਪੁੰਨ ਕੰਮ ਵਿੱਚ ਸਹਿਯੋਗ ਦੇਣ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਨਾਲ ਹੀ ਪਰਵਾਰ ਦੇ ਹੋਰ ਮੈਂਬਰਾਂ ਤੇ ਮਿੱਤਰਾਂ ਪਰਵੀਨ, ਅੰਕਿਤ ਬੰਸਲ, ਰਵਿੰਦਰ ਦੇਵਗਨ, ਯਾਦਵ ਕੁਮਾਰ ਤੇ ਸੁਖਵੀਰ ਸਿੰਘ ਦਾ ਵੀ ਧੰਨਵਾਦ ਕੀਤਾ, ਜੋ ਉਥੇ ਮੌਜੂਦ ਸਨ। ਸ੍ਰੀ ਮੋਹਨ ਲਾਲ ਧੀਮਾਨ ਦਾ ਭੋਗ ਤੇ ਅੰਤਮ ਅਰਦਾਸ 21 ਜੂਨ ਨੂੰ ਰਾਣਾ ਹੈਰੀਟੇਜ, ਸਰਹਿੰਦ, ਫ਼ਤਿਹਗੜ੍ਹ ਸਾਹਿਬ ਵਿਖੇ ਦੁਪਹਿਰ 1 ਵਜੇ ਤੋਂ 2 ਵਜੇ ਤੱਕ ਕਰਾਈ ਜਾਵੇਗੀ।

# ਦੀਵਾਨ ਟੋਡਰ ਮੱਲ ਹਵੇਲੀ ਦੀ ਪੁਰਾਤਨ ਦਿੱਖ ਨੂੰ ਬਹਾਲ ਕਰਨ ਦਾ ਕੰਮ 30 ਫੀਸਦੀ ਮੁਕੰਮਲ : ਸੰਧਵਾਂ

■ ਦੀਵਾਨ ਟੋਡਰ ਮੱਲ ਹੈਰੀਟੇਜ ਫਾਊਂਡੇਸ਼ਨ ਨਿਭਾਅ ਰਹੀ ਹੈ ਨਿਸ਼ਕਾਮ ਸੇਵਾ : ਸੌਂਦ ■ ਦੀਵਾਨ ਟੋਡਰ ਮੱਲ ਹੈਰੀਟੇਜ ਫਾਊਂਡੇਸ਼ਨ ਦੇ ਅਹੁਦੇਦਾਰਾਂ ਨਾਲ ਸਮੀਖਿਆ ਮੀਟਿੰਗ



ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਇਤਿਹਾਸਕ ਦੀਵਾਨ ਟੋਡਰ ਮੱਲ ਹਵੇਲੀ ਦੀ ਪੁਰਾਤਨ ਦਿੱਖ ਨੂੰ ਬਹਾਲ ਕਰਨ ਲਈ ਦੀਵਾਨ ਟੋਡਰ ਮੱਲ ਹੈਰੀਟੇਜ ਫਾਊਂਡੇਸ਼ਨ ਵੱਲੋਂ ਕਰਵਾਏ ਜਾ ਰਹੇ ਨਿਰਮਾਣ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਤੇ ਭਵਿੱਖ ਦੀ ਯੋਜਨਾਬੰਦੀ ਬਾਰੇ ਫਾਊਂਡੇਸ਼ਨ ਦੇ ਅਹੁਦੇਦਾਰਾਂ ਨਾਲ ਸਮੀਖਿਆ ਮੀਟਿੰਗ ਕੀਤੀ।ਇਸ ਮੌਕੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਤੇ ਗੁਰਦੇਵ ਸਿੰਘ ਦੇਵ ਮਾਨ ਮੌਜੂਦ ਸਨ।ਇਸ ਮੌਕੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ ਇਸ ਕੀਮਤੀ ਇਤਿਹਾਸਕ ਧਰੋਹਰ ਨੂੰ ਸੰਭਾਲਣ ਦੇ ਉਦਮ ਤਹਿਤ ਪਹਿਲੇ ਪੜਾਅ ਵਜੋਂ ਕਰੀਬ 30 ਫੀਸਦੀ ਨਿਰਮਾਣ ਕਾਰਜ ਮੁਕੰਮਲ ਹੋ ਚੁੱਕੇ ਹਨ ਤੇ ਤਕਨੀਕੀ ਮਾਹਿਰ ਹਰ ਇੱਕ ਪੱਖ ਤੋਂ ਆਪਣੀ ਨਿਗਰਾਨੀ ਹੇਠ ਕੰਮ ਕਰਵਾ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਸਾਂਝੀ ਤੇ ਮਹਾਨ ਵਿਰਾਸਤ ਦੀ ਦਿੱਖ ਦਿਨੋਂ ਦਿਨ ਖਰਾਬ ਹੋ ਰਹੀ ਸੀ, ਜਿਸ ਦੀ ਪੁਰਾਤਨ ਦਿੱਖ ਦੀ ਬਹਾਲੀ ਦੀ ਜ਼ਿੰਮੇਵਾਰੀ ਫਾਊਂਡੇਸ਼ਨ ਨੇ ਲੈ ਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੌਮ ਦੇ ਮਹਾਨ ਵਿਰਸੇ ਦੇ ਰੂਬਰੂ ਕਰਵਾਉਣ ਦਾ ਵਿਲੱਖਣ ਉਦਮ ਕੀਤਾ ਹੈ।ਸਪੀਕਰ ਸੰਧਵਾਂ ਨੇ ਕਿਹਾ ਕਿ ਦਸਮਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਫਤਹਿ ਸਿੰਘ ਤੇ ਬਾਬਾ ਜ਼ੋਰਾਵਰ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨਾਲ ਜੁੜੀ ਫ਼ਤਹਿਗੜ੍ਹ ਸਾਹਿਬ ਦੀ ਧਰਤੀ ਦਾ ਸਿੱਖ ਇਤਿਹਾਸ ਵਿੱਚ ਅਹਿਮ ਸਥਾਨ ਹੈ ਅਤੇ ਜਿਸ ਤਰ੍ਹਾਂ ਦੀਵਾਨ ਟੋਡਰ ਮੱਲ ਜੀ ਨੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਅੰਤਿਮ ਸੰਸਕਾਰ ਲਈ ਮੋਹਰਾਂ ਖੜ੍ਹੀਆਂ ਕਰਕੇ ਇਹ ਜਗ੍ਹਾ ਖਰੀਦੀ ਸੀ, ਉਸ ਨਾਲ ਇਹ ਧਰਤੀ ਦੁਨੀਆ ਦੀ ਸਭ ਤੋਂ ਮਹਿੰਗੀ ਧਰਤੀ ਬਣ ਗਈ ਹੈ।ਉਨ੍ਹਾਂ ਕਿਹਾ ਕਿ ਦੀਵਾਨ ਟੋਡਰ ਮੱਲ ਜੀ ਨੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੀ ਜੋ ਮਿਸਾਲ ਕਾਇਮ ਕੀਤੀ ਹੈ, ਉਹ ਬੇਮਿਸਾਲ ਹੈ।ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਸ਼ਹੀਦਾਂ ਦੀ ਇਸ ਮਹਾਨ ਧਰਤੀ 'ਤੇ ਸਥਿਤ ਇਤਿਹਾਸਕ ਦੀਵਾਨ ਟੋਡਰ ਮੱਲ ਹਵੇਲੀ ਦੇ ਨਿਰਮਾਣ ਦੀ ਨਿਸ਼ਕਾਮ ਸੇਵਾ ਕਰਕੇ ਦੀਵਾਨ ਟੋਡਰ ਮੱਲ ਹੈਰੀਟੇਜ ਫਾਊਂਡੇਸ਼ਨ ਵੱਲੋਂ ਨੌਜਵਾਨ ਪੀੜ੍ਹੀ ਲਈ ਇੱਕ ਅਨਮੋਲ ਵਿਰਸੇ ਨੂੰ ਸੰਭਾਲਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਫਾਊਂਡੇਸ਼ਨ ਪੂਰੇ ਤਨ, ਮਨ ਤੇ ਧਨ ਨਾਲ ਇਸ ਮਹਾਨ ਯਾਦਗਾਰ ਦੇ ਨਿਰਮਾਣ ਕਰਵਾ ਰਹੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਵੀ ਇਸ ਮਹੱਤਵਪੂਰਨ ਕਾਰਜ ਨੂੰ ਤਰਜੀਹ ਦੇ ਆਧਾਰ 'ਤੇ ਮੁਕੰਮਲ ਕਰਨ ਵਿੱਚ ਹਰ ਪੱਖੋਂ ਸਹਿਯੋਗ ਦਿੱਤਾ ਜਾ ਰਿਹਾ ਹੈ।ਇਸ ਮੌਕੇ ਸੰਸਥਾ ਦੇ ਪ੍ਰਧਾਨ ਲਖਵਿੰਦਰ ਸਿੰਘ ਕਾਨ੍ਹੇਕੇ ਨੇ ਦੱਸਿਆ ਕਿ ਫਾਊਂਡੇਸ਼ਨ ਵੱਲੋਂ ਦੀਵਾਨ ਟੋਡਰ ਮੱਲ ਹਵੇਲੀ ਨੂੰ ਪੁਰਾਤਨ ਦਿੱਖ ਪ੍ਰਦਾਨ ਕਰਨ ਲਈ ਤਿੰਨ ਪੜਾਵਾਂ ਵਿੱਚ ਕੰਮ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਤਿਹਾਸ ਦੀਆਂ ਮਹਾਨ ਸ਼ਖਸੀਅਤਾਂ ਦੀਆਂ ਪੁਰਾਤਨ ਵਿਰਾਸਤਾਂ ਨੂੰ ਸੰਭਾਲਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ। ਇਸ ਮੌਕੇ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਨੂੰ ਆਪਣੀ ਤਨਖਾਹ ਵਿੱਚੋਂ 11 ਲੱਖ ਰੁਪਏ ਦਾ ਚੈੱਕ ਵੀ ਭੇਟ ਕੀਤਾ।

# ਦੋ ਨੌਜਵਾਨਾਂ ਦੀ ਅਮਰੀਕਾ ਵਿਖੇ ਸੜਕ ਹਾਦਸੇ 'ਚ ਮੌਤ





ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਦੇ ਨੌਜਵਾਨ ਦਿਲਪ੍ਰੀਤ ਸਿੰਘ (25) ਦੀ ਅਮਰੀਕਾ ਵਿਖੇ ਵਾਪਰੇ ਸੜਕ ਹਾਦਸੇ ਵਿਚ ਮੌਤ ਹੋ ਗਈ। ਸੁੰਦਰ ਨਗਰ ਦੇ ਰਹਿਣ ਵਾਲੇ ਕਰਨੈਲ ਸਿੰਘ ਕਾਲਾ ਦਾ ਸਪੁੱਤਰ ਦਿਲਪ੍ਰੀਤ ਸਿੰਘ ਕਰੀਬ ਢਾਈ ਸਾਲ ਪਹਿਲਾਂ ਆਪਣੇ ਸੁਨਹਿਰੀ ਭਵਿੱਖ ਲਈ ਅਮਰੀਕਾ ਦੇ ਫਰਿਜ਼ਨੋ ਸ਼ਹਿਰ ਗਿਆ ਸੀ।

ਦਿਲਪ੍ਰੀਤ ਸਿੰਘ ਉੱਥੇ ਟਰਾਲਾ ਚਲਾਉਣ ਦਾ ਕੰਮ ਕਰਦਾ ਸੀ ਤੇ ਲੰਘੀ 28 ਅਪ੍ਰੈਲ ਨੂੰ ਉਹ ਆਪਣਾ ਟਰਾਲਾ ਲੈ ਕੇ ਇੰਟਰਸਟੇਟ-40 'ਤੇ ਪੂਰਬ ਦਿਸ਼ਾ ਵੱਲ ਜਾ ਰਿਹਾ ਸੀ ਕਿ ਉਸਦਾ ਵਾਹਨ ਸੰਤੁਲਨ ਗਵਾ ਬੈਠਾ। ਇਸ ਹਾਦਸੇ ਵਿੱਚ ਦਿਲਪ੍ਰੀਤ ਸਿੰਘ ਦਾ ਟਰਾਲਾ ਪਲਟ ਗਿਆ ਤੇ ਮੌਕੇ 'ਤੇ ਜਾ ਕੇ ਓਕਲਾਹੋਮਾ ਹਾਈਵੇਅ 'ਤੇ ਪੈਟਰੋਲ ਕਰ ਰਹੀ ਟੀਮ ਵੱਲੋਂ ਉਸ ਨੂੰ ਬਾਹਰ ਕੱਢਿਆ ਗਿਆ। ਹਸਪਤਾਲ ਵਿੱਚ ਦਿਲਪ੍ਰੀਤ ਸਿੰਘ ਦੀ ਮੌਤ ਹੋ ਗਈ।

ਨੌਜਵਾਨ ਦਿਲਪ੍ਰੀਤ ਸਿੰਘ ਦੀ ਮੌਤ ਤਾਂ 28 ਅਪ੍ਰੈਲ ਨੂੰ ਹੋ ਗਈ ਸੀ, ਪਰ ਉਸਦੇ ਪਿਤਾ ਨੇ ਆਪਣੀ ਪਤਨੀ ਨੂੰ ਨਹੀਂ ਦੱਸਿਆ ਕਿ ਉਨ੍ਹਾਂ ਦਾ ਨੌਜਵਾਨ ਪੁੱਤਰ ਜਹਾਨ ਤੋਂ ਤੁਰ ਗਿਆ ਹੈ। ਮ੍ਰਿਤਕ ਦਿਲਪ੍ਰੀਤ ਸਿੰਘ ਦੀ ਲਾਸ਼ 12 ਜੂਨ ਨੂੰ ਅੰਮ੍ਰਿਤਸਰ ਏਅਰਪੋਰਟ 'ਤੇ ਪਹੁੰਚੇਗੀ ਤਾਂ ਪਿਤਾ ਕਰਨੈਲ ਸਿੰਘ ਕਾਲਾ ਨੇ ਪਤਨੀ ਨੂੰ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਇਸ ਦੁਨੀਆ 'ਤੇ ਨਹੀਂ ਰਿਹਾ। ਮਾਂ ਨੂੰ ਜਦੋਂ ਆਪਣੇ ਨੌਜਵਾਨ ਪੁੱਤਰ ਦੀ ਮੌਤ ਬਾਰੇ ਪਤਾ ਲੱਗਾ ਤਾਂ ਉਸ ਉੱਪਰ ਦੁੱਖਾਂ ਦਾ ਕਹਿਰ ਟੁੱਟ ਗਿਆ ਤੇ ਉਸਦੀ ਹਾਲਤ ਵੀ ਖ਼ਰਾਬ ਹੋ ਗਈ। ਮ੍ਰਿਤਕ ਦਿਲਪ੍ਰੀਤ ਸਿੰਘ ਦਾ ਅੰਤਿਮ ਸਸਕਾਰ 12 ਜੂਨ ਨੂੰ ਸ਼ਾਮ 4 ਵਜੇ ਮਾਛੀਵਾੜਾ ਦੇ ਸਮਸ਼ਾਨ ਘਾਟ ਵਿਖੇ ਕੀਤਾ ਜਾਵੇਗਾ।

ਨੌਜਵਾਨ ਦਿਲਪ੍ਰੀਤ ਸਿੰਘ ਦੀ ਮੌਤ ਨਾਲ ਜਿੱਥੇ ਪਰਵਾਰ ਡੂੰਘੇ ਸਦਮੇ ਵਿੱਚ ਹੈ, ਉੱਥੇ ਇਲਾਕੇ ਵਿੱਚ ਵੀ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਦਿਲਪ੍ਰੀਤ ਸਿੰਘ ਨਾਲ ਉਸਦਾ ਨੇੜਲੇ ਪਿੰਡ ਸਹਿਜੋ ਮਾਜਰਾ ਦਾ ਦੋਸਤ ਭੁਪਿੰਦਰ ਸਿੰਘ ਵੀ ਅਮਰੀਕਾ ਦੇ ਫਰਿਜ਼ਨੋ ਸ਼ਹਿਰ ਵਿਖੇ ਇਕੱਠੇ ਇੱਕੋ ਘਰ ਵਿਚ ਰਹਿੰਦੇ ਸਨ। ਦਿਲਪ੍ਰੀਤ ਸਿੰਘ ਦੀ ਮੌਤ 28 ਅਪ੍ਰੈਲ ਨੂੰ ਟਰਾਲਾ ਚਲਾਉਣ ਸਮੇਂ ਸੜਕ ਹਾਦਸੇ ਦੌਰਾਨ ਹੋ ਗਈ ਤੇ ਉਸ ਤੋਂ ਕੁਝ ਦਿਨ ਬਾਅਦ 17 ਮਈ ਨੂੰ ਉਸਦੇ ਦੋਸਤ ਭੁਪਿੰਦਰ ਸਿੰਘ ਦੀ ਮੌਤ ਵੀ ਟਰਾਲਾ ਚਲਾਉਣ ਸਮੇਂ ਵਾਪਰੇ ਸੜਕ ਹਾਦਸੇ ਵਿਚ ਹੋ ਗਈ।

# ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਸਾਬਕਾ ਸਰਪੰਚ ਰਾਜਿੰਦਰ ਸਿੰਘ ਨੂੰ ਸ਼ਰਧਾਂਜਲੀਆਂ



ਦੋਰਾਹਾ (ਹਰਮਿੰਦਰ ਸੇਠ)

ਨਗਰ ਕੌਂਸਲ ਦੋਰਾਹਾ ਦੇ ਸਾਬਕਾ ਪ੍ਰਧਾਨ ਚੇਅਰਮੈਨ ਬੰਤ ਸਿੰਘ ਦੋਬੁਰਜੀ ਦੇ ਵੱਡੇ ਭਰਾ ਸ. ਰਾਜਿੰਦਰ ਸਿੰਘ ਸਾਬਕਾ ਸਰਪੰਚ (ਦੋਬੁਰਜੀ), ਜੋ ਪਿਛਲੇ ਕੁਝ ਦਿਨ ਪਹਿਲਾਂ ਸੰਖੇਪ ਬਿਮਾਰੀ ਪਿੱਛੋਂ 1 ਜੂਨ ਨੂੰ ਸਦੀਵੀਂ ਵਿਛੋੜਾ ਦੇ ਗਏ ਸਨ, ਉਨ੍ਹਾਂ ਨਮਿੱਤ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਉਨ੍ਹਾ ਦੇ ਪਿੰਡ 12 ਤੋਂ 2 ਵਜੇ ਤੱਕ ਗੁਰਦੁਵਾਰਾ ਸ਼੍ਰੀ ਹੋਤੀ ਮਰਦਾਂ ਨੇੜੇ ਨਹਿਰ ਦਾ ਪੁੱਲ ਦੋਬੁਰਜੀ ਵਿਖੇ ਪਾਏ ਗਏ, ਜਿਸ 'ਚ ਇਲਾਕੇ ਦੀਆਂ ਸ਼ਖ਼ਸੀਅਤਾਂ ਤੇ ਆਮ ਲੋਕਾਂ ਨੇ ਪਹੁੰਚ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਉਪਰੰਤ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ।ਇਸ ਮੌਕੇ ਕਥਾਵਾਚਕਾਂ ਵੱਲੋਂ ਮਨੁੱਖ ਦੇ ਜੀਵਨ ਤੇ ਸਮਾਜ ਸਬੰਧੀ ਫਰਜ਼ਾਂ ਤੋਂ ਇਲਾਵਾ ਗੁਰਮਤਿ ਤੋਂ ਮਨੁੱਖੀ ਜ਼ਿੰਦਗੀ ਨੂੰ ਮਿਲਣ ਵਾਲੀ ਸੇਧ ਬਾਰੇ ਵਿਚਾਰ ਕੀਤੀ।ਇਸ ਮੌਕੇ ਵੱਖ ਵੱਖ ਸਮਾਜਿਕ, ਧਾਰਮਿਕ ਤੇ ਰਾਜਨੀਤਕ ਪਾਰਟੀਆਂ ਤੇ ਪੱਤਰਕਾਰ ਭਾਈਚਾਰੇ ਵੱਲੋਂ ਪਹੁੰਚ ਕੇ ਸ. ਰਾਜਿੰਦਰ ਸਿੰਘ ਦੋਬੁਰਜੀ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਸੋਗ ਸਭਾ ਵਿੱਚ ਉੱਘੇ ਪੱਤਰਕਾਰ ਸ. ਕੁਲਦੀਪ ਸਿੰਘ ਬਰਮਾਲੀਪੁਰ ਨੇ ਰਾਜਿੰਦਰ ਸਿੰਘ ਦੋਬੁਰਜੀ ਦੇ ਸੰਸਾਰਕ ਜੀਵਨ ਬਾਰੇ ਸੰਖੇਪ ਸ਼ਬਦਾਂ ਵਿੱਚ ਸੰਬੋਧਨ ਕਰਦੇ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਤੇ ਸਿਆਸਤਦਾਨਾਂ ਨੂੰ ਸ. ਰਾਜਿੰਦਰ ਸਿੰਘ ਦੇ ਜੀਵਨ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ, ਜੋ ਕਿ ਸਮਾਜ ਤੇ ਸਰਬਤ ਦੇ ਭਲੇ ਲਈ ਕੰਮ ਕਰਦੇ ਰਹੇ।

ਇਸ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਲੁਧਿਆਣਾ ਤੋਂ ਸੰਸਦ ਸ. ਅਮਰਿੰਦਰ ਸਿੰਘ ਰਾਜਾ ਵੜਿੰਗ ਸਾਬਕਾ ਕੇਂਦਰੀ ਮੰਤਰੀ ਮੁਨੀਸ਼ ਤਿਵਾੜੀ ਸਾਬਕਾ ਟ੍ਰਾਂਸਪੋਰਟ ਮੰਤਰੀ ਤੇਜ਼ ਪ੍ਰਕਾਸ਼ ਸਿੰਘ ਕੋਟਲੀ ਕੇਂਦਰੀ ਮੰਤਰੀ ਸ. ਰਵਨੀਤ ਸਿੰਘ ਬਿੱਟੂ, ਹਲਕਾ ਫ਼ਤਹਿਗੜ੍ਹ ਤੋਂ ਸੰਸਦ ਮੈਂਬਰ ਸ. ਅਮਰ ਸਿੰਘ, ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ, ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਹਲਕਾ ਸਮਰਾਲਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਪੰਥਕ ਲਹਿਰ ਮੁਖੀ ਭਾਈ ਰਣਜੀਤ ਸਿੰਘ ਖਾਲਸਾ, ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਹਰਪਾਲ ਸਿੰਘ ਜੱਲਾ, ਦੀਪੀ ਮਾਂਗਟ, ਬਲਜੀਤ ਮਾਂਗਟ ਤੋਂ ਇਲਾਵਾ ਸਿਕੰਦਰ ਸਿੰਘ ਝੱਜ, ਜੋਗਿੰਦਰ ਸਿੰਘ ਝੱਜ, ਭੁਪਿੰਦਰ ਸਿੰਘ ਗਿੱਲ, ਰੇਸ਼ਮ ਸਿੰਘ ਝੱਜ (ਪੁੱਤਰ), ਹਰਪ੍ਰੀਤ ਕੌਰ (ਧੀ), ਇੰਦਰਪਾਲ ਸਿੰਘ ਝੱਜ, ਦਲਜੀਤ ਝੱਜ ਤੇ ਸਮੂਹ ਝੱਜ ਪਰਵਾਰ ਹਾਜ਼ਰ ਸੀ।

# ਕੁਦਰਤੀ ਸਰੋਤਾਂ ਦੀ ਸੰਭਾਲ ਬਾਰੇ ਜਾਗਰੂਕਤਾ ਜ਼ਰੂਰੀ : ਮਹਿੰਦੀਰੱਤਾ



ਕੋਟਕਪੂਰਾ (ਰਛਪਾਲ ਭੁੱਲਰ)

ਵਾਤਾਵਰਣ ਦੀ ਸੰਭਾਲ, ਪਾਣੀ ਦੀ ਬੱਚਤ, ਡਿਸਪੋਜ਼ਲ ਰਹਿਤ ਸਮਾਜ ਦੀ ਸਿਰਜਣਾ ਤੇ ਸਿਹਤ ਜਾਗਰੂਕਤਾ ਲਈ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਵੱਲੋਂ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜ਼ਾ ਦੀ ਅਗਵਾਈ ਹੇਠ ਸੈਮੀਨਾਰ ਲਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਥਾਨਕ ਸਿੱਖਾਂਵਾਲਾ ਰੋਡ 'ਤੇ ਸਥਿੱਤ ਜ਼ੋਨਲ ਦਫਤਰ ਵਿਖੇ ਚੱਲ ਰਹੇ ਗਿਆਨ ਅੰਜਨੁ ਸਮਰ ਕੈਂਪ ਦੌਰਾਨ ਸੁਸਾਇਟੀ ਦੇ ਪ੍ਰੈੱਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਜਿੱਥੇ ਬੱਚਿਆਂ ਨੂੰ ਜਾਗਰੂਕਤਾ ਵਾਲੀਆਂ ਕਾਪੀਆਂ ਵੰਡੀਆਂ, ਉੱਥੇ ਵੱਧ ਤੋਂ ਵੱਧ ਬੂਟੇ ਲਾ ਕੇ ਵਾਤਾਵਰਣ ਦੀ ਸੰਭਾਲ ਕਰਨੀ ਕਿਉਂ ਜ਼ਰੂਰੀ, ਬਾਰੇ ਵੱਖ ਵੱਖ ਨੁਕਤਿਆਂ ਦੀ ਸਾਂਝ ਪਾਈ।ਇਸ ਮੌਕੇ ਉਨ੍ਹਾਂ ਨਾਲ ਓਮ ਪ੍ਰਕਾਸ਼ ਗੁਪਤਾ, ਕੁਲਬੀਰ ਸਿੰਘ ਮੱਕੜ ਤੇ ਗੌਰਵ ਗੁਪਤਾ ਵੀ ਹਾਜ਼ਰ ਸਨ।ਆਪਣੇ ਸੰਬੋਧਨ ਦੌਰਾਨ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਮੀਂਹ ਦੇ ਪਾਣੀ ਸਮੇਤ ਧਰਤੀ ਹੇਠਲੇ ਤੇ ਕੁਦਰਤੀ ਸਰੋਤਾਂ ਰਾਹੀਂ ਮਿਲਦੇ ਪਾਣੀ ਦੀ ਸੰਭਾਲ ਤੇ ਬੱਚਤ ਬਾਰੇ ਵੀ ਕਈ ਉਦਾਹਰਨਾਂ ਦਿੱਤੀਆਂ।ਉਨ੍ਹਾ ਧਰਤੀ ਹੇਠਲਾ ਪਾਣੀ, ਦਰਿਆ, ਜੰਗਲ, ਜਲਗਾਹਾਂ, ਹਵਾ, ਜਲਵਾਯੂ ਪਰਿਵਰਤਨ, ਸ਼ੋਰ ਪ੍ਰਦੂਸ਼ਣ, ਰੇਹਾਂ ਤੇ ਸਪਰੇਆਂ ਬਾਰੇ ਜਾਗਰੂਕ ਕਰਦਿਆਂ ਆਖਿਆ ਕਿ ਕਰੋਨਾ ਵਾਇਰਸ ਦੀ ਕਰੋਪੀ ਸੰਕਟ ਦੌਰਾਨ ਇਕ ਇਕ ਕਰੋੜ ਰੁਪਏ ਦਾ ਆਕਸੀਜ਼ਨ ਦਾ ਸਿਲੰਡਰ ਵਿਕਿਆ, ਜਿਸ ਨੂੰ ਕਰੋੜ ਰੁਪਿਆ ਖਰਚਣ ਦੇ ਬਾਵਜੂਦ ਆਕਸੀਜਨ ਦਾ ਸਿਲੰਡਰ ਨਾ ਮਿਲਿਆ, ਉਹ ਜਹਾਨੋਂ ਕੂਚ ਕਰ ਗਿਆ, ਜੇਕਰ ਅਸੀਂ ਫਿਰ ਵੀ ਰੁੱਖਾਂ ਦੀ ਮਹੱਤਤਾ ਪ੍ਰਤੀ ਜਾਗਰੂਕ ਨਾ ਹੋਏ ਤਾਂ ਇਹ ਸਾਡੀ ਬੇਵਕੂਫੀ ਹੈ।ਗੁਰਿੰਦਰ ਸਿੰਘ ਨੇ ਬਿਆਸ ਤੇ ਸਤਲੁਜ ਦਰਿਆਵਾਂ ਵਿੱਚ ਪੈ ਰਹੇ ਗੰਧਲੇ ਪਾਣੀ, ਜੰਗਲਾਂ ਦੀ ਕਟਾਈ, ਭਿਆਨਕ ਬਿਮਾਰੀਆਂ ਦੀ ਆਮਦ, ਵਿੱਦਿਅਕ ਅਦਾਰਿਆਂ ਨਾਲੋਂ ਜ਼ਿਆਦਾ ਹਸਪਤਾਲਾਂ ਤੇ ਮੈਡੀਕਲ ਦੀਆਂ ਦੁਕਾਨਾਂ ਦੀ ਤਾਦਾਦ ਵਰਗੀਆਂ ਅੰਕੜਿਆਂ ਸਹਿਤ ਦਲੀਲਾਂ ਨਾਲ ਉਦਾਹਰਣਾਂ ਦਿੰਦਿਆਂ ਸਮਝਾਇਆ ਕਿ ਜੇਕਰ ਅਸੀਂ ਅਜੇ ਵੀ ਨਾ ਸੰਭਲੇ ਅਰਥਾਤ ਵਾਤਾਵਰਣ ਦੀ ਸੰਭਾਲ ਨਾ ਕੀਤੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮਾਫ ਨਹੀਂ ਕਰਨਗੀਆਂ।ਇਸ ਮੌਕੇ ਉਪਰੋਕਤ ਤੋਂ ਇਲਾਵਾ ਡਾ. ਅਵੀਨਿੰਦਰਪਾਲ ਸਿੰਘ, ਮਾ. ਜਗਮੋਹਨ ਸਿੰਘ, ਡਾ. ਤਰਨਜੀਤ ਸਿੰਘ, ਪ੍ਰਭਪ੍ਰੀਤ ਸਿੰਘ ਸਮੇਤ ਹੋਰ ਵੀ ਸੇਵਾਦਾਰ ਤੇ ਪ੍ਰਚਾਰਕ ਵੀਰ ਹਾਜ਼ਰ ਸਨ।

## ਪੁਸਤਕ ਲੋਕ ਅਰਪਣ ਤੇ ਕਵੀ ਦਰਬਾਰ 15 ਨੂੰ



ਹਰਕਵੰਲ ਸਿੰਘ ਮੈਣੀ ਅਮਨਦੀਪ ਕੌਰ ਸਰਨਾ

ਲੁਧਿਆਣਾ (ਰੈਕਟਰ ਕਥੂਰੀਆ)-ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਜ਼ਿਲ੍ਹਾ ਲੁਧਿਆਣਾ ਦੇ ਨਾਲ 'ਅਦਾਰਾ ਪੰਜਾਬ ਸੋਚਦਾ' ਤੇ 'ਉਮਰਾਂ ਦੀ ਸਾਂਝ ਮੰਚ' ਵੱਲੋਂ ਪੁਸਤਕ ਲੋਕ ਅਰਪਣ ਤੇ ਕਵੀ ਦਰਬਾਰ ਕਰਵਾਇਆ ਜਾਵੇਗਾ, ਜਿਸ ਬਾਰੇ 'ਅਦਾਰਾ ਪੰਜਾਬ ਸੋਚਦਾ' ਦੇ ਮੁਖੀ ਪ੍ਰਗਟ ਸਿੰਘ ਗਿੱਲ ਬਾਗੀ (ਅਸਟ੍ਰੇਲੀਆ), 'ਉਮਰਾਂ ਦੀ ਸਾਂਝ ਮੰਚ' ਦੀ ਪ੍ਰਧਾਨ ਇੰਦਰਜੀਤ ਕੌਰ ਵਡਾਲਾ ਤੇ ਗੁਰਮੀਤ ਸਿੰਘ ਘਣਗਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬੀ ਭਵਨ ਲੁਧਿਆਣਾ ਵਿਖੇ 15 ਜੂਨ ਨੂੰ ਸਵੇਰੇ 9.30 ਵਜੇ ਕਰਵਾਏ ਜਾ ਰਹੇ ਸਮਾਗਮ ਦੀ ਪ੍ਰਧਾਨਗੀ ਉੱਘੇ ਲੇਖਕ ਤੇ ਫੋਟੋਗ੍ਰਾਫਰ ਜਨਮੇਜਾ ਸਿੰਘ ਜੌਹਲ, ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਡਾ. ਗੁਲਜ਼ਾਰ ਸਿੰਘ ਪੰਧੇਰ ਤੇ ਜਨਰਲ ਸਕੱਤਰ ਜਸਵੀਰ ਸਿੰਘ ਝੱਜ ਕਰਨਗੇ। ਇਸ ਸਮਾਗਮ ਵਿੱਚ ਗੁਰਮੀਤ ਸਿੰਘ ਘਣਗਸ ਤੇ ਸੁਖਜਿੰਦਰ ਸਿੰਘ ਭੰਗਚੜ੍ਹੀ ਦੁਆਰਾ ਸੰਪਾਦਿਤ, ਸੌ ਸ਼ਾਇਰਾਂ ਦਾ ਸਾਂਝਾ ਕਾਵਿ ਸੰਗ੍ਰਹਿ 'ਕਲਮਾਂ ਬੋਲਦੀਆਂ', ਹਰਕੰਵਲ ਸਿੰਘ ਮੈਣੀ (ਸਵਰਗੀ) ਦੀ ਪੁਸਤਕ 'ਯਾਦਾਂ ਦੀ ਪੈੜ' ਤੇ ਰਮਿੰਦਰ ਸਿਘ ਅੰਬਰਸਰੀ ਦੀ ਪੁਸਤਕ 'ਔਕਾਤ' ਲੋਕ ਅਰਪਣ ਕੀਤੀ ਜਾਵੇਗੀ। ਹਰਕੰਵਲ ਸਿੰਘ ਮੈਣੀ ਤੇ ਭੈਣ ਅਮਨਦੀਪ ਕੌਰ ਸਰਨਾ ਨੂੰ ਸਮਰਪਤ ਹਾਜ਼ਰ ਸ਼ਾਇਰਾਂ ਦਾ ਕਵੀ ਦਰਬਾਰ ਹੋਵੇਗਾ।

# ਸਲਾਈਟ ਲੌਂਗੋਵਾਲ ਅਧਿਕਾਰੀਆਂ ਨਾਲ ਕੀਤੀ ਸਾਂਝੀ ਮੀਟਿੰਗ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)

ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਵਿਖੇ ਪੰਜਾਬ ਪੁਲਸ ਅਧਿਕਾਰੀ ਹਰਵਿੰਦਰ ਸਿੰਘ ਖੈਰਾ ਡਿਪਟੀ ਸੁਪਰਡੈਂਟ ਆਫ਼ ਪੁਲਸ ਸੁਨਾਮ ਤੇ ਬਲਵੰਤ ਸਿੰਘ ਐਸ.ਐਚ.ਓ. ਲੌਂਗੋਵਾਲ ਤੇ ਡਾ. ਮਣੀਕਾਂਤ ਪਾਸਵਾਨ ਡਾਇਰੈਕਟਰ ਸਲਾਈਟ ਨਾਲ ਮੀਟਿੰਗ ਹੋਈ। ਇਹ ਮੀਟਿੰਗ ਨਸ਼ਾ ਮੁਕਤੀ ਅਭਿਆਨ ਦੀ ਸਾਂਝੀ ਮੁਹਿੰਮ ਦੀ ਸ਼ੁਰੂਆਤ ਲਈ ਕੀਤੀ ਗਈ, ਜੋ ਸਮਾਜ ਵਿੱਚ ਵਧ ਰਹੀ ਨਸ਼ੇ ਦੀ ਸਮੱਸਿਆ ਨੂੰ ਦੂਰ ਕਰਨ 'ਤੇ ਕੇਂਦਰਤ ਸੀ। ਇਸ ਚਰਚਾ ਦੌਰਾਨ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਵਿੱਦਿਅਕ ਸੰਸਥਾਵਾਂ ਸਮਾਜਿਕ ਜਾਗਰੂਕਤਾ ਤੇ ਨੌਜਵਾਨਾਂ ਵਿੱਚ ਵਿਹਾਰਕ ਬਦਲਾਅ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ। ਸਲਾਈਟ ਡਾਇਰੈਕਟਰ ਡਾ. ਮਣੀਕਾਂਤ ਪਾਸਵਾਨ ਨੇ ਸਮਾਜ ਭਲਾਈ ਪ੍ਰਤੀ ਸਲਾਈਟ ਦੀ ਵਚਨਬੱਧਤਾ ਨੂੰ ਦੁਹਰਾਇਆ ਤੇ ਵਿਦਿਆਰਥੀਆਂ, ਅਧਿਆਪਕਾਂ ਤੇ ਕਾਨੂੰਨ ਰੱਖਿਆ ਏਜੰਸੀ ਨੂੰ ਸ਼ਾਮਲ ਕਰਕੇ ਸਾਂਝੇ ਜਾਗਰੂਕਤਾ ਪ੍ਰੋਗਰਾਮ, ਵਰਕਸ਼ਾਪਾਂ, ਕਾਊਂਸਲਿੰਗ ਸੈਸ਼ਨਾਂ ਤੇ ਆਊਟਰੀਚ ਮੁਹਿੰਮਾਂ ਦੀ ਪੇਸ਼ਕਸ਼ ਕੀਤੀ। ਮੀਟਿੰਗ ਵਿੱਚ ਇਹ ਵੀ ਯੋਜਨਾ ਬਣਾਈ ਗਈ ਕਿ ਆਉਣ ਵਾਲੇ ਸਮੇਂ ਵਿੱਚ ਨਸ਼ਾ ਵਿਰੋਧੀ ਰੈਲੀਆਂ, ਜਾਗਰੂਕਤਾ ਕੈਂਪ, ਸਾਈਕਲ ਰੈਲੀਆਂ ਤੇ ਨੇੜਲੇ ਪਿੰਡਾਂ ਵਿੱਚ ਵਿਦਿਆਰਥੀ ਅੰਬੈਸਡਰ ਪ੍ਰੋਗਰਾਮ ਵਰਗੀਆਂ ਸਾਂਝੀਆਂ ਗਤੀਵਿਧੀਆਂ ਆਯੋਜਤ ਕੀਤੀਆਂ ਜਾਣ।

## 'ਡਾਕੂਆਂ ਦਾ ਮੁੰਡਾ 3' ਦੀ ਟੀਮ ਰਾਜਪਾਲ ਸਿਨੇਮਾ ਪੁੱਜੀ



ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ੍ਰੀ ਮੁਕਤਸਰ ਸਾਹਿਬ ਦੇ ਮਲੋਟ ਰੋਡ 'ਤੇ ਪਿਛਲੇ 50 ਸਾਲ ਤੋਂ ਚੱਲ ਰਹੇ ਰਾਜਪਾਲ ਸਿਨੇਮਾ ਵਿਖੇ 'ਡਾਕੂਆਂ ਦਾ ਮੁੰਡਾ 3' ਪੰਜਾਬੀ ਫਿਲਮ ਦੀ ਟੀਮ ਪੁੱਜੀ, ਜਿਨ੍ਹਾਂ ਦਾ ਸਵਾਗਤ ਕਰਦਿਆਂ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਤੇ ਮਨਜੀਤ ਸਿੰਘ ਫੱਤਣਵਾਲਾ ਵੱਲੋਂ ਕੀਤਾ ਗਿਆ। ਹਨੀ ਫੱਤਣਵਾਲਾ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਪੰਜਾਬੀ ਫ਼ਿਲਮ 'ਡਾਕੂਆਂ ਦਾ ਮੁੰਡਾ 3' ਰਿਲੀਜ਼ ਹੋਣ ਜਾ ਰਹੀ ਹੈ, ਜਿਸਦਾ ਹੀਰੋ ਦੇਵ ਖਰੌੜ ਹੈ, ਜਿਸਨੇ ਆਪਣੀ ਮਿਹਨਤ ਨਾਲ ਬੜੀ ਤਰੱਕੀ ਕੀਤੀ ਤੇ ਪੰਜਾਬੀ ਇੰਡਸਟਰੀ ਨੂੰ ਬਹੁਤ ਸੋਹਣੀਆਂ ਫ਼ਿਲਮਾਂ ਦਿੱਤੀਆਂ। ਆਪਣੀ ਆਉਣ ਵਾਲੀ ਫ਼ਿਲਮ ਦਾ ਜ਼ਿਕਰ ਕਰਦਿਆਂ ਦੇਵ ਖਰੌੜ ਨੇ ਸਭ ਤੋਂ ਪਹਿਲਾ ਮਨਜੀਤ ਸਿੰਘ ਫੱਤਣਵਾਲਾ ਤੇ ਹਨੀ ਫੱਤਣਵਾਲਾ ਦਾ ਦਿਲੋਂ ਧੰਨਵਾਦ ਕਰਦਿਆ ਕਿਹਾ ਕਿ ਜਦੋਂ ਤੱਕ ਅਜਿਹੇ ਭਰਾ ਨਾਲ ਖੜੇ ਹਨ ਤਾਂ ਪੰਜਾਬੀ ਇੰਡਸਟਰੀ ਦੀ ਪੂਰੀ ਸਪੋਟਰ ਹੈ। ਉਨ੍ਹਾਂ ਕਿਹਾ ਕਿ ਮੈਂ ਪੰਜਾਬੀ ਇੰਡਸਟਰੀ ਵਿੱਚ 20-22 ਫ਼ਿਲਮਾਂ ਕਰ ਚੁੱਕਾ ਹਾਂ। ਆਉਣ ਫ਼ਿਲਮ ਦਾ ਮੁੱਖ ਮਕਸਦ ਜਿਵੇਂ ਸਾਡੇ ਪੰਜਾਬ ਵਿੱਚ ਬੁਰਾਈਆਂ ਚੱਲ ਰਹੀਆਂ ਹਨ, ਨੌਜਵਾਨ ਗ਼ਲਤ ਰਸਤੇ ਪੈਂਦੇ ਹਨ। ਇਹ ਫ਼ਿਲਮ ਉਨ੍ਹਾਂ ਵਿਰੁੱਧ ਹੈ, ਜੋ ਗ਼ਲਤ ਅਨਸਰਾਂ ਦੀ ਸਪੋਰਟ ਕਰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਫ਼ਿਲਮਾਂ ਦੀ ਸਮਾਜ ਨੂੰ ਜ਼ਰੂਰਤ ਹੈ, ਜੋ ਸਾਡੇ ਆਲੇ-ਦੁਆਲੇ ਬੁਰਾਈਆਂ ਹੋ ਰਹੀਆਂ ਨੇ। ਇਸ ਮੌਕੇ ਕਬੀਰ ਦੁਹਾਣ ਸਿੰਘ, ਵਿਕਾਸ ਕਲਸੀ, ਰਾਜਾ ਸਿੰਘ ਤੇ ਫਿਲਮ ਦੀ ਪ੍ਰੋਡਕਸ਼ਨ ਟੀਮ ਮੌਜੂਦ ਸੀ।

## ਈ ਰਿਕਸ਼ਾ ਮਜ਼ਦੂਰ ਸੰਘ ਨੇ ਗੁਰਪ੍ਰੀਤ ਸਿੰਘ ਨੂੰ ਡੀ ਐੱਸ ਪੀ ਬਣਨ 'ਤੇ ਕੀਤਾ ਸਨਮਾਨਤ



ਮੋਗਾ (ਇਕਬਾਲ ਸਿੰਘ ਖਹਿਰਾ)-ਇੱਥੇ ਲੁਧਿਆਣਾ ਰੋਡ 'ਤੇ ਸਥਿਤ ਸ਼ਹੀਦ ਭਗਤ ਸਿੰਘ ਮਾਰਕੀਟ ਨੇੜੇ ਈ ਰਿਕਸ਼ਾ ਸਟੈਂਡ 'ਤੇ ਈ ਰਿਕਸ਼ਾ ਮਜ਼ਦੂਰ ਸੰਘ ਨੇ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਤੇ ਜਨਰਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਹਾਲ ਹੀ ਵਿੱਚ ਥਾਣਾ ਸਿਟੀ ਮੋਗਾ ਦੇ ਐੱਸ ਐੱਚ ਓ ਇੰਸਪੈਕਟਰ ਗੁਰਪ੍ਰੀਤ ਸਿੰਘ ਦੇ ਡੀ ਐੱਸ ਪੀ ਬਣਨ 'ਤੇ ਉਨ੍ਹਾਂ ਨੂੰ ਦੋਸ਼ਾਲਾ ਪਹਿਨਾ ਕੇ ਤੇ ਫੁੱਲਾਂ ਦਾ ਬੁੱਕਾ ਦੇ ਕੇ ਸਨਮਾਨਤ ਕੀਤਾ ਅਤੇ ਮੈਂਬਰਾਂ ਨੇ ਲੱਡੂ ਵੰਡੇ ਅਤੇ ਡੀ ਐੱਸ ਪੀ ਬਣੇ ਗੁਰਪ੍ਰੀਤ ਸਿੰਘ ਦਾ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਗੁਰਪ੍ਰੀਤ ਸਿੰਘ ਨੂੰ ਮੋਗਾ ਜ਼ਿਲ੍ਹਾ ਦੇ ਪੁਲਸ ਪ੍ਰਸ਼ਾਸਨ ਵਿੱਚ ਇੱਕ ਲੋਕਪ੍ਰਿਯ ਐੱਸ ਐੱਚ ਓ ਹੋਣ ਦਾ ਮਾਨ ਪ੍ਰਾਪਤ ਹੈ। ਧੀਰ ਨੇ ਕਿਹਾ ਕਿ ਜਿੱਥੇ ਗੁਰਪ੍ਰੀਤ ਸਿੰਘ ਆਪਣੀ ਡਿਊਟੀ ਪ੍ਰਤੀ ਇਮਾਨਦਾਰ ਰਹੇ ਹਨ, ਉੱਥੇ ਆਮ ਜਨਤਾ ਨਾਲ ਵੀ ਦੋਸਤਾਨਾ ਵਿਵਹਾਰ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਿੱਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਖਜ਼ਾਨਚੀ ਸਤਨਾਮ ਸਿੰਘ ਚੜਿੱਕ, ਸਲਾਹਕਾਰ ਗੁਰਮੇਲ ਸਿੰਘ, ਐੱਲ ਪੀ ਜੀ ਗੈਸ ਸਪਲਾਈ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਮ ਬਚਨ ਰਾਓ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਜਨਰਲ ਸਕੱਤਰ ਮੇਜਰ ਸਿੰਘ ਲੰਡੇ ਕੇ, ਮਿਉਂਸਪਲ ਇੰਪਲਾਈਜ਼ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਮਦਨ ਲਾਲ ਬੋਹਤ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਕਰਨਲ ਬਾਠ ਦੀ ਪਤਨੀ ਵੱਲੋਂ ਰਾਜਪਾਲ ਨਾਲ ਮੁਲਾਕਾਤ

ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਪਟਿਆਲਾ ਵਿੱਚ ਕਰਨਲ ਪੁਸ਼ਪਿੰਦਰ ਬਾਠ 'ਤੇ ਹੋਏ ਹਮਲੇ ਸਬੰਧੀ ਉਨ੍ਹਾਂ ਦੀ ਪਤਨੀ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮਿਲੀ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਮਾਮਲੇ ਵਿੱਚ ਢੁੱਕਵੀਂ ਕਾਰਵਾਈ ਨਹੀਂ ਕੀਤੀ ਜਾ ਰਹੀ। ਚਾਰ ਨਾਮਜ਼ਦ ਪੁਲਿਸ ਮੁਲਾਜ਼ਮਾਂ ਨੂੰ ਅਜੇ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਉਨ੍ਹਾਂ ਰਾਜਪਾਲ ਤੋਂ ਮੰਗ ਕੀਤੀ ਹੈ ਕਿ ਚਾਰਾਂ ਮੁਲਜ਼ਮਾਂ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਜਾਣ, ਉਨ੍ਹਾਂ ਨੂੰ ਪੀ.ਓ (ਭਗੌੜਾ) ਐਲਾਨਿਆ ਜਾਵੇ, ਮੇਰਾ ਬਿਆਨ ਦਰਜ ਕੀਤਾ ਜਾਵੇ ਅਤੇ ਮਾਮਲੇ ਦੀ ਜਾਂਚ ਚਾਰ ਮਹੀਨਿਆਂ ਵਿੱਚ ਪੂਰੀ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਐਸਆਈਟੀ ਦੋ ਦਿਨ ਪਹਿਲਾਂ ਉਸ ਢਾਬੇ 'ਤੇ ਪਹੁੰਚੀ ਜਿੱਥੇ ਕਰਨਲ 'ਤੇ ਹਮਲਾ ਹੋਇਆ ਸੀ। ਇਸ ਦੌਰਾਨ ਐਸਆਈਟੀ ਮੈਂਬਰਾਂ ਨੇ ਢਾਬੇ ਦੇ ਕੁਮਚਾਰੀਆਂ ਅਤੇ ਹੋਰ ਲੋਕਾਂ ਤੋਂ ਵੀ ਪੁੱਛਗਿੱਛ ਕੀਤੀ। ਇਸ ਦੌਰਾਨ ਕਰਨਲ ਦੇ ਪਰਵਾਰਕ ਮੈਂਬਰ ਵੀ ਮੌਜੂਦ ਸਨ। ਐਸਆਈਟੀ ਹਰ ਤੱਥ ਨੂੰ ਬਾਰੀਕੀ ਨਾਲ ਇਕੱਠਾ ਕਰ ਰਹੀ ਹੈ ਤਾਂ ਜੁ ਬਾਅਦ ਵਿੱਚ ਕੋਈ ਸਮੱਸਿਆ ਨਾ ਆਵੇ। ਹਾਈਕੋਰਟ ਨੇ ਐਸਆਈਟੀ ਨੂੰ ਅਗਸਤ ਮਹੀਨੇ ਤੱਕ ਜਾਂਚ ਪੂਰੀ ਕਰਨ ਦੇ ਹੁਕਮ ਦਿੱਤੇ ਹਨ।

# ਭਿਆਨਕ ਗਰਮੀ ਕਾਰਨ ਤਿੰਨ ਮੌਤਾਂ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਬੇਤਹਾਸ਼ਾ ਪੈ ਰਹੀ ਗਰਮੀ ਨੇ ਪਿਛਲੇ 13 ਸਾਲਾਂ ਦੇ ਰਿਕਾਰਡ ਤੋੜ ਕੇ ਰੱਖ ਦਿੱਤੇ ਹਨ। ਪੰਜਾਬ 'ਚ ਪਾਰਾ 47-48 ਡਿਗਰੀ ਤੋਂ ਪਾਰ ਨਜ਼ਰ ਆ ਰਿਹਾ ਹੈ, ਜਿਸ ਕਰਕੇ ਪੰਜਾਬ ਦੀਆਂ ਸੜਕਾਂ 'ਤੇ ਗਰਮੀ ਦੇ ਸਿਖਰ ਹੋਣ ਕਰਕੇ ਲੂ ਤੇ ਤਿੱਖੀ ਧੁੱਪ ਕਰਕੇ ਕਰਫਿਊ ਲੱਗਿਆ ਨਜਰ ਆ ਰਿਹਾ ਹੈ। ਬਾਜ਼ਾਰਾਂ, ਰੇਲਵੇ ਸਟੇਸ਼ਨ, ਬੱਸ ਸਟੈਂਡ ਸਮੇਤ ਸੜਕਾਂ 'ਤੇ ਸੁੰਨ-ਮਸਾਣ ਨਜ਼ਰ ਆ ਰਹੀ ਹੈ।

ਮੌਸਮ ਵਿਭਾਗ ਦੇ ਸਰਕਾਰੀ ਅੰਕੜਿਆਂ ਅਨੁਸਾਰ ਪਿਛਲੇ ਤਿੰਨ ਦਿਨ ਤੋਂ ਪੈ ਰਹੀ ਤਿੱਖੀ ਧੁੱਪ ਤੇ ਲੂ ਕਰਕੇ ਬਠਿੰਡਾ ਦੇਸ਼ ਦਾ ਸਭ ਤੋਂ ਗਰਮ ਸ਼ਹਿਰ ਨਜ਼ਰ ਆਇਆ, ਜਿੱਥੇ ਪਾਰਾ 47.8 ਡਿਗਰੀ ਦੇ ਪਾਰ ਨਜ਼ਰ ਆਇਆ। ਵੀਰਵਾਰ ਰੇਲਵੇ ਸਟੇਸ਼ਨ ਬਠਿੰਡਾ 'ਤੇ ਬੇਤਹਾਸ਼ਾ ਪੈ ਰਹੀ ਗਰਮੀ ਕਾਰਨ ਇੱਕ ਨੌਜਵਾਨ ਦੀ ਮੌਤ ਹੋਣ ਦੀ ਵੀ ਸੂਚਨਾ ਮਿਲੀ ਹੈ। ਸਹਾਰਾ ਸੇਵਾ ਦੇ ਪ੍ਰਧਾਨ ਵਿਜੇ ਗੋਇਲ ਨੇ ਦੱਸਿਆ ਕਿ ਉਕਤ ਨੌਜਵਾਨ ਦੀ ਮੌਤ ਗਰਮੀ ਨਾਲ ਹੋਈ ਹੈ। ਜੀ ਆਰ ਪੀ ਦੇ ਸਹਿਯੋਗ ਨਾਲ ਲਾਸ਼ ਨੂੰ ਸ਼ਨਾਖਤ ਲਈ ਸਿਵਲ ਹਸਪਤਾਲ ਦੇ ਮੁਰਦਾ ਘਰ 'ਚ ਰੱਖਿਆ ਗਿਆ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਗਰਮੀ ਕਾਰਨ ਮੋਗਾ ਤੇ ਹੁਸ਼ਿਆਰਪੁਰ 'ਚ ਇੱਕ-ਇੱਕ ਵਿਅਕਤੀ ਦੀ ਮੌਤ ਹੋਈ ਹੈ, ਉਥੇ ਬਠਿੰਡਾ 'ਚ ਵੀ ਗਰਮੀ ਕਰਕੇ ਪਿਛਲੇ ਦਿਨੀਂ ਇੱਕ ਬੇਸਹਾਰਾ ਵਿਅਕਤੀ ਦੀ ਮੌਤ ਹੋ ਗਈ। ਮੌਸਮ ਵਿਭਾਗ ਅਨੁਸਾਰ ਪੰਜਾਬ 'ਚ ਆਉਂਦੇ ਕੁਝ ਦਿਨਾਂ ਤੱਕ ਗਰਮੀ ਤੋਂ ਰਾਹਤ ਮਿਲਣ ਦੀ ਸੰਭਾਵਨਾ ਹੈ, ਜਿੱਥੇ ਮੌਸਮ ਵਿਭਾਗ ਵੱਲੋਂ ਵੀਰਵਾਰ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ ਤੇ ਪੰਜਾਬ ਦੇ 15 ਜ਼ਿਲ੍ਹਿਆਂ 'ਚ ਪਾਰਾ 47 ਡਿਗਰੀ ਦੇ ਪਾਰ ਜਾਣ ਦਾ ਅਨੁਮਾਨ ਲਾਇਆ ਜਾ ਰਿਹਾ ਹੈ। 14 ਜੂਨ ਤੋਂ ਲੈ ਕੇ ਦੋ ਦਿਨ ਤੱਕ ਤੇਜ਼ ਹਨੇਰੀ, ਝੱਖੜ ਅਤੇ ਮੀਂਹ ਪੈਣ ਦਾ ਵੀ ਅਨੁਮਾਨ ਲਾਇਆ ਜਾ ਰਿਹਾ ਹੈ। ਆਮ ਲੋਕਾਂ ਦੱਸਿਆ ਕਿ 13 ਸਾਲ ਪਹਿਲਾਂ ਇਸ ਤਰ੍ਹਾਂ ਦੀ ਜੂਨ ਮਹੀਨੇ 'ਚ ਗਰਮੀ ਪਈ ਸੀ, ਜੋ ਹੁਣ ਪੈ ਰਹੀ ਹੈ।

## ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ



ਬਟਾਲਾ (ਡਾ. ਮਲਵਿੰਦਰ ਸਿੰਘ)-'ਨਵਾਂ ਜ਼ਮਾਨਾ' ਅਖਬਾਰ ਦੀ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਜਨਰਲ ਸਕੱਤਰ ਐਵੋਕੇਟ ਗੁਰਮੀਤ ਸਿੰਘ ਸ਼ੁਗਲੀ ਜਿਨ੍ਹਾਂ ਦਾ ਪਿਛਲੇ ਦਿਨੀਂ ਵਿਦੇਸ਼ ਗਏ ਦਿਹਾਂਤ ਹੋ ਗਿਆ, ਦੇ ਸਦੀਵੀ ਵਿਛੋੜੇ 'ਤੇ ਬਟਾਲਾ ਦੇ ਸਮੁੱਚੇ ਪੱਤਰਕਾਰ ਭਾਈਚਾਰੇ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਕਾਮਰੇਡ ਸ਼ੁਗਲੀ ਜੀ ਦੇ ਸਦੀਵੀ ਵਿਛੋੜੇ ਨਾਲ ਜਿੱਥੇ ਕਾਮਰੇਡ ਭਾਈਚਾਰੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਉੱਥੇ 'ਨਵਾਂ ਜ਼ਮਾਨਾ' ਇਕ ਰੌਸ਼ਨ ਦਿਮਾਗ ਸ਼ਖ਼ਸੀਅਤ ਤੋਂ ਵਿਰਵਾ ਹੋ ਗਿਆ ਹੈ। ਅਕਾਲ ਪੁਰਖ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰਕ ਮੈਂਬਰਾਂ ਨੂੰ ਕੁਦਰਤ ਦਾ ਭਾਣਾ ਮੰਨਣ ਦਾ ਬਲ ਬਖਸ਼ੇ।

## ਮਰੀਜ਼ਾਂ ਲਈ 8 ਥਾਂਵਾਂ 'ਤੇ ਲੰਗਰ

ਨਾਭਾ (ਵਰਿੰਦਰ ਵਰਮਾ)-ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੇਵਾ ਸੁਸਾਇਟੀ ਰਜਿ: ਨਾਭਾ ਵੱਲੋਂ ਗ਼ਰੀਬ ਦਾ ਮੁੱਖ ਗੁਰੂ ਦੀ ਗੋਲਕ ਨੂੰ ਮੁੱਖ ਰੱਖਦਿਆਂ ਵੱਖ-ਵੱਖ ਹਸਪਤਾਲਾਂ ਵਿੱਚ ਅੱਠ ਥਾਂਵਾਂ 'ਤੇ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਲਈ ਲੰਗਰ ਦੀਆਂ ਸੇਵਾਵਾਂ ਕੜਾਕੇ ਦੀ ਧੁੱਪ ਵਿੱਚ ਵੀ ਨਿਭਾਈਆਂ ਗਈਆਂ। ਸੰਸਥਾ ਦੇ ਮੁੱਖ ਸੇਵਾਦਾਰ ਭਾਈ ਅਮਨਦੀਪ ਸਿੰਘ ਲਵਲੀ ਪ੍ਰਿਤਪਾਲ ਸਿੰਘ ਗੁਰਪ੍ਰੀਤ ਸਿੰਘ ਨਾਮਧਾਰੀ ਰਾਣਾ ਨਾਭਾ ਨੇ ਦੱਸਿਆ ਕਿ ਪੀਜੀਆਈ ਹਸਪਤਾਲ ਚੰਡੀਗੜ੍ਹ ਦਾ ਮੇਨ ਗੇਟ, ਓਪੀਡੀ ਵਾਲਾ ਗੇਟ, ਸੈਕਟਰ 32 ਵਾਲੀ ਪੀਜੀਆਈ, ਨਿਊ ਚੰਡੀਗੜ੍ਹ ਕੈਂਸਰ ਹਸਪਤਾਲ, ਸਰਕਾਰੀ ਹਸਪਤਾਲ ਨਾਭਾ, ਕੈਂਸਰ ਹਸਪਤਾਲ ਸੰਗਰੂਰ, ਰਾਜਿੰਦਰਾ ਹਸਪਤਾਲ ਪਟਿਆਲਾ, ਸਰਕਾਰੀ ਹਸਪਤਾਲ ਸੰਗਰੂਰ ਵਿਖੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਕਰਨ ਉਪਰੰਤ ਲੰਗਰ ਲੈ ਜਾਇਆ ਗਿਆ।

## ਖੂਨਦਾਨ ਜਾਗਰੂਕਤਾ ਲਈ ਕਰਾਇਆ ਪੇਂਟਿੰਗ ਮੁਕਾਬਲਾ



ਨਾਭਾ ਵਰਿੰਦਰ ਵਰਮਾ)-ਸਿਵਲ ਸਰਜਨ ਡਾ. ਜਗਪਾਲ ਇੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਡਾ. ਵੀਨੂੰ ਗੋਇਲ ਦੀ ਅਗਵਾਈ ਹੇਠ ਸਿਵਲ ਹਸਪਤਾਲ ਵਿਖੇ ਵਿਸ਼ਵ ਖੂਨਦਾਨ ਦਿਵਸ ਸਬੰਧੀ 7 ਜੂਨ ਤੋਂ 21 ਜੂਨ ਤੱਕ ਚੱਲ ਰਹੇ 2 ਹਫ਼ਤਿਆਂ ਦੇ ਵਿਸ਼ੇਸ਼ ਕੰਪੈਨ ਦੌਰਾਨ ਆਮ ਲੋਕਾਂ ਨੂੰ ਖੂਨਦਾਨ ਸਬੰਧੀ ਜਾਗਰੂਕ ਕਰਨ ਦੇ ਮੰਤਵ ਨਾਲ ਜਾਗਰਕਤਾ ਪ੍ਰੋਗਰਾਮ ਕੀਤਾ ਗਿਆ ਤੇ ਪੇਂਟਿੰਗ ਮੁਕਾਬਲਾ ਕਰਾਇਆ ਗਿਆ। ਡਾ. ਵੀਨੂੰ ਗੋਇਲ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਖੂਨਦਾਨ ਸਬੰਧੀ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕਰਕੇ ਲੋਕਾਂ ਨੂੰ ਖੂਨਦਾਨ ਦੀ ਮਹੱਤਤਾ ਤੇ ਇਸ ਸਬੰਧੀ ਪਾਈਆਂ ਜਾਂਦੀਆਂ ਗ਼ਲਤ ਧਾਰਨਾ 'ਤੇ ਵਿਸ਼ਵਾਸ ਨਾ ਕਰਨ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਨਿਯਮਿਤ ਰੂਪ ਵਿੱਚ ਸਵੈ-ਇੱਛੁਕ ਤੇ ਬਿਨਾਂ ਕਿਸੇ ਮਾਲੀ ਲਾਭ ਤੋਂ ਖ਼ੂਨਦਾਨ ਕਰਨਾ ਚਾਹੀਦਾ ਹੈ, ਕਿਉਂਕਿ ਖ਼ੂਨਦਾਨ ਦਾ ਕੋਈ ਬਦਲ ਨਹੀ ਹੈ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿੱਚ ਅਣਗਿਣਤ ਲੋਕ ਸੜਕ ਹਾਦਸਿਆਂ ਤੇ ਹੋਰ ਦੁਰਘਟਨਾਵਾਂ ਵਿੱਚ ਆਪਣੀ ਜਾਨ ਗੁਆ ਬੈਠਦੇ ਹਨ ਤੇ ਕੁੱਝ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰਿਆਂ ਦੀ ਮੌਤ ਸਰੀਰ ਵਿੱਚ ਖ਼ੂਨ ਦੀ ਕਮੀ ਹੋਣ ਕਾਰਨ ਹੋ ਜਾਂਦੀ ਹੈ, ਜਿਨ੍ਹਾਂ ਵਿੱਚੋਂ ਕੁੱਝ ਨੂੰ ਸਮੇਂ ਸਿਰ ਖ਼ੂਨ ਦੇ ਕੇ ਬਚਾਇਆ ਜਾ ਸਕਦਾ ਹੈ ਪ੍ਰੰਤੂ ਇਹ ਤਾਂ ਹੀ ਸੰਭਵ ਹੈ ਜੇਕਰ ਲੋਕ ਬੇਝਿਜਕ ਹੋ ਕੇ ਸਵੈਇਛੁਕ ਤੌਰ 'ਤੇ ਆਪਣਾ ਖ਼ੂਨਦਾਨ ਕਰਨ। ਡਾ. ਹੀਨਾ ਸਿੰਗਲਾ ਨੇ ਕਿਹਾ ਕਿ ਖ਼ੂਨਦਾਨ ਕਰਕੇ ਅਸੀਂ ਸਹੀ ਅਰਥਾਂ ਵਿੱਚ ਮਾਨਵਤਾ ਦੀ ਸੇਵਾ ਕਰ ਸਕਦੇ ਹਾਂ।

...ਸ.ਫਾ 1 ਦੇ ਬਾਕੀ

### ਇੰਸਟਾਗ੍ਰਾਮ 'ਤੇ ਮਸ਼ਹੂਰ...

ਘਰ ਵਿੱਚ ਰਖਵਾ ਦਿੱਤੀ ਹੈ।ਪੁਲਸ ਮਾਮਲੇ ਦੀ ਵੱਖ-ਵੱਖ ਪਹਿਲੂਆਂ ਤੋਂ ਜਾਂਚ ਵਿੱਚ ਜੁੱਟ ਗਈ ਹੈ।ਕਮਲ ਕੌਰ ਉਰਫ਼ ਕੰਚਨ ਕੁਮਾਰੀ ਲੁਧਿਆਣਾ ਦੀ ਵਸਨੀਕ ਦੱਸੀ ਜਾਂਦੀ ਹੈ।ਪੁਲਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਉਹ ਬਠਿੰਡਾ ਕਦੋਂ ਅਤੇ ਕਿਸ ਉਦੇਸ਼ ਨਾਲ ਆਈ।ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਉਸ ਦੀ ਮੌਤ ਨੂੰ 2-3 ਦਿਨ ਹੋ ਚੁੱਕੇ ਹਨ।ਕਮਲ ਕੌਰ ਦੇ ਪਿਤਾ ਦੀ ਮੌਤ ਲਗਭਗ ਡੇਢ ਸਾਲ ਪਹਿਲਾਂ ਹੋਈ ਸੀ। ਉਹ ਆਪਣੀ ਮਾਂ ਨਾਲ ਲੁਧਿਆਣਾ ਦੇ ਸ਼ਿਮਲਾਪੁਰੀ ਵਿੱਚ ਰਹਿੰਦੀ ਸੀ।ਉਸ ਦੇ ਆਪਣੇ ਭਰਾ ਨਾਲ ਵੀ ਸੰਬੰਧ ਚੰਗੇ ਨਹੀਂ ਸਨ।

### ਇੰਤਕਾਲ, ਰਪਟ ਐਂਟਰੀ ਤੇ ...

ਸਕਦਾ ਹੈ ਅਤੇ ਅਰਜ਼ੀ ਦੀ ਪ੍ਰਕਿਰਿਆ 15 ਦਿਨਾਂ ਦੀ ਸਮਾਂ ਸੀਮਾ ਅੰਦਰ ਕੀਤੀ ਜਾਵੇਗੀ ਅਤੇ ਨਾਲ ਹੀ ਇਨ੍ਹਾਂ ਸੇਵਾਵਾਂ ਲਈ ਨਾਮਾਤਰ ਅਰਜ਼ੀ ਫੀਸ ਵੀ ਆਨਲਾਈਨ ਅਦਾ ਕੀਤੀ ਜਾਵੇਗੀ।ਉਨ੍ਹਾ ਕਿਹਾ ਕਿ ਇਹਨਾਂ ਦਫ਼ਤਰਾਂ ਵਿੱਚ ਅਕਸਰ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੁੰਦਾ ਸੀ, ਪਰ ਹੁਣ ਉਨ੍ਹਾਂ ਨੂੰ ਵਾਰ-ਵਾਰ ਪਟਵਾਰੀਆਂ ਜਾਂ ਤਹਿਸੀਲਦਾਰਾਂ ਦੇ ਦਫ਼ਤਰਾਂ ਦੇ ਗੇੜੇ ਨਹੀਂ ਲਾਉਣੇ ਪੈਣਗੇ। ਹੁਣ ਕੋਈ ਵੀ ਵਿਅਕਤੀ ਆਪਣੇ ਘਰ ਬੈਠ ਕੇ ਮਾਲ ਵਿਭਾਗ ਦੀ ਵੈੱਬਸਾਈਟ ਸਿਰਫ਼ ਇੱਕ ਕਲਿੱਕ ਨਾਲ ਇਹ ਸੇਵਾਵਾਂ ਪ੍ਰਾਪਤ ਕਰ ਸਕਦਾ ਹੈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਡਾ. ਤੇਜਪਾਲ ਸਿੰਘ ਵੱਲੋਂ ਖੇਤੀਬਾੜੀ ਅਧਿਕਾਰੀਆਂ ਨਾਲ ਮੀਟਿੰਗ; ਮਿਥੇ ਟੀਚੇ ਸਮੇਂ-ਸਿਰ ਪੂਰੇ ਕਰਨ ਦੀ ਹਦਾਇਤ

**ਗੁਰਦਾਸਪੁਰ (ਜਨਕ ਮਹਾਜਨ)**- ਕਿਸਾਨਾਂ ਦੀ ਭਲਾਈ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਸੰਯੁਕਤ ਨਿਰਦੇਸ਼ਕ (ਨਕਦੀ ਫ਼ਸਲਾਂ) ਪੰਜਾਬ ਡਾਕਟਰ ਤੇਜਪਾਲ ਸਿੰਘ ਵੱਲੋਂ ਵਿਸ਼ੇਸ਼ ਦੌਰਾ ਕਰਕੇ ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਦੇ ਸਮੂਹ ਖ਼ੇਤੀਬਾੜੀ ਅਧਿਕਾਰੀਆਂ ਨਾਲ ਸਥਾਨਕ ਮੁੱਖ ਖੇਤੀਬਾੜੀ ਦਫਤਰ ਵਿਚ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਡਾ. ਅਮਰੀਕ ਸਿੰਘ, ਡਾ. ਜੰਗੀਰ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਪਠਾਨਕੋਟ, ਡਾ. ਗੁਰਪ੍ਰੀਤ ਸਿੰਘ, ਡਾ. ਸੁਖਬੀਰ ਸਿੰਘ ਸੰਧੂ, ਡਾ. ਪ੍ਰਿਤਪਾਲ ਸਿੰਘ, ਡਾ. ਅਰਜੁਨ ਸਿੰਘ ਖ਼ੇਤੀਬਾੜੀ ਵਿਕਾਸ ਅਫ਼ਸਰ ਸਮੇਤ ਸਮੂਹ ਖ਼ੇਤੀਬਾੜੀ ਅਧਿਕਾਰੀ ਮੌਜੂਦ ਸਨ। ਮੀਟਿੰਗ ਵਿੱਚ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਅਤੇ ਡਾ. ਜੰਗੀਰ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਪਠਾਨਕੋਟ ਨੇ ਵੱਖ-ਵੱਖ ਸਕੀਮਾਂ ਜਿਵੇਂ ਮੱਕੀ ਪਾਇਲਟ ਪ੍ਰੋਜੈਕਟ, ਝੋਨੇ ਦੀ ਸਿੱਧੀ ਬਿਜਾਈ, ਪੂਸਾ 44 ਅਤੇ ਹਾਈਬ੍ਰਿਡ ਕਿਸਮਾਂ ਦੀ ਬਿਜਾਈ ਨੂੰ ਰੋਕਣ ਸਬੰਧੀ ਕੀਤੀ ਗਈ ਕਾਰਵਾਈ ਬਾਰੇ, ਖਾਦਾਂ ਕੀਟਨਾਸ਼ਕ ਅਤੇ ਬੀਜਾਂ ਦੀ ਚੈਕਿੰਗ ਅਤੇ ਸੈਂਪਲਿੰਗ, ਪੀ ਐੱਮ ਕਿਸਾਨ ਸਕੀਮ, ਸੀ. ਆਰ. ਐੱਮ. ਸਕੀਮ ਤਹਿਤ ਮਸ਼ੀਨਾਂ ਦੀ ਖਰੀਦ ਸਬੰਧੀ ਹੋਈ ਪ੍ਰਗਤੀ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ। ਮੀਟਿੰਗ ਵਿੱਚ ਹਾਜ਼ਰ ਸਮੂਹ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਡਾ. ਤੇਜਪਾਲ ਸਿੰਘ ਨੇ ਦੱਸਿਆ ਕਿ ਮਾਣਯੋਗ ਖ਼ੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਵਿਸ਼ੇਸ਼ ਆਦੇਸ਼ਾਂ ਕਰਦਿਆਂ ਮਿਥੇ ਟੀਚੇ ਸਮੇਂ ਸਿਰ ਪੂਰੇ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣ ਅਤੇ ਕਿਤੇ ਵੀ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ।



# ਘਰਾਲਾ ਦੇ ਕਿਸਾਨਾਂ ਦਾ ਵੱਡਾ ਫੈਸਲਾ; ਅਰਬਨ ਅਸਟੇਟ ਲਈ ਨਹੀਂ ਦਿੱਤੀ ਜਾਵੇਗੀ ਜ਼ਮੀਨ

**80 ਏਕੜ ਜ਼ਮੀਨ ਪ੍ਰਾਪਤੀ ਦਾ ਨੋਟੀਫਿਕੇਸ਼ਨ ਰੱਦ ਕਰਵਾਉਣ ਲਈ 11 ਮੈਂਬਰੀ ਸੰਘਰਸ਼ ਕਮੇਟੀ ਦਾ ਗਠਨ**

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ ਵੱਲੋਂ ਸੂਬੇ ਭਰ ਵਿੱਚ ਨਵੀਆਂ ਅਰਬਨ ਅਸਟੇਟਾਂ ਵਿਕਸਿਤ ਕਰਨ ਲਈ ਜੋ ਵੱਡੇ ਪੱਧਰ ਤੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਜ਼ਮੀਨ ਗ੍ਰਹਿਣ ਕਰਨ ਲਈ 6 ਜੂਨ ਨੂੰ ਸਾਰੀਆਂ ਅਖ਼ਬਾਰਾਂ ਵਿੱਚ ਵੱਡਾ ਇਸ਼ਤਿਹਾਰ ਦਿੱਤਾ ਗਿਆ ਹੈ, ਉਸ ਵਿੱਚ ਗੁਰਦਾਸਪੁਰ ਸ਼ਹਿਰ ਦੇ ਨਾਲ ਲੱਗਦੇ ਪਿੰਡ ਘਰਾਲਾ ਦੀ 80 ਏਕੜ ਜ਼ਮੀਨ ਪ੍ਰਾਪਤੀ ਦਾ ਨੋਟੀਫਿਕੇਸ਼ਨ ਦੇਖ ਕੇ ਘਰਾਲੇ ਦੇ ਲੋਕਾਂ ਦੇ ਹੋਸ਼ ਉਡ ਗਏ ਹਨ।ਇਸ ਸਬੰਧੀ ਅੱਜ ਪਿੰਡ ਦੇ ਸ਼ੱਥਤ ਤੇ ਹੋਰ ਕਿਸਾਨਾਂ, ਮਜ਼ਦੂਰਾਂ ਦਾ ਇੱਕ ਵੱਡਾ ਇਕੱਠ ਰਜਿੰਦਰ ਸਿੰਘ ਸੋਨਾ ਸ਼ਾਹ ਬਲਪ੍ਰੀਤ ਸਿੰਘ ਅਮਰਜੀਤ ਕੌਰ ਹੋਰਾਂ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਇਸ ਇਕੱਠ ਵਿੱਚ ਜਮਹੂਰੀ ਕਿਸਾਨ ਸਭਾ ਦੇ ਆਗੂ ਮੱਖਣ ਸਿੰਘ ਕੁਹਾੜ, ਅਜੀਤ ਸਿੰਘ ਹੁੰਦਲ, ਰਘਬੀਰ ਸਿੰਘ ਚਾਹਲ, ਗੁਰਮੀਤ ਸਿੰਘ ਥਾਣੇਵਾਲ ਅਤੇ ਬਲਬੀਰ ਸਿੰਘ ਮਾੜੇ ਉਚੇਚੇ ਤੌਰ 'ਤੇ ਪਹੁੰਚੇ। ਇਸ ਮੌਕੇ ਬੋਲਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਬਿਲਕੁਲ ਹੀ ਬੇਲੋੜੀ ਕਾਰਵਾਈ ਕਰ ਰਹੀ ਹੈ।ਪੰਜਾਬ ਵਿੱਚ ਨਵੀਆਂ ਅਰਬਨ ਅਸਟੇਟਾਂ ਦੀ ਉਕਾ ਹੀ ਕੋਈ ਲੋੜ ਨਹੀਂ ਹੈ।ਜੇ ਲੋੜ ਹੈ ਵੀ ਤਾਂ ਪਹਿਲਾਂ ਬਣੀਆਂ ਅਰਬਨ ਅਸਟੇਟਾਂ ਇਮਪਰੂਵਮੈਂਟ ਟਰਸਟ ਪੁੱਡਾ ਆਦਿ ਕਲੋਨੀਆਂ ਵਿੱਚ ਖਾਲੀ ਥਾਵਾਂ 'ਤੇ ਵੱਡੇ-ਵੱਡੇ ਫਲੈਟ ਉਸਾਰ ਕੇ ਇਹ ਕੰਮ ਸਾਰਿਆ ਜਾ ਸਕਦਾ ਹੈ।ਇਨ੍ਹਾਂ ਕਲੋਨੀਆਂ ਦਾ ਉਂਝ ਵੀ ਗਰੀਬਾਂ ਨੂੰ ਕੋਈ ਵੀ ਲਾਭ ਨਹੀਂ ਹੈ। ਆਗੂਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਹ ਸਭ ਪੈਸੇ ਕਮਾਉਣ ਲਈ ਕੀਤਾ ਜਾ ਰਿਹਾ ਹੈ। ਉਹ ਕਿਸਾਨਾਂ ਕੋਲੋਂ ਖਰੀਦੀ ਜ਼ਮੀਨ ਨੂੰ ਖਰੀਦ ਮੁੱਲ ਤੋਂ 10 ਤੋਂ 20 ਗੁਣਾ ਵੱਧ ਕੀਮਤ 'ਤੇ ਪਲਾਟ ਵੇਚੇ ਜਾਣਗੇ ਪਰ ਕਿਸਾਨਾਂ ਨੂੰ ਉਜਾੜ ਦਿੱਤਾ ਜਾਵੇਗਾ।ਇੱਥੋਂ ਤੱਕ ਕਿ ਉਸ ਜ਼ਮੀਨ ਉਪਰ ਜੋ ਮਜ਼ਦੂਰ ਲਗਾਤਾਰ ਕੰਮ ਕਰਦੇ ਹਨ ਉਨ੍ਹਾਂ ਨੂੰ ਵੀ ਉਜਾੜੇ ਦਾ ਮੂੰਹ ਦੇਖਣਾ ਪਵੇਗਾ।ਦੂਜਾ ਇਹ ਭਾਰਤੀ ਜਨਤਾ ਪਾਰਟੀ ਦੀਆਂ ਮੋਦੀ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਤਹਿਤ ਕਿਸਾਨਾਂ ਨੂੰ ਜ਼ਮੀਨਾਂ ਤੋਂ ਬੇਦਖਲ ਕਰਨ ਲਈ ਕੀਤਾ ਜਾ ਰਿਹਾ ਹੈ।ਬੁਲਾਰਿਆਂ ਨੇ ਕਿਹਾ ਕਿ ਕਿਸੇ ਵੀ ਕੀਮਤ 'ਤੇ ਜ਼ਮੀਨ ਉਪਰ ਕਿਸੇ ਨੂੰ ਕਾਬਜ਼ ਨਹੀਂ ਹੋਣ ਦਿੱਤਾ ਜਾਵੇਗਾ। ਇਸ ਸਬੰਧੀ ਹਰ ਜ਼ਮੀਨ ਮਾਲਕਾਂ ਵੱਲੋਂ ਹਲਫੀਆ ਬਿਆਨ ਡਿਪਟੀ ਕਮਿਸ਼ਨਰ ਅਤੇ ਹੋਰ ਉਚ ਅਧਿਕਾਰੀਆਂ ਨੂੰ ਦਿੱਤੇ ਜਾਣਗੇ ਨਾਲ ਹੀ ਸਾਂਝੀਆਂ ਦਰਖ਼ਾਸਤਾਂ ਹਾਕਮ (ਆਮ ਆਦਮੀ ਪਾਰਟੀ) ਦੇ ਹਲਕਾ ਇੰਚਾਰਜ ਰਮਨ ਬਹਿਲ, ਹਲਕਾ ਵਿਧਾਇਕ ਬਰਿੰਦਰਜੀਤ ਸਿੰਘ ਪਾਹੜਾ, ਨਗਰ ਪਾਲਿਕਾ ਗੁਰਦਾਸਪੁਰ ਦੇ ਮੁਖੀ, ਡਿਪਟੀ ਕਮਿਸ਼ਨਰ ਅਤੇ ਹੋਰ ਉਚ ਅਧਿਕਾਰੀਆਂ ਨੂੰ ਦੇ ਕੇ ਇਸ ਸਕੀਮ ਨੂੰ ਫੌਰੀ ਰੱਦ ਕਰਨ ਦੀ ਅਪੀਲ ਕੀਤੀ ਜਾਵੇਗੀ। ਫੈਸਲਾ ਕੀਤਾ ਗਿਆ ਕਿ ਲੋੜ ਪੈਣ 'ਤੇ ਡਿਪਟੀ ਕਮਿਸ਼ਨਰ ਦੇ ਦਫਤਰ ਅੱਗੇ ਪੱਕਾ ਧਰਨਾ ਲਾਇਆ ਜਾਵੇਗਾ ਜਦ ਤੱਕ ਜ਼ਮੀਨ ਪ੍ਰਾਪਤੀ ਦਾ ਇਹ ਨੋਟੀਫਿਕੇਸ਼ਨ ਰੱਦ ਨਹੀਂ ਹੁੰਦਾ ਤਦ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਸਬੰਧੀ ਇੱਕ 11 ਮੈਂਬਰੀ ਸੰਘਰਸ਼ ਕਮੇਟੀ ਬਣਾਈ ਗਈ।ਇਸ ਵਿੱਚ ਰਜਿੰਦਰ ਸਿੰਘ ਸੋਨਾ ਸ਼ਾਹ, ਬਲਪ੍ਰੀਤ ਸਿੰਘ ਪ੍ਰਿੰਸ, ਐਡਵੋਕੇਟ ਸੁਖਵਿੰਦਰ ਸਿੰਘ, ਅਮਰਜੀਤ ਕੌਰ, ਪਰਮਜੀਤ ਕੌਰ, ਦਵਿੰਦਰ ਕੌਰ, ਜਗਪ੍ਰੀਤ ਸਿੰਘ, ਅਵਤਾਰ ਸਿੰਘ, ਦਲਬੀਰ ਸਿੰਘ ਹੀਰਾ, ਬਲਬੀਰ ਸਿੰਘ, ਜਗੀਰ ਸਿੰਘ ਅਤੇ ਗੁਰਦੇਵ ਸਿੰਘ ਫੌਜੀ ਨੂੰ ਸ਼ਾਮਲ ਕੀਤਾ ਗਿਆ।ਅਖੀਰ ਵਿੱਚ ਜਮਹੂਰੀ ਕਿਸਾਨ ਸਭਾ ਦੇ ਆਗੂਆਂ ਮੱਖਣ ਸਿੰਘ ਕੁਹਾੜ, ਅਜੀਤ ਸਿੰਘ ਹੁੰਦਲ, ਰਘਬੀਰ ਸਿੰਘ ਚਾਹਲ, ਬਾਲਬੀਰ ਮਾੜੇ ਨੇ ਵਿਸ਼ਵਾਸ ਦਿਵਾਇਆ ਕਿ ਇਸ ਲੜਾਈ ਵਿੱਚ ਪਿੰਡ ਘਰਾਲਾ ਦੇ ਕਿਸਾਨਾਂ, ਮਜ਼ਦੂਰਾਂ ਦਾ ਹਰ ਹਾਲ ਵਿੱਚ ਸਹਿਯੋਗ ਦਿੱਤਾ ਜਾਵੇਗਾ।ਉਨ੍ਹਾਂ ਇਹ ਵੀ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਸਮੁੱਚੇ ਪੰਜਾਬ ਵਿੱਚ ਇਸ ਲੋਕ ਵਿਰੋਧੀ ਫੈਸਲੇ ਨੂੰ ਰੱਦ ਕਰਾਉਣ ਲਈ ਯਤਨਸ਼ੀਲ ਹੈ।



# ਪੰਜਾਬ ਉਦਯੋਗਿਕ ਕ੍ਰਾਂਤੀ ਇਤਿਹਾਸਕ ਮੀਲ ਪੱਥਰ ਸਾਬਿਤ ਹੋਵੇਗੀ : ਸ਼ੈਰੀ ਕਲਸੀ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਦਯੋਗਿਕ ਪੁਨਰ ਸੁਰਜੀਤੀ ਪ੍ਰਤੀ ਆਪਣੀ ਅਟੁੱਟ ਵਚਨਬੱਧਤਾ ਦੇ ਇੱਕ ਸ਼ਕਤੀਸ਼ਾਲੀ ਪ੍ਰਮਾਣ ਵਜੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਵਿੱਤੀ ਸਾਲ 2025-26 ਦੇ ਪਹਿਲੇ ਦੋ ਮਹੀਨਿਆਂ ਵਿੱਚ ਸੂਬੇ ਦੇ ਸਨਅਤੀ ਵਿਕਾਸ ਵਾਸਤੇ 180 ਕਰੋੜ ਰੁਪਏ ਦੀ ਪ੍ਰੋਤਸਾਹਨ ਰਾਸ਼ੀ ਜਾਰੀ ਕੀਤੀ ਹੈ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਵਿੱਤੀ ਸਾਲ 2025-26 ਦੇ ਬਜਟ ਵਿੱਚ ਵੱਖ-ਵੱਖ ਪ੍ਰਗਤੀਸ਼ੀਲ ਨੀਤੀਆਂ ਤਹਿਤ ਉਦਯੋਗ ਲਈ ਕੁੱਲ 250 ਕਰੋੜ ਰੁਪਏ ਦੇ ਪ੍ਰੋਤਸਾਹਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿੱਚੋਂ 72 ਫੀਸਦੀ ਇਸ ਅਲਾਟਮੈਂਟ ਰਾਹੀਂ ਵੰਡਿਆ ਜਾ ਚੁੱਕਾ ਹੈ।ਉਨ੍ਹਾਂ ਅੱਗੇ ਕਿਹਾ ਕਿ ਇਹ ਮਹੱਤਵਪੂਰਨ ਨਿਵੇਸ਼ 'ਆਪ' ਸਰਕਾਰ ਦੀ ਉਦਯੋਗਿਕ ਵਿਕਾਸ ਅਤੇ ਵਿਕਾਸ ਲਈ ਇੱਕ ਅਨੁਕੂਲ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਦਾ ਪ੍ਰਤੀਕ ਹੈ।ਉਨ੍ਹਾਂ ਨੇ ਦੱਸਿਆ ਕਿ ਇਹ ਪ੍ਰੋਤਸਾਹਨ ਰਾਸ਼ੀ ਜਾਰੀ ਕਰਨ ਤੋਂ ਇਲਾਵਾ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਉਦਯੋਗਿਕ ਫੋਕਲ ਪੁਆਇੰਟਾਂ ਦੀ ਸਥਾਪਨਾ ਦੇ ਮਹੱਤਵਪੂਰਨ ਕਾਰਜਾਂ ਲਈ ਵੀ ਲੋੜੀਂਦੇ ਫੰਡ ਸਮਰਪਿਤ ਕੀਤੇ ਜਾਣਗੇ, ਜੋ ਭਵਿੱਖ ਦੇ ਵਿਕਾਸ ਲਈ ਇੱਕ ਮਜ਼ਬੂਤ ਨੀਂਹ ਰੱਖਣਗੇ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਸਰਗਰਮ ਉਪਾਅ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਦੂਰਦਰਸ਼ੀ ਅਗਵਾਈ ਹੇਠ ਪੰਜਾਬ ਉਦਯੋਗਿਕ ਕ੍ਰਾਂਤੀ ਦਾ ਸਿੱਧਾ ਨਤੀਜਾ ਹਨ।ਵਿਧਾਇਕ ਸ਼ੈਰੀ ਕਲਸੀ ਨੇ ਪੰਜਾਬ ਦੀ ਸਮੁੱਚੀ ਤਰੱਕੀ ਅਤੇ ਖਾਸਤੌਰ ਤੌਰ 'ਤੇ ਸੂਬੇ ਦੇ ਨੌਜਵਾਨਾਂ ਲਈ ਮਹੱਤਵਪੂਰਨ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਉਦਯੋਗਿਕ ਵਿਕਾਸ ਦੀ ਲਾਜ਼ਮੀ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿੱਤੀ ਹੁਲਾਰੇ ਦੇ ਨਾਲ-ਨਾਲ ਪੰਜਾਬ ਸਰਕਾਰ ਨਵੇਂ ਉਦਯੋਗਾਂ ਦੀ ਸਥਾਪਨਾ ਵਿੱਚ ਕਿਸੇ ਵੀ ਮੌਜੂਦਾ ਰੁਕਾਵਟ ਨੂੰ ਦੂਰ ਕਰਨ ਲਈ ਇਨਕਲਾਬੀ ਪ੍ਰਸ਼ਾਸਕੀ ਸੁਧਾਰਾਂ ਨੂੰ ਸਰਗਰਮੀ ਨਾਲ ਲਾਗੂ ਕਰ ਰਹੀ ਹੈ।ਉਨ੍ਹਾਂ ਦ੍ਰਿੜਤਾ ਨਾਲ ਦੁਹਰਾਇਆ ਕਿ ਪੰਜਾਬ ਦੇ ਅੰਦਰ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਦੇ ਯਤਨਾਂ ਵਿੱਚ ਕੋਈ ਵਿੱਤੀ ਘਾਟ ਨਹੀਂ ਰਹੇਗੀ।



# ਕੰਦੋਵਾਲੀ ਵਿਖੇ ਬਾਬਾ ਲੰਗਰ ਭਗਤ ਦਾ ਮੇਲਾ 17 ਨੂੰ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਇਥੋਂ ਨਜ਼ਦੀਕ ਪਿੰਡ ਕੰਦੋਵਾਲੀ ਵਿਖੇ ਬਾਬਾ ਲੰਗਰ ਜੀ ਦਾ ਸਾਲਾਨਾ ਜੋੜ ਮੇਲਾ 17 ਜੂਨ ਨੂੰ ਨਗਰ ਨਿਵਾਸੀਆਂ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਬੜੀ ਧੂਮਧਾਮ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਪ੍ਰਬੰਧਕਾਂ ਵੱਲੋਂ ਇਸ ਜੋੜ ਮੇਲੇ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਪ੍ਰਧਾਨ ਡਾਕਟਰ ਬਚਿੱਤਰ ਸਿੰਘ ਅਤੇ ਗ੍ਰੰਥੀ ਸਿੰਘ ਭਾਈ ਕੁਲਦੀਪ ਸਿੰਘ ਨੇ ਇਸ ਸਬੰਧੀ ਦੱਸਿਆ ਕਿ 17 ਜੂਨ ਨੂੰ ਸਵੇਰੇ 10 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਜਾਣ ਉਪਰੰਤ ਖੁੱਲ੍ਹੇ ਪੰਡਾਲਾਂ ਵਿੱਚ ਧਾਰਮਿਕ ਦੀਵਾਨ ਸਜਾਏ ਜਾਣਗੇ, ਅਤੇ ਜਿਸ ਸਮੇਂ ਪੰਥ ਦੇ ਸਿਰਮੌਰ ਰਾਗੀ, ਢਾਡੀ ਅਤੇ ਕਥਾਵਾਚਕ ਹਾਜ਼ਰ ਸੰਗਤਾਂ ਨੂੰ ਗੁਰੂ ਜਸ ਰਾਹੀਂ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਸਮੇਂ ਭਾਈ ਮਹਿਤਾਬ ਸਿੰਘ ਜਲੰਧਰ ਵਾਲਿਆਂ ਤੇ ਰਾਗੀ ਜਥੇ, ਭਾਈ ਲਖਬੀਰ ਸਿੰਘ ਤੇੜੀ ਦੇ ਕਵੀਸ਼ਰੀ ਜਥੇ, ਭਾਈ ਪ੍ਰਭਦਿਆਲ ਸਿੰਘ ਕੰਦੋਵਾਲੀ ਪ੍ਰਚਾਰਕ ਸ਼੍ਰੋਮਣੀ ਕਮੇਟੀ ਅਤੇ ਭਾਈ ਮਨਬੀਰ ਸਿੰਘ ਬੀ. ਏ. ਪਹੂਵਿੰਡ ਵਾਲਿਆਂ ਦੇ ਢਾਡੀ ਜਥੇ ਵੱਲੋਂ ਗੁਰਬਾਣੀ ਅਤੇ ਸ਼ਬਦ ਵਿਚਾਰ ਨਾਲ ਜੋੜਿਆ ਜਾਵੇਗਾ।ਹਰੇਕ ਸਾਲ ਦੀ ਤਰ੍ਹਾਂ ਸ਼ਾਮ ਨੂੰ ਕਬੱਡੀ ਕੱਪ ਵੀ ਕਰਵਾਇਆ ਜਾਵੇਗਾ।

# ਲਿਟਲ ਫਲਾਵਰ ਸਕੂਲ ਤੋਂ ਟੈਲੀਫ਼ੋਨ ਐਕਸਚੇਂਜ ਤੱਕ ਸੜਕ 'ਤੇ ਲੋੜ ਤੋਂ ਜ਼ਿਆਦਾ ਸਪੀਡ ਬਰੇਕਰਾਂ ਤੋਂ ਲੋਕ ਪ੍ਰੇਸ਼ਾਨ

**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ ਸ਼ਹਿਰ ਅੰਦਰ ਸਿਵਲ ਲਾਈਨ ਏਰੀਆ ਸਥਿਤ ਪੰਚਾਇਤ ਭਵਨ ਤੋਂ ਲਿਟਲ ਫਲਾਵਰ ਸਕੂਲ ਤੋਂ ਹੁੰਦੇ ਹੋਏ ਟੈਲੀਫੋਨ



ਐਕਸਚੇਂਜ ਤੱਕ ਜਾਂਦੇ ਸਮੇਂ ਸਪੀਡ ਬਰੇਕਰਾਂ ਦੀ ਭਰਮਾਰ ਹੋਣ ਕਾਰਨ ਹਰ ਵੇਲੇ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ। ਜਾਣਕਾਰੀ ਅਨੁਸਾਰ ਲੋੜ ਪੈਣ 'ਤੇ ਕਿਸੇ ਖਾਸ ਜਗ੍ਹਾ 'ਤੇ ਸਪੀਡ ਬ੍ਰੇਕਰ ਲਗਾਉਣੇ ਚਾਹੀਦੇ ਹਨ ਪਰ ਬਿਨਾਂ ਵਜ੍ਹਾ ਇਸ ਸੜਕ 'ਤੇ ਬੇਹਿਸਾਬ ਸਪੀਡ ਬਰੇਕਰ ਹੋਣ ਕਰਕੇ ਰਾਹਗੀਰਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਪਾਸੇ ਜ਼ਿਲ੍ਹਾ ਪ੍ਰਸ਼ਾਸਨ ਦਾ ਧਿਆਨ ਨਾ ਹੋਣ ਕਰਕੇ ਲੋਕਾਂ ਦਾ ਵਿਭਾਗ ਪ੍ਰਤੀ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ। ਜਾਣਕਾਰੀ ਅਨੁਸਾਰ ਪੰਚਾਇਤ ਭਵਨ ਤੋਂ ਲਿਟਲ ਫਲਾਵਰ ਸਕੂਲ ਹੁੰਦੇ ਹੋਏ ਟੈਲੀਫੋਨ ਐਕਸਚੇਂਜ ਤੱਕ ਜਾਂਦੇ ਸਮੇਂ ਇਕ ਕਿਲੋਮੀਟਰ ਦੇ ਸਫਰ ਵਿੱਚ ਲਗਭਗ 27 ਸਪੀਡ ਬਰੇਕਰ ਬਣਾਏ ਗਏ ਹਨ ਜੋ ਜਰੂਰਤ ਤੋਂ ਜ਼ਿਆਦਾ ਹਨ। ਲੋਕਾਂ ਨੇ ਦੱਸਿਆ ਕਿ ਲਿਟਲ ਫਲਾਵਰ ਸਕੂਲ ਤੋਂ ਥੋੜੀ ਅੱਗੇ ਬਚਪਨ ਸਕੂਲ ਤੇ ਬੀਐੱਸਐੱਫ ਰੋਡ 'ਤੇ ਥੋੜੀ ਅੱਗੇ 7-8 ਸਪੀਡ ਬ੍ਰੇਕਰ ਇਕੱਠੇ ਹੋਣ ਕਾਰਨ ਇੱਥੇ ਜ਼ੋਰਦਰ ਜੰਪ ਲੱਗਦੇ ਹਨ ਜਿਸ ਕਾਰਨ ਸਕੂਟਰੀ ਪਲਟਣ ਦਾ ਡਰ ਬਣਿਆ ਰਹਿੰਦਾ ਹੈ ਅਤੇ ਕਈ ਵਾਰ ਸਕੂਟਰੀ ਚਾਲਕ ਸੱਟਾਂ ਵਗੈਰਾ ਲਗਵਾ ਬੈਠਦੇ ਹਨ। ਜਦ ਇਸ ਸਬੰਧੀ ਲੋਕ ਨਿਰਮਾਣ ਵਿਭਾਗ ਦੇ ਐਸ.ਡੀ.ਓ. ਲਵਪ੍ਰੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਇਸ ਮਸਲੇ 'ਤੇ ਸਹਿਮਤੀ ਜ਼ਾਹਿਰ ਕੀਤੀ ਅਤੇ ਮਹਿਸੂਸ ਕੀਤਾ ਕਿ ਲਿਟਲ ਫਲਾਵਰ ਸਕੂਲ ਤੋਂ ਟੈਲੀਫ਼ੋਨ ਐਕਸਚੇਂਜ ਤੱਕ ਬਣੇ ਸਪੀਡ ਬਰੇਕਰਾਂ ਦੀ ਗਿਣਤੀ ਜ਼ਿਆਦਾ ਹੈ ਜਿਨ੍ਹਾਂ ਨੂੰ ਘਟਾਉਣ ਜਾਂ ਤੋੜਨ ਬਾਰੇ ਉਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਹੀ ਇਸ ਮਸਲੇ ਦਾ ਹੱਲ ਕੱਢਣਗੇ। ਸ਼ਹਿਰ ਵਾਸੀਆਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਹੈ ਕਿ ਉਹ ਜਾਤੀ ਤੌਰ 'ਤੇ ਇਸ ਮਸਲੇ ਵੱਲ ਧਿਆਨ ਦੇਣ ਅਤੇ ਇਸ ਸੜਕ 'ਤੇ ਲੋੜ ਤੋਂ ਵੱਧ ਬਣੇ ਸਪੀਡ ਬਰੇਕਰਾਂ ਨੂੰ ਹਟਾਉਣ ਦੀ ਕਿਰਪਾ ਕਰਨ।

# ਵਿਧਾਇਕ ਸ਼ੈਰੀ ਕਲਸੀ ਵੱਲੋਂ ਸ਼੍ਰੋਮਣੀ ਭਗਤ ਕਬੀਰ ਵੱਲੋਂ ਦਿਖਾਏ ਮਾਰਗ 'ਤੇ ਚੱਲਣ ਦਾ ਸੱਦਾ

**ਬਟਾਲਾ (ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸ਼੍ਰੋਮਣੀ ਭਗਤ ਕਬੀਰ ਜੀ ਦੇ ਜਨਮ ਦਿਵਸ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਮਹਾਨ ਕਵੀ ਅਤੇ ਸੰਤ ਭਗਤ ਕਬੀਰ ਜੀ ਨੇ ਲੋਕਾਂ ਨੂੰ ਸੁਚੱਜੀ ਜੀਵਨ ਜਾਚ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਭਗਤ ਕਬੀਰ ਦੇ ਜੀਵਨ ਅਤੇ ਫਲਸਫੇ ਨੇ ਹਮੇਸ਼ਾ ਹੀ ਲੋਕਾਂ ਨੂੰ ਆਪਸੀ ਮੇਲ-ਜੋਲ ਵਾਲਾ ਜੀਵਨ ਜਿਊਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਸ਼੍ਰੋਮਣੀ ਭਗਤ ਕਬੀਰ ਜੀ ਦੇ ਆਦਰਸ਼ਾਂ 'ਤੇ ਚੱਲ ਕੇ ਏਕਤਾ, ਭਾਈਚਾਰਕ ਸਾਂਝ ਅਤੇ ਸ਼ਾਂਤੀ ਨੂੰ ਹਰ ਹੀਲੇ ਕਾਇਮ ਰੱਖਿਆ ਜਾਵੇ।ਲੋਕਾਂ ਨੂੰ ਸ਼੍ਰੋਮਣੀ ਭਗਤ ਕਬੀਰ ਜੀ ਦੀਆਂ ਸਿੱਖਿਆਵਾਂ 'ਤੇ ਸਹੀ ਮਾਅਨਿਆਂ 'ਚ ਅਮਲ ਕਰਨ ਦਾ ਸੱਦਾ ਦਿੰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਜਾਤ, ਰੰਗ, ਨਸਲ ਅਤੇ ਧਰਮ ਦੇ ਭੇਦਭਾਵ ਤੋਂ ਉਪਰ ਉਠ ਕੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਸਮੇਂ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਭਗਤ ਕਬੀਰ ਜੀ ਦੇ ਜੀਵਨ ਅਤੇ ਮਹਾਨ ਸਿੱਖਿਆਵਾਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ ਜਿਨ੍ਹਾਂ ਰਾਹੀਂ ਪ੍ਰੇਮ, ਸ਼ਾਂਤੀ, ਸਦਭਾਵਨਾ ਦਾ ਸਦੀਵੀ ਸੰਦੇਸ਼ ਦਿੱਤਾ ਗਿਆ।ਲੋਕਾਂ ਨੂੰ ਮਹਾਨ ਸੰਤ ਦੇ ਆਦਰਸ਼ਾਂ ਉਤੇ ਚੱਲਣ ਦੀ ਅਪੀਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਹ ਰਸਤਾ ਸਦਭਾਵਨਾ ਵਾਲੇ ਅਤੇ ਅਗਾਂਹਵਧੂ ਸਮਾਜ ਦੀ ਉਸਾਰੀ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ 'ਚ 174 ਹੋਰ ਖੇਡ ਮੈਦਾਨ ਬਣਾਉਣ ਦੀ ਵਿਉਂਤਬੰਦੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਵੱਲੋਂ ਜ਼ਿਲ੍ਹੇ ਵਿੱਚ ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਬਣਾਈ ਗਈ ਵਿਉਂਤਬੰਦੀ ਤਹਿਤ 174 ਖੇਡ ਮੈਦਾਨ ਤਿਆਰ ਕਰਵਾਏ ਜਾਣਗੇ। ਇਹ ਜਾਣਕਾਰੀ ਦਿੰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਕੌਰ ਨੇ ਦੱਸਿਆ ਕਿ ਨੌਜਵਾਨਾਂ ਨੂੰ ਸਰੀਰਕ ਤੌਰ ਤੇ ਰਿਸ਼ਟ ਪੁਸ਼ਟ ਕਰਨ ਲਈ ਖੇਡਾਂ ਸਭ ਤੋਂ ਅਹਿਮ ਸਥਾਨ ਰੱਖਦੀਆਂ ਹਨ ਅਤੇ ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਿਲ੍ਹੇ ਦੀਆਂ 860 ਪੰਚਾਇਤਾਂ ਦੀਆਂ ਜ਼ਮੀਨਾਂ ਦਾ ਵੇਰਵਾ ਲੈ ਕੇ 174 ਖੇਡ ਮੈਦਾਨ ਤਿਆਰ ਕਰਵਾਉਣ ਦੀ ਕੰਮ ਸ਼ੁਰੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰਨ ਅਤੇ ਰੰਗਲੇ ਪੰਜਾਬ ਦੀ ਸਥਾਪਨਾ ਲਈ ਕੀਤੇ ਜਾ ਰਹੇ ਯਤਨਾਂ ਨੂੰ ਹਕੀਕਤ ਵਿੱਚ ਬਦਲਨ ਦੀ ਸਾਡੀ ਕੋਸ਼ਿਸ਼ ਜਾਰੀ ਹੈ। ਇਸ ਲਈ ਸਾਡਾ ਮੰਤਵ ਜ਼ਿਲ੍ਹੇ ਦੇ ਹਰੇਕ ਪਿੰਡ ਵਿੱਚ ਖੇਡ ਮੈਦਾਨ ਦੀ ਸੁਵਿਧਾ ਦੇਣੀ ਹੈ ਅਤੇ ਜਿਨ੍ਹਾਂ ਪਿੰਡਾਂ ਵਿੱਚ ਪੰਚਾਇਤੀ ਜਾਂ ਸਕੂਲ ਦੀ ਜ਼ਮੀਨ ਥੋੜ੍ਹੀ ਹੈ ਉਥੇ ਬੈਡਮਿੰਟਨ ਜਾਂ ਕ੍ਰਿਕਟ ਨੈੱਟ ਦੀ ਸਹੂਲਤ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਅਸੀਂ 495 ਖੇਡ ਮੈਦਾਨਾਂ ਦੀ ਸ਼ਨਾਖਤ ਕੀਤੀ ਹੈ ਅਤੇ ਫਿਲਹਾਲ 174 ਖੇਡ ਮੈਦਾਨ ਬਣਾਉਣ ਉੱਤੇ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਉਨਾਂ ਦੱਸਿਆ ਕਿ ਇਨ੍ਹਾਂ ਵਿੱਚੋਂ ਅਜਨਾਲਾ ਵਿੱਚ 12, ਹਰਸ਼ਾ ਛੀਨਾ ਬਲਾਕ ਵਿੱਚ 16, ਰਮਦਾਸ ਬਲਾਕ ਵਿੱਚ 12, ਚੁਗਾਵਾਂ ਵਿੱਚ 20, ਮਜੀਠਾ ਵਿੱਚ 20, ਤਰਸਿੱਕਾ ਵਿੱਚ 22, ਜੰਡਿਆਲਾ ਵਿੱਚ 17, ਰਈਆ ਵਿੱਚ 22, ਅਟਾਰੀ ਬਲਾਕ ਵਿੱਚ 16 ਅਤੇ ਵੇਰਕਾ ਵਿੱਚ 17 ਖੇਡ ਮੈਦਾਨ ਬਣਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਵੇਲੇ 31 ਖੇਡ ਮੈਦਾਨ ਤਿਆਰ ਕੀਤੇ ਜਾ ਚੁੱਕੇ ਹਨ ਜਦਕਿ ਬਾਕੀਆਂ ਵਿੱਚ ਕੰਮ ਚੱਲ ਰਿਹਾ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਦੀਆਂ ਕੁੱਲ 860 ਪੰਚਾਇਤਾਂ ਹਨ ਅਤੇ ਸਾਡੀ ਕੋਸ਼ਿਸ਼ ਹੈ ਕਿ ਹਰੇਕ ਪੰਚਾਇਤ ਦੀ ਜ਼ਮੀਨ 'ਤੇ ਇੱਕ ਖੇਡ ਮੈਦਾਨ ਜ਼ਰੂਰ ਬਣਾਇਆ ਜਾਵੇ ਜਿੱਥੇ ਕਿ ਉਸ ਇਲਾਕੇ ਦੇ ਬੱਚੇ ਅਤੇ ਜਵਾਨ ਖੇਡ ਸਕਣ ਅਤੇ ਬਜ਼ੁਰਗ ਤੇ ਔਰਤਾਂ ਸਵੇਰੇ ਸ਼ਾਮ ਸੈਰ ਕਰਕੇ ਆਪਣਾ ਸਰੀਰ ਤੰਦਰੁਸਤ ਰੱਖ ਸਕਣ।

# ਪਾਵਰਕਾਮ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਮੰਗਾਂ ਨੂੰ ਲੈ ਕੇ ਵਿਸ਼ੇਸ਼ ਇਕੱਤਰਤਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਦਿਹਾਤੀ ਮੰਡਲ ਬਟਾਲਾ ਵੱਲੋਂ ਡੇਰਾ ਬਾਬਾ ਨਾਨਕ ਪਾਵਰਕਾਮ ਦੇ ਦਫ਼ਤਰ ਸਾਹਮਣੇ ਜਸਪਾਲ ਸਿੰਘ ਬੇਦੀ ਸੀਨੀਅਰ ਮੀਤ ਪ੍ਰਧਾਨ ਪੈਨਸ਼ਨਰ ਐਸੋਸੀਏਸ਼ਨ ਦੀ ਪ੍ਰਧਾਨਗੀ ਹੇਠ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਮੀਟਿੰਗ ਦੌਰਾਨ ਸਾਥੀ ਮੁਲਾਜ਼ਮਾਂ ਨੂੰ 2016 ਦੀ ਬਕਾਏ ਦੀਆਂ ਕਿਸ਼ਤਾਂ ਨਾ ਜਾਰੀ ਕਰਨ, ਪੈਨਸ਼ਨਰਾਂ ਨੂੰ 2.59 ਦਾ ਫ਼ਾਰਮੂਲਾ ਨਾ ਦੇਣ ਅਥੇ 13% ਦੀ ਡੀ ਏ ਦੀਆਂ ਕਿਸ਼ਤਾਂ ਜਾਰੀ ਨਾ ਕਰਨ ਤੇ ਰੋਸ ਪ੍ਰਗਟ ਕਰਦਿਆਂ ਯੂਨੀਅਨ ਵੱਲੋਂ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਆਪਣੇ ਸੰਬੋਧਨ ਦੌਰਾਨ ਸਾਥੀ ਜਸਪਾਲ ਸਿੰਘ ਬੇਦੀ, ਸੁੱਚਾ ਸਿੰਘ ਕਾਹਲਾ ਵਾਲੀ, ਸਤਨਾਮ ਸਿੰਘ ਸੰਧੂ, ਹਰਜਿੰਦਰ ਕੁਮਾਰ ਨੇ ਕਿਹਾ ਕਿ ਪੈਨਸ਼ਨਰਾਂ ਵੱਲੋਂ ਆਪਣੇ ਬਕਾਏ ਲੈਣ ਲਈ ਬੋਰਡ ਵਲੋਂ ਨਿਰਧਾਰਤ ਫਾਰਮ ਭਰ ਕੇ ਦਿੱਤੇ ਗਏ ਹਨ ਅਤੇ ਉਹ ਇਸ ਮੰਗਾਂ ਸਬੰਧੀ ਯੂਨੀਅਨ ਦੇ ਵਫ਼ਦ ਨੂੰ ਨਾਲ ਲੈ ਕੇ ਜਗਤਾਰ ਸਿੰਘ ਐਕਸੀਅਨ ਦਿਹਾਤੀ ਮੰਡਲ ਬਟਾਲਾ ਨੂੰ ਮਿਲੇ ਹਨ ਤੇ ਆਪਣੀਆਂ ਮੁਸ਼ਕਿਲਾਂ ਦਾ ਹੱਲ ਜਲਦ ਕਰਨ ਲਈ ਕਿਹਾ ਗਿਆ ਹੈ।ਉਨ੍ਹਾਂ ਕਿਹਾ ਕਿ ਐਕਸੀਅਨ ਜਗਤਾਰ ਸਿੰਘ ਵੱਲੋਂ ਪੈਨਸ਼ਨਰਾਂ ਨੂੰ ਭਰੋਸਾ ਦਿੱਤਾ ਗਿਆ ਹੈ ਅਤੇ ਅਕਾਊਂਟੈਂਟ ਨੂੰ 30 ਜੂਨ ਤੱਕ ਬਕਾਏ ਜਾਰੀ ਕਰਨ ਦੀ ਹਦਾਇਤ ਜਾਰੀ ਕੀਤੀ ਗਈ ਹੈ।ਇਸ ਮੌਕੇ ਜਸਪਾਲ ਸਿੰਘ ਬੇਦੀ, ਸੁੱਚਾ ਸਿੰਘ ਕਾਹਲਾ ਵਾਲੀ, ਹਰਜਿੰਦਰ ਕੁਮਾਰ, ਸਤਨਾਮ ਸਿੰਘ ਸੰਧੂ, ਬਲਵਿੰਦਰ ਸਿੰਘ, ਦਿਲਬਾਗ ਸਿੰਘ ਕੋਟਲੀ, ਸੁਖਵਿੰਦਰ ਸਿੰਘ ਗਿੱਲ ਨੇ ਵੀ ਆਪਣੇ ਵਿਚਾਰ ਰੱਖੇ ਅਤੇ ਮੰਗ ਕੀਤੀ ਗਈ ਕਿ ਪੈਨਸ਼ਨਰਾਂ ਦੀਆਂ ਮੰਗਾਂ ਦਾ ਜਲਦੀ ਹੱਲ ਕੀਤਾ ਜਾਵੇ।



# ਦੁਕਾਨਦਾਰਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਜੀਐੱਸਟੀ ਵਿਭਾਗ ਨੇ ਕੈਂਪ ਲਗਾਇਆ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਕਸਬਾ ਕਾਦੀਆਂ ਦੇ ਹਰਚੋਵਾਲ ਰੋਡ ਸਥਿਤ ਰੈਸਟੋਰੈਂਟ ਰੇਡੀਅਨਸ ਵਿਖੇ ਆਮ ਲੋਕਾਂ ਨੂੰ ਜਾਗਰੂਕ ਅਤੇ ਪ੍ਰੇਰਿਤ ਕਰਨ ਦੇ ਲਈ ਜੀਐੱਸਟੀ ਵਿਭਾਗ ਨੇ ਜੁਆਇੰਟ ਡਾਇਰੈਕਟਰ ਰਾਜਵਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੁਪਨੰਦਨਦੀਪ ਕੌਰ ਦੇ ਆਦੇਸ਼ਾਂ 'ਤੇ ਜੀਐੱਸਟੀ ਨੂੰ ਸੂਚੀਬੱਧ ਕਰਨ ਲਈ ਕੈਂਪ ਈਟੀਓ ਇੰਦਰਵੀਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਲਗਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਕਰਿਆਨਾ, ਕੱਪੜਾ ਵਪਾਰੀ, ਮੁਨਿਆਰੀ, ਸੁਨਿਆਰੇ ਅਤੇ ਰੈਡੀਮੇਡ ਦਾ ਕਾਰੋਬਾਰ ਕਰਨ ਵਾਲਿਆਂ ਨੇ ਭਾਗ ਲਿਆ। ਅੱਜ ਦੇ ਇਸ ਕੈਂਪ ਵਿੱਚ ਜੀਐੱਸਟੀ ਵਿਭਾਗ ਦੇ ਅਧਿਕਾਰੀਆਂ ਨੇ ਭਾਗ ਲਿਆ ਅਤੇ ਲੋਕਾਂ ਨੂੰ ਜੀਐੱਸਟੀ ਸਬੰਧੀ ਜਾਗਰੂਕ ਕੀਤਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਜੀਐੱਸਟੀ ਨੰਬਰ ਲੈਣ ਅਤੇ ਰਜਿਸਟਰ ਹੋਣ ਨਾਲ ਬਹੁਤ ਸਾਰੇ ਲਾਭ ਵਪਾਰੀਆਂ ਨੂੰ ਹੁੰਦੇ ਹਨ ਜਿਵੇਂ ਕਿ ਬੈਂਕਾਂ ਤੋਂ ਲੋਨ ਲੈਣਾ ਆਸਾਨ ਹੋ ਜਾਂਦਾ ਹੈ ਅਤੇ ਬੈਂਕ ਇਹੋ ਜਿਹੀ ਸ਼੍ਰੇਣੀ ਵਿੱਚ ਆਉਂਦਾ ਹੈ ਜਿਸ ਨਾਲ ਦੁਕਾਨਦਾਰ ਆਪਣੇ ਵਪਾਰ ਨੂੰ ਬੁਲੰਦੀਆਂ ਤੱਕ ਪਹੁੰਚਾ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਜੀਐੱਸਟੀ ਦੀ ਰਜਿਸਟ੍ਰੇਸ਼ਨ ਵਿੱਚ ਦੋ ਤਰ੍ਹਾਂ ਦੇ ਨੰਬਰ ਹੁੰਦੇ ਹਨ ਜਿਨ੍ਹਾਂ ਵਿੱਚ ਇਕ ਨੰਬਰ ਰੈਗੂਲਰ ਜੋ ਵੱਡੇ ਵਪਾਰੀਆਂ ਲਈ ਅਤੇ ਇੱਕ ਛੋਟੇ ਕੰਪੋਜ਼ੀਸ਼ਨ ਨੰਬਰ ਜੋ ਛੋਟੇ ਵਪਾਰੀਆਂ ਲਈ ਹੁੰਦੇ ਹਨ ਅਤੇ ਉਨ੍ਹਾਂ ਦੇ ਫਾਇਦੇ ਲਈ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਇਨ੍ਹਾਂ ਨੰਬਰਾਂ ਦੀ ਰਿਟਰਨ ਫਾਈਲ ਕਰਨ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਕਿਹਾ ਕਿ ਸਾਰੇ ਦੁਕਾਨਦਾਰ ਆਪਣੇ ਜੀਐੱਸਟੀ ਨੰਬਰ ਆਪਣੇ ਬੋਰਡਾਂ 'ਤੇ ਲਿਖਣ। ਸਾਰੇ ਦੁਕਾਨਦਾਰ ਆਪਣੀਆਂ ਬਿੱਲ ਬੁੱਕਾਂ ਵੀ ਦੁਕਾਨਾਂ 'ਤੇ ਰੱਖਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਿਤ ਮਹਾਜਨ ਲੱਕੀ ਕਰਿਆਨਾ ਪ੍ਰਧਾਨ, ਸੀਏ ਸਾਹਿਲ ਮਹਾਜਨ, ਸੁਨਿਆਰ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਗਾਰਮੈਂਟ ਅਤੇ ਕਾਸਮੈਟਿਕ ਐਸੋਸੀਏਸਨ ਦੇ ਪ੍ਰਧਾਨ ਤੋਂ ਇਲਾਵਾ ਇੰਸਪੈਕਟਰ ਯੁਵਰਾਜ ਸਿੰਘ, ਇੰਸਪੈਕਟਰ ਸੁਖਵੰਤ ਕੌਰ, ਮੰਨੂ ਭਾਟੀਆ ਗਾਰਮੈਂਟ ਪ੍ਰਧਾਨ, ਜੋਗਿੰਦਰ ਪਾਲ ਭੁਟੋ, ਆਦਿ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।



# ਸਰਕਾਰੀ ਸਿਹਤ ਸੰਸਥਾਵਾਂ 'ਚ ਮਨਾਇਆ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਦਿਵਸ

**ਮੋਹਾਲੀ (ਗੁਰਜੀਤ ਬਿੱਲਾ)**- ਜ਼ਿਲ੍ਹੇ ਦੀਆਂ ਵੱਖ-ਵੱਖ ਸਰਕਾਰੀ ਸਿਹਤ ਸੰਸਥਾਵਾਂ ਵਿਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਮੁਹਿੰਮ ਤਹਿਤ ਸਿਹਤ ਜਾਗਰੂਕਤਾ ਅਤੇ ਜਾਂਚ ਕੈਂਪ ਲਗਾਏ ਗਏ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਪਰਿਵਾਰ ਭਲਾਈ ਅਧਿਕਾਰੀ ਡਾ. ਤਮੰਨਾ ਸਿੰਘਲ ਨੇ ਦੱਸਿਆ ਕਿ ਇਸ ਕੜੀ ਤਹਿਤ ਗਰਭਵਤੀ ਔਰਤਾਂ ਦੀ ਏਐੱਨਸੀ ਜਾਂਚ ਤੇ ਲੋੜੀਂਦੇ ਮੈਡੀਕਲ ਟੈਸਟ ਕੀਤੇ ਗਏ ਅਤੇ ਗਰਭਵਤੀ ਔਰਤਾਂ ਦੇ ਸੁਰੱਖਿਅਤ ਜਣੇਪੇ ਨੂੰ ਯਕੀਨੀ ਬਣਾਉਣ ਲਈ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ।ਅਧਿਕਾਰੀਆਂ ਨੇ ਦੱਸਿਆ ਕਿ ਮਾਵਾਂ ਅਤੇ ਬੱਚਿਆਂ ਦੀ ਮੌਤ ਦਰ ਵਿਚ ਕਮੀ ਲਿਆਉਣ ਵਿਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰਤਵ ਅਭਿਆਨ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਸਾਰੀਆਂ ਸਰਕਾਰੀ ਸੰਸਥਾਵਾਂ ਵਿੱਚ ਹਰ ਮਹੀਨੇ ਦੀ 9 ਤਰੀਕ ਅਤੇ 23 ਤਰੀਕ ਨੂੰ ਵਿਸ਼ੇਸ਼ ਤੌਰ 'ਤੇ ਉਚ-ਜੋਖ਼ਮ ਗਰਭਵਤੀ ਔਰਤਾਂ ਦੇ ਸੁਰੱਖਿਅਤ ਜਣੇਪੇ ਲਈ ਮਾਹਰ ਡਾਕਟਰਾਂ ਵੱਲੋਂ ਜਾਂਚ ਕੀਤੀ ਜਾਂਦੀ ਹੈ। ਗਰਭਵਤੀ ਔਰਤਾਂ ਦੀਆਂ ਜਣੇਪੇ ਤੋਂ ਪਹਿਲਾਂ ਚਾਰ ਵਾਰ ਏਐੱਨਸੀ ਜਾਂਚ ਕਰਵਾਉਣਾ ਬੇਹੱਦ ਜ਼ਰੂਰੀ ਹੈ, ਇਸ ਲਈ ਸਿਹਤ ਵਿਭਾਗ ਇਸ ਪ੍ਰੋਗਰਾਮ ਨੂੰ ਹੋਰ ਮਜ਼ਬੂਤ ਬਣਾਉਣ ਦੀ ਦਿਸ਼ਾ ਵਿਚ ਯਤਨਸ਼ੀਲ ਹੈ।ਸੁਰੱਖਿਅਤ ਜਣੇਪੇ ਲਈ ਗਰਭ ਅਵਸਥਾ ਤੋਂ ਹੀ ਚੌਕਸੀ ਜ਼ਰੂਰੀ ਹੈ।ਇਸ ਪ੍ਰੋਗਰਾਮ ਤਹਿਤ ਜ਼ਿਲ੍ਹੇ ਅੰਦਰ ਹੁਣ ਤੱਕ ਹਜ਼ਾਰਾਂ ਗਰਭਵਤੀ ਔਰਤਾਂ ਵੱਲੋਂ ਲਾਭ ਉਠਾਇਆ ਜਾ ਚੁੱਕਿਆ ਹੈ।ਇਸ ਮੌਕੇ ਗਰਭਵਤੀ ਔਰਤਾਂ ਨੂੰ ਰਿਫਰੈਸ਼ਮੈਂਟ ਵੀ ਵੰਡੀ ਜਾਂਦੀ ਹੈ। ਅਧਿਕਾਰੀਆਂ ਨੇ ਲੋੜਵੰਦਾਂ ਨੂੰ ਸਰਕਾਰੀ ਸਿਹਤ ਸੰਸਥਾਵਾਂ ਵਿਚ ਪਹੁੰਚ ਕੇ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਮੁਫਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਅਪੀਲ ਕੀਤੀ।



# 18 ਨੂੰ ਡੀਐੱਸਪੀ ਦਫਤਰ ਬਾਬਾ ਬਕਾਲਾ ਦਾ ਘਿਰਾਓ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਡੀ. ਵਾਈ. ਐੱਫ. ਆਈ. (ਡੈਮੋਕਰੇਟਿਕ ਯੂਥ ਫੈਡਰੇਸ਼ਨ ਆਫ ਇੰਡੀਆ) ਦੇ ਵਰਕਰ ਪਾਰਸ ਸਿੰਘ ਵਾਸੀ ਮਜੀਠਾ ਰੋਡ ਦਾ ਪੁਲਸ ਵੱਲੋਂ ਜ਼ਬਤ ਕੀਤਾ ਮੋਟਰਸਾਈਕਲ ਛੁਡਵਾਉਣ ਲਈ ਪੁਤਲੀਘਰ ਵਿਖੇ ਸਥਿਤ ਪਾਰਟੀ ਦਫਤਰ ਵਿਖੇ ਪ੍ਰਧਾਨ ਰਾਜਨ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਕਰਕੇ ਸਦਰ ਪੁਲਸ ਥਾਣੇ ਤੱਕ ਮਾਰਚ ਕਰਨ ਦਾ ਫੈਸਲਾ ਕੀਤਾ ਗਿਆ ਪਰ ਏਡੀਸੀਪੀ ਸਿਟੀ-2 ਹਰਪਾਲ ਸਿੰਘ ਰੰਧਾਵਾ ਦੇ ਦਖਲ ਨਾਲ ਇਸ ਮਸਲੇ ਦਾ ਹੱਲ ਹੋਣ ਉਪਰੰਤ ਇਹ ਮਾਰਚ ਪਾਰਟੀ ਦਫਤਰ ਵਿੱਚ ਹੀ ਖਤਮ ਕਰ ਦਿੱਤਾ ਗਿਆ।ਇਸ ਮੌਕੇ ਸੀਟੂ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ, ਸੀਪੀਆਈਐਮ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਚਰਨਜੀਤ ਮਜੀਠਾ, ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਜਸਬੀਰ ਝਬਾਲ, ਕਿਸਾਨਾਂ ਦੇ ਆਗੂ ਭੁਪਿੰਦਰਜੀਤ ਸਿੰਘ ਛੀਨਾ ਅਤੇ ਐਡਵਾ ਦੀ ਆਗੂ ਮਨਦੀਪ ਕੌਰ ਨੇ ਸੰਬੋਧਨ ਕਰਦਿਆਂ ਜਿੱਥੇ ਆਪਣੀ ਜਥੇਬੰਦੀ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ, ਉਥੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਸੰਘਰਸ਼ ਕਰਨ ਤੇ ਜ਼ੋਰ ਦਿੱਤਾ। ਕਾਮਰੇਡ ਅਜਨਾਲਾ ਨੇ ਦੱਸਿਆ ਕਿ ਬਾਬਾ ਬਕਾਲਾ ਤਹਿਸੀਲ ਵਿੱਚ ਸਾਡੇ ਸਾਥੀ ਕਾਮਰੇਡ ਗੁਰਦੀਪ ਸਿੰਘ ਬਤਾਲਾ ਦੇ ਲੜਕੇ ਸੰਗਰਾਮ ਸਿੰਘ 'ਤੇ ਦਰਜ ਝੂਠਾ ਕੇਸ ਵਾਪਸ ਕਰਾਉਣ ਲਈ 18 ਜੂਨ ਨੂੰ ਡੀਐੱਸਪੀ ਬਾਬਾ ਬਕਾਲਾ ਦਾ ਘਿਰਾਓ ਕੀਤਾ ਜਾਵੇਗਾ। ਉਨ੍ਹਾਂ ਆਪਣੇ ਨੌਜਵਾਨ ਸਾਥੀਆਂ ਨੂੰ ਬਾਬਾ ਬਕਾਲਾ ਸਾਹਿਬ ਪੁੱਜ ਕੇ ਇਸ ਸੰਘਰਸ਼ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ।ਇਸ ਮੌਕੇ ਕਾਮਰੇਡ ਕਿਰਪਾ ਰਾਮ, ਕਾਮਰੇਡ ਜੀਤ ਰਾਜ, ਕਾਮਰੇਡ ਵਿਜੇ ਕੁਮਾਰ, ਜਪਿੰਦਰ ਸਿੰਘ, ਅਜਮੇਲ ਸਿੰਘ, ਮਨਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਹਰਦੇਵ ਸਿੰਘ, ਸਾਜਨ ਸਿੰਘ, ਸੋਨੂੰ, ਸਾਹਿਬ ਸਿੰਘ, ਗੁਰਪ੍ਰੀਤ ਸਿੰਘ ਆਦਿ ਵੀ ਹਾਜ਼ਰ ਸਨ।



# ਉਜਰਤ ਵਧਾਉਣ ਦੀ ਥਾਂ ਮਾਨ ਸਰਕਾਰ ਨੇ ਦਿਹਾੜੀ ਕੰਮ ਦੇ ਘੰਟੇ 8 ਤੋਂ ਵਧਾ ਕੇ 12 ਕਰ ਦਿੱਤੇ

**● ਮਜ਼ਦੂਰ ਜਥੇਬੰਦੀਆਂ ਰੋਸ ਵਜੋਂ ਅੱਜ ਵਿਧਾਇਕਾਂ ਨੂੰ ਮੁੱਖ ਮੰਤਰੀ ਦੇ ਨਾਂਅ ਸੌਂਪਣਗੀਆਂ ਮੰਗ ਪੱਤਰ**

**ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)**- ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ), ਡੈਮੋਕ੍ਰੇਟਿਕ ਮੁਲਾਜ਼ਮ ਫਰੰਟ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਵੱਲੋਂ ਸੂਬਾ ਪੱਧਰੀ ਸੱਦੇ ਤਹਿਤ ਦੁਕਾਨ ਤੇ ਵਪਾਰਕ ਅਦਾਰੇ ਕਾਨੂੰਨ 1958 ਵਿਚ ਕੀਤੀ ਗਈ ਸੋਧ ਨੂੰ ਕਿਰਤੀਆਂ ਦੇ ਹਿੱਤਾਂ ਦੇ ਵਿਰੋਧੀ ਦੱਸਦੇ ਹੋਏ ਇਹ ਸੋਧ ਵਾਪਸ ਲੈਣ ਲਈ 13 ਜੂਨ ਨੂੰ ਵਿਧਾਇਕਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਮ ਮੰਗ ਪੱਤਰ ਸੌਂਪਣ ਦਾ ਫੈਸਲਾ ਕੀਤਾ ਹੈ।ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਯੂਥ ਵਿੰਗ ਦੇ ਸੂਬਾ ਆਗੂ ਮੇਜਰ ਸਿੰਘ ਕੋਟ ਟੋਡਰ ਮੱਲ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਮਾਲਕਾਂ ਨੂੰ ਕਾਮਿਆਂ ਕੋਲੋਂ 12 ਘੰਟੇ ਕਾਨੂੰਨੀ ਤੌਰ ਤੇ ਕੰਮ ਕਰਨ ਦਾ ਹੱਕ ਦੇ ਦਿੱਤਾ।ਇਹ ਕਾਮਿਆਂ ਦੇ ਉਸ ਹੱਕ ਉਤੇ ਹਮਲਾ ਹੈ ਜੋ ਅਮਰੀਕਾ ਦੇ ਸ਼ਿਕਾਗੋ ਵਿੱਚ 1806 ਤੋਂ 1886 ਤੱਕ ਲੜ ਕੇ ਲਿਆ ਸੀ। ਲੱਖਾਂ ਲੋਕਾਂ ਨੇ ਕੁਰਬਾਨੀਆਂ ਦੇ ਕੇ ਅੱਜ ਤੋਂ 139 ਸਾਲ ਪਹਿਲਾਂ ਸੰਘਰਸ਼ ਕਰਕੇ 8 ਘੰਟੇ ਕੰਮ ਦਿਹਾੜੀ ਕਰਨ ਦਾ ਕਾਨੂੰਨ ਬਣਵਾਇਆ ਸੀ। ਜਦੋਂ ਕਿ ਪਹਿਲਾਂ ਮਜ਼ਦੂਰਾਂ ਤੋਂ ਸੂਰਜ ਚੜ੍ਹਨ ਤੋਂ ਸੂਰਜ ਡੁੱਬਣ ਤੱਕ ਕੰਮ ਕਰਵਾਇਆ ਜਾਂਦਾ ਸੀ। ਮਜ਼ਦੂਰ ਤੋਂ ਮਸ਼ੀਨ ਦੀ ਤਰ੍ਹਾਂ ਕੰਮ ਨਹੀਂ ਲਿਆ ਜਾ ਸਕਦਾ। ਮਾਨ ਸਰਕਾਰ ਨੇ 20 ਕਿਰਤੀਆਂ ਵਾਲੀਆਂ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਨੂੰ ਰਜਿਸਟਰੇਸ਼ਨ ਤੋਂ ਮੁਕਤ ਕਰਕੇ ਇਨ੍ਹਾਂ ਵਿਚ ਕੰਮ ਕਰਦੇ ਕਾਮਿਆਂ ਕੋਲੋਂ ਆਪਣੀ ਰਜਿਸਟਰਡ ਯੂਨੀਅਨ ਬਣਾਉਣ ਦਾ ਹੱਕ ਵੀ ਖੋਹ ਲਿਆ ਹੈ। ਲੱਖਾਂ ਮਜ਼ਦੂਰ ਕੰਮ ਦੀ ਭਾਲ ਲਈ ਆਪਣੇ ਘਰ ਪਰਿਵਾਰ ਛੱਡ ਕੇ ਵਿਦੇਸ਼ਾਂ ਵਿੱਚ ਕੰਮ ਕਰਨ ਲਈ ਦੇਸ਼ ਛੱਡ ਕੇ ਜਾ ਰਹੇ ਹਨ। ਪੰਜਾਬ ਅੰਦਰ ਲੱਖਾਂ ਨੌਜਵਾਨ ਕੰਮ ਨਾ ਹੋਣ ਕਾਰਨ ਨਸ਼ਿਆਂ ਦੇ ਆਦੀ ਬਣ ਰਹੇ ਹਨ। ਹਜ਼ਾਰਾਂ ਲੋਕਾਂ ਦੀਆਂ ਆਏ ਸਾਲ ਮੌਤਾਂ ਹੋ ਰਹੀਆਂ ਹਨ। ਪੰਜਾਬ ਅੰਦਰ ਮਜ਼ਦੂਰਾਂ ਦੀਆਂ ਮੁਸ਼ਕਿਲਾਂ ਪਹਾੜ ਤੋਂ ਵੱਡੀਆਂ ਹਨ। ਸੁਤੰਤਰਤਾ ਦੇ ਮਾਲਕ ਤਾਂ ਉਹ ਹਨ ਜਿਨ੍ਹਾਂ ਦੇ ਹੱਥ ਪੈਦਾਵਾਰ ਦੇ ਸਾਧਨ ਹਨ।ਮਜ਼ਦੂਰ ਜਮਾਤ ਲਈ ਕੋਈ ਸੁਤੰਤਰਤਾ ਨਹੀਂ। ਪੰਜਾਬ ਸਰਕਾਰ ਜ਼ਮੀਨ ਹੱਦਬੰਦੀ ਕਾਨੂੰਨ 1972 ਲੈਂਡ ਸੀਲਿੰਗ ਐਕਟ ਲਾਗੂ ਕਰਕੇ ਵਾਧੂ ਅਤੇ ਲਾਵਾਰਿਸ ਜ਼ਮੀਨਾਂ ਬੇਜ਼ਮੀਨੇ ਦਲਿਤ ਮਜ਼ਦੂਰਾਂ ਅਤੇ ਕਿਸਾਨਾਂ ਵਿੱਚ ਵੰਡੇ ਤਾਂ ਜੋ ਦੱਬੇ ਕੁਚਲੇ ਲੋਕਾਂ ਦਾ ਭਲਾ ਹੋ ਸਕੇ।




# ਸਮਾਣਾ ਹਾਦਸੇ ਦੇ ਵਿਦਿਆਰਥੀਆਂ ਦੀ ਯਾਦ 'ਚ ਚਿਲਡਰਨ ਪਾਰਕ ਬਣਾਵੇ ਸਰਕਾਰ : ਪ੍ਰੋ. ਬਡੂੰਗਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸਮਾਣਾ ਹਾਦਸੇ ਦਾ ਸ਼ਿਕਾਰ ਹੋਏ ਛੇ ਦੇ ਕਰੀਬ ਵਿਦਿਆਰਥੀਆਂ ਦੀ ਯਾਦ ਵਿਚ ਚਿਲਡਰਨ ਪਾਰਕ ਬਣਾਏ ਜਾਣ ਦੀ ਮੰਗ ਕੀਤੀ ਹੈ।ਇਸ ਸਬੰਧ ਵਿਚ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ 7 ਮਈ ਨੂੰ ਟਿੱਪਰ ਅਤੇ ਸਕੂਲ ਵੈਨ ਵਿਚਕਾਰ ਭਿਆਨਕ ਟੱਕਰ ਹੋਈ ਸੀ ਅਤੇ ਇਸ ਹਾਦਸੇ ਵਿਚ ਮਾਸੂਮ ਬੱਚਿਆਂ ਦੀਆਂ ਜਾਨਾਂ ਚਲੀਆਂ ਗਈਆਂ ਸਨ।ਉਨ੍ਹਾਂ ਕਿਹਾ ਕਿ ਜਿੱਥੇ ਇਸ ਘਟਨਾ ਪ੍ਰਤੀ ਉਨ੍ਹਾਂ ਨੇ ਪੀੜਤ ਪਰਿਵਾਰਾਂ ਪ੍ਰਤੀ ਆਪਣੀ ਸੰਵੇਦਨਾ ਪ੍ਰਗਟ ਕੀਤੀ ਸੀ, ਉਥੇ ਹੀ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆਂਦਾ ਸੀ ਕਿ ਅਜਿਹੇ ਹਾਦਸੇ ਨਾ ਹੋਣ। ਉਨ੍ਹਾਂ ਕਿਹਾ ਕਿ ਅਜਿਹੇ ਹਾਦਸਿਆਂ ਪ੍ਰਤੀ ਸਰਕਾਰ ਨੂੰ ਸੰਜੀਦਾ ਰੁਖ ਅਖ਼ਤਿਆਰ ਕਰਕੇ ਸੜਕ ਨੂੰ ਚੌੜਾ ਬਣਾਉਣ ਦਾ ਕੰਮ ਕਰਨਾ ਚਾਹੀਦਾ।ਪ੍ਰੋ. ਬਡੂੰਗਰ ਨੇ ਪੰਜਾਬ ਦੇ ਮੁੱਖ ਮੰਤਰੀ ਦਾ ਇਸ ਗੱਲ ਲਈ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਬੀਤੇ ਦਿਨੀਂ ਪੀੜਤ ਪਰਿਵਾਰਾਂ ਨਾਲ ਸੰਵੇਦਨਾ ਸਾਂਝੀ ਕਰਦਿਆਂ ਸੜਕ ਨੂੰ ਚੌੜਾ ਕਰਨ ਦਾ ਐਲਾਨ ਕੀਤਾ ਹੈ। ਇਹ ਇੱਕ ਚੰਗਾ ਉਪਰਾਲਾ ਹੈ ਤਾਂ ਕਿ ਭਿਆਨਕ ਸੜਕ ਹਾਦਸਿਆਂ ਨੂੰ ਟਾਲਿਆ ਜਾ ਸਕੇ।ਪ੍ਰੋ. ਬਡੂੰਗਰ ਨੇ ਪੰਜਾਬ ਸਰਕਾਰ ਨੂੰ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਭਿਆਨਕ ਸੜਕ ਹਾਦਸੇ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਦੀ ਸਦੀਵੀ ਯਾਦ ਲਈ ਇਕ ਚਿਲਡਰਨ ਪਾਰਕ ਬਣਾ ਦੇਣਾ ਚਾਹੀਦਾ।



## ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 7 ਲੱਖ ਰੁਪਏ ਦੀ ਮਾਰੀ ਠੱਗੀ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਵਿਦੇਸ਼ ਭੇਜਣ ਦੇ ਨਾਮ 'ਤੇ ਠੱਗੀ ਮਾਰਨ ਵਾਲੇ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੀੜਤ ਵਲੋਂ ਦਿੱਤੀ ਸ਼ਿਕਾਇਤ 'ਤੇ ਇਨਕੁਆਰੀ ਉਪ ਕਪਤਾਨ ਪੁਲਸ ਗੁਰਦਾਸਪੁਰ ਨੇ ਪਾਇਆ ਕਿ ਬਿਕਰਮ ਰਾਏ ਪੁੱਤਰ ਸੁਖਦੇਵ ਰਾਜ ਵਾਸੀ ਸਠਿਆਲੀ ਥਾਣਾ ਕਾਹਨੂੰਵਾਨ ਨੇ ਪੀੜਤਾ ਨੀਰੂ ਬਾਲਾ ਪਤਨੀ ਸੂਰਤੀ ਰਾਮ ਵਾਸੀ ਭੂੰਡੇਵਾਲ ਦੇ ਲੜਕੇ ਸਾਹਿਲ ਕੁਮਾਰ ਨੂੰ ਵਿਦੇਸ ਹਾਂਗਕਾਂਗ ਭੇਜਣ ਲਈ 7 ਲੱਖ ਰੁਪਏ ਲਏ ਸਨ ਪਰ ਸਾਹਿਲ ਕੁਮਾਰ ਨੂੰ ਹਾਂਗਕਾਗ ਭੇਜਣ ਦੀ ਬਜਾਏ ਥਾਈਲੈਂਡ ਭੇਜ ਦਿੱਤਾ ਜਿਥੇ ਉਹ ਕਰੀਬ ਇਕ ਮਹੀਨਾ ਰਿਹਾ ਅਤੇ ਬਾਅਦ ਵਿੱਚ ਉਸ ਨੂੰ ਮਲੇਸ਼ੀਆ ਭੇਜ ਦਿੱਤਾ ਜਿਥੇ ਉਹ ਕਰੀਬ ਡੇਢ ਮਹੀਨਾ ਰਿਹਾ ਤੇ ਇਸ ਤੋਂ ਬਾਅਦ ਸਾਹਿਲ ਕੁਮਾਰ ਖੱਜਲ ਖੁਆਰ ਹੋ ਕੇ 50 ਹਜ਼ਾਰ ਰੁਪਏ ਦੀ ਟਿਕਟ ਅਤੇ ਆਊਟ ਪਾਸ ਦਾ ਖਰਚਾ ਕਰਕੇ ਘਰ ਵਾਪਿਸ ਆ ਗਿਆ। ਪੁਲਸ ਨੇ ਬਿਕਰਮ ਰਾਏ ਪੁੱਤਰ ਸੁਖਦੇਵ ਰਾਜ ਵਾਸੀ ਸਠਿਆਲੀ ਖ਼ਿਲਾਫ਼ ਆਈ. ਪੀ. ਸੀ. ਦੀ ਧਾਰਾ 420, 13 ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਦੋ ਨਸ਼ਾ ਤਸਕਰਾਂ ਖ਼ਿਲਾਫ਼ ਐੱਨ ਡੀ ਪੀ ਐੱਸ ਐਕਟ ਤਹਿਤ ਮਾਮਲੇ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਪੁਰਾਣਾ ਸ਼ਾਲਾ ਦੇ ਏ. ਐੱਸ. ਆਈ. ਗੁਰਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨਾਲ ਮੁੱਖਬਰ ਖਾਸ ਨੇ ਇਤਲਾਹ 'ਤੇ ਬਿਜਲੀ ਘਰ ਪੁਰਾਣਾ ਸ਼ਾਲਾ ਬੇਆਬਾਦ ਜਗ੍ਹਾ ਝਾੜੀਆਂ ਵਿੱਚ ਰੇਡ ਕੀਤਾ ਤਾਂ ਰਮਨਦੀਪ ਸਿੰਘ ਉਰਫ਼ ਸਾਬਾ ਪੁੱਤਰ ਗਰਜੀਤ ਸਿੰਘ ਵਾਸੀ ਨੌਸ਼ਹਿਰਾ ਹੈਰੋਇਨ ਪੀ ਰਿਹਾ ਸੀ ਜਿਸ ਨੂੰ ਕਾਬੂ ਕਰਕੇ ਉਸ ਪਾਸੋਂ ਮੌਕੇ 'ਤੇ ਇਕ ਲਾਇਟਰ, ਸਿਲਵਰ ਪੰਨੀ ਅਤੇ 10-ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਰਮਨਦੀਪ ਸਿੰਘ ਖ਼ਿਲਾਫ਼ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਇਸੇ ਤਰ੍ਹਾਂ ਥਾਣਾ ਕਲਾਨੌਰ ਦੇ ਏ. ਐੱਸ. ਆਈ. ਨਰੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਸਪੈਸ਼ਲ ਨਾਕਾਬੰਦੀ ਦੌਰਾਨ ਅੱਡਾ ਖੁਸ਼ੀਪੁਰ ਤੋਂ ਲੱਕੀ ਪੁੱਤਰ ਲਾਬਨ ਮਸੀਹ ਵਾਸੀ ਭੰਡਵਾਂ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈੱਕ ਕੀਤਾ ਜਿਸ ਵਿਚੋਂ 9 ਗਰਾਮ ਹੈਰੋਇਨ ਬਰਾਮਦ ਹੋਈ ਹੈ। ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸੰਭਾਵੀ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪ੍ਰਸ਼ਾਸਨ ਨੇ ਵੱਡੇ ਪੱਧਰ 'ਤੇ ਤਿਆਰੀਆਂ ਆਰੰਭੀਆਂ : ਹਰਜੋਤ ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਬਰਸਾਤਾਂ ਦੇ ਮੌਸਮ ਦੌਰਾਨ ਜਦੋਂ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਬਾਰਿਸ਼ਾਂ ਹੋਣ ਨਾਲ ਸਵਾਂ ਨਦੀ ਵਿਚ ਫਲੈਸ਼ ਫਲੱਡ ਆਉਂਦਾ ਹੈ ਅਤੇ ਭਾਖੜਾ ਡੈਮ ਵਿਚੋਂ ਵਾਧੂ ਮਾਤਰਾ ਵਿਚ ਪਾਣੀ ਛੱਡਣ ਕਾਰਨ ਇਸ ਇਲਾਕੇ ਦੇ ਜਿਹੜੇ ਪਿੰਡ ਸਤਲੁਜ ਤੇ ਸਵਾਂ ਨਦੀ ਦੀ ਮਾਰ ਹੇਠ ਆਉਂਦੇ ਹਨ, ਉਨ੍ਹਾਂ ਦੇ ਕੰਢਿਆ ਨੂੰ ਪੱਕੇ ਕਰਨ, ਡੰਗੇ ਲਗਾਉਣ, ਠੋਕਰਾਂ ਬਣਾਉਣ ਦਾ ਕੰਮ ਪ੍ਰਸ਼ਾਸਨ ਵੱਲੋਂ ਵਿਆਪਕ ਪੱਧਰ ਤੇ ਕੀਤਾ ਜਾ ਰਿਹਾ ਹੈ, ਜਿਸ ਦਾ ਅਸੀਂ ਨਿਰੰਤਰ ਜਾਇਜ਼ਾ ਜ਼ਮੀਨੀ ਪੱਧਰ ਤੇ ਜਾ ਕੇ ਲੈ ਰਹੇ ਹਨ।ਜਿਹੜੇ ਇਲਾਕਿਆਂ ਵਿੱਚ ਪਾਣੀ ਦੀ ਮਾਰ ਜਾਂ ਖਤਰੇ ਦੀ ਸੰਭਾਵਨਾ ਹੈ, ਉਨ੍ਹਾਂ ਇਲਾਕਿਆਂ ਦੇ ਲੋਕ ਸਾਡੇ ਨਾਲ ਸਥਿਤੀ ਬਾਰੇ ਵਿਚਾਰ ਸਾਝੇ ਕਰਨ ਤਾਂ ਕਿ ਆਮ ਲੋਕਾਂ ਦੇ ਜਾਨ ਮਾਲ ਦੀ ਰਾਖੀ ਲਈ ਸਾਰੇ ਪੁਖਤਾ ਪ੍ਰਬੰਧ ਸਮੇਂ ਸਿਰ ਯਕੀਨੀ ਕਰ ਲਏ ਜਾਣ।ਇਹ ਜਾਣਕਾਰੀ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਦਿੰਦੇ ਹੋਏ ਦੱਸਿਆ ਕਿ ਪਿਛਲੇ ਲਗਭਗ ਇੱਕ ਮਹੀਨੇ ਤੋਂ ਤੜਕਸਾਰ ਇਲਾਕੇ ਦੇ ਦਰਿਆਵਾਂ, ਨਹਿਰਾਂ ਦੇ ਕੰਢਿਆਂ ਦੀ ਸਮੀਖਿਆਂ ਜ਼ਮੀਨੀ ਪੱਧਰ ਤੇ ਕੀਤੀ ਜਾ ਰਹੀ ਹੈ। ਇਸ ਦੇ ਲਈ ਉਨ੍ਹਾਂ ਇਲਾਕਿਆਂ ਦੇ ਲੋਕਾਂ ਨਾਲ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ। ਜਿਹੜੇ ਇਲਾਕਿਆਂ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਹਰ ਸਾਲ ਬਰਸਾਤਾਂ ਦੇ ਮੌਸਮ ਦੌਰਾਨ ਪਾਣੀ ਦੀ ਮਾਰ, ਜਾਨ ਮਾਲ ਦਾ ਨੁਕਸਾਨ ਕਰਦੀ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਡੈਮ ਅਤੇ ਦਰਿਆਵਾਂ ਤੋ ਛੱਡੇ ਜਾ ਰਹੇ ਪਾਣੀ ਤੇ ਨਿਰੰਤਰ ਨਜ਼ਰ ਰੱਖ ਰਹੇ ਹਾਂ।ਸਾਡੇ ਲਈ ਇਹ ਬਹੁਤ ਵੱਡੀ ਤਰਾਸਦੀ ਹੈ ਕਿ ਸਾਡਾ ਇਲਾਕਾ ਹੜ੍ਹਾਂ ਦੀ ਮਾਰ ਤਾਂ ਝੱਲਦਾ ਹੈ, ਪ੍ਰੰਤੂ ਸਿੰਚਾਈ ਲਈ ਪਾਣੀ ਹੋਰ ਸੂਬਿਆਂ ਨੂੰ ਚਲਾ ਜਾਦਾ ਹੈ।ਉਨ੍ਹਾਂ ਨੇ ਕਿਹਾ ਕਿ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੇ ਕਿਸਾਨਾਂ ਦੇ ਖੇਤਾਂ ਤੱਕ ਪਾਣੀ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ।ਜਿਹੜੇ ਇਲਾਕਿਆਂ ਵਿਚ ਕਦੇ ਵੀ ਨਹਿਰੀ, ਦਰਿਆਈ, ਸੂਏ, ਕੱਸਿਆ ਤੋ ਪਾਣੀ ਨਹੀ ਮਿਲਿਆ ਸੀ, ਹੁਣ ਖੇਤਾਂ ਨੂੰ ਵੀ ਪਾਣੀ ਮਿਲ ਰਿਹਾ ਹੈ।ਉਨ੍ਹਾਂ ਨੇ ਕਿਹਾ ਕਿ ਸਾਡੇ ਮੁੱਖ ਮੰਤਰੀ ਦੱਸਦੇ ਹਨ ਕਿ ਜਦੋਂ ਕਿਸਾਨ ਧਰਤੀ ਹੇਠੋਂ ਪਾਣੀ ਕੱਢਦਾ ਹੈ ਤਾਂ ਸਰਕਾਰ ਤੇ ਬਿਜਲੀ ਦਾ ਵਾਧੂ ਬੋਝ ਪੈਦਾ ਹੈ, ਜਦੋ ਕਿ ਮੋਟਰਾਂ, ਟਿਊਬਵੈਲ, ਡੂੰਘੇ ਬੋਰ ਅਤੇ ਰੱਖ ਰਖਾਓ ਤੇ ਕਿਸਾਨ ਦਾ ਆਪਣਾ ਖਰਚ ਆਉਦਾ ਹੈ, ਜੋ ਕਿਸਾਨ ਦੀ ਆਰਥਿਕਤਾ ਤੇ ਪ੍ਰਭਾਵ ਪਾਉਦਾ ਹੈ, ਜਦੋਂ ਕਿ ਕੁਦਰਤੀ ਸ੍ਰੋਤਾਂ ਨਾਲ ਭਰਪੂਰ ਪਾਣੀ ਦੀ ਵਰਤੋਂ ਨਾਲ ਦਵਾਈਆਂ, ਖਾਦਾਂ ਦੀ ਵਰਤੋਂ ਵੀ ਘੱਟ ਕਰਨੀ ਪੈਂਦੀ ਹੈ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਿਚ ਵੀ ਸੁਧਾਰ ਹੁੰਦਾ ਹੈ।ਇਸ ਦੇ ਲਈ ਅਸੀਂ ਆਪਣੇ ਸੂਬੇ ਦੇ ਹਿੱਤਾਂ ਤੇ ਹੱਕਾਂ ਤੇ ਪੈ ਰਿਹਾ ਡਾਕਾ ਬੰਦ ਕੀਤਾ ਹੈ।ਸ.ਬੈਂਸ ਨੇ ਕਿਹਾ ਕਿ ਲੋਕਾਂ ਨੂੰ ਅਪੀਲ ਹੈ ਕਿ ਜਿਨ੍ਹਾਂ ਇਲਾਕਿਆਂ ਵਿਚ ਬਰਸਾਤਾਂ ਦੇ ਮੌਸਮ ਦੌਰਾਨ ਪਾਣੀ ਨੇ ਨੁਕਸਾਨ ਕੀਤੇ ਹਨ, ਉਹ ਸਾਡੇ ਨਾਲ ਸੰਪਰਕ ਕਰਨ ਕਿਉਂਕਿ ਜਿੱਥੇ ਵੀ ਕਿਤੇ ਪ੍ਰਸ਼ਾਸਨ ਦੇ ਵੱਲੋਂ ਕੀਤੇ ਜਾ ਰਹੇ ਪ੍ਰਬੰਧਾਂ ਵਿਚ ਹੋਰ ਵਾਧੂ ਪ੍ਰਬੰਧ ਕਰਨ ਦੀ ਜ਼ਰੂਰਤ ਹੈ ਉਸ ਦੇ ਲਈ ਸਮਾਂ ਰਹਿੰਦੇ ਢੁੱਕਵੇਂ ਪ੍ਰਬੰਧ ਕੀਤੇ ਜਾਣਗੇ।ਉਨ੍ਹਾਂ ਨੇ ਦੱਸਿਆ ਕਿ ਇਸ ਇਲਾਕੇ ਦੇ ਦਰਜਨਾਂ ਪਿੰਡਾਂ ਦਾ ਦੌਰਾ ਕਰਕੇ ਦਰਿਆਵਾਂ ਦੇ ਕੰਢਿਆਂ ਦੀ ਮਜ਼ਬੂਤੀ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲੈ ਚੁੱਕੇ ਹਾਂ, ਜਿਸ ਉਤੇ ਮਾਨ ਸਰਕਾਰ ਹਰ ਸਾਲ ਕਰੋੜਾਂ ਰੁਪਏ ਖਰਚ ਰਹੀ ਹੈ।



13-June-PAGE-4.qxd 6/12/2025 10:54 PM Page 1

ਨਵਾਂ ਜ਼ਮਾਨਾ

ਸ਼ੁੱਕਰਵਾਰ, 13 ਜੂਨ 2025

# ਰੋਹਿੰਗਿਆਂ ਨੂੰ ਸਮੁੰਦਰ 'ਚ ਸੁੱਟਣਾ ਕਰੂਰਤਾ ਦੀ ਸਿਖਰ

*ਨਰਿੰਦਰ ਮੋਦੀ ਇਨ੍ਹੀਂ ਦਿਨੀਂ ਆਪਣੇ 11 ਸਾਲਾਂ ਦੇ ਸੱਤਾ ਸੁੱਖ ਦਾ ਜਸ਼ਨ ਮਨਾ ਰਹੇ ਹਨ। ਇਨ੍ਹਾਂ ਗਿਆਰਾਂ ਸਾਲਾਂ ਦੌਰਾਨ ਜਿਸ ਤਰ੍ਹਾਂ ਵਿਰੋਧੀਆਂ 'ਤੇ ਜ਼ੁਲਮ ਢਾਹੇ ਗਏ ਹਨ, ਉਹ ਹਿਟਲਰ ਵਰਗੇ ਫਾਸ਼ੀ ਹਾਕਮਾਂ ਦੀ ਯਾਦ ਤਾਜ਼ਾ ਕਰ ਦਿੰਦੇ ਹਨ। ਦਾਦਰੀ ਦੇ ਮੁਹੰਮਦ ਇਖਲਾਕ ਤੋਂ ਸ਼ੁਰੂ ਹੋਇਆ ਭੀੜਤੰਤਰੀ ਹੱਤਿਆਵਾਂ ਦਾ ਸਿਲਸਿਲਾ ਹਰਿਆਣੇ ਦੇ ਗਊ ਪਾਲਕ ਪਹਿਲੂ ਖਾਂ ਤੇ ਜੁਨੈਦ ਖਾਂ ਤੋਂ ਹੁੰਦਾ ਹੋਇਆ ਹੁਣ ਤੱਕ ਅਨੇਕਾਂ ਜ਼ਿੰਦਗੀਆਂ ਨੂੰ ਡੀਕ ਚੁੱਕਾ ਹੈ। ਬੁਲਡੋਜ਼ਰ ਧੱਕੇਸ਼ਾਹੀ ਦੀਆਂ ਕਾਰਵਾਈਆਂ ਅੱਜ ਸਮੁੱਚੇ ਦੇਸ਼ ਅੰਦਰ ਇੱਕ ਆਮ ਵਰਤਾਰਾ ਬਣ ਚੁੱਕੀਆਂ ਹਨ। ਅਸਹਿਮਤੀ ਦੀਆਂ ਅਵਾਜ਼ਾਂ ਨੂੰ ਕੁਚਲਣ ਲਈ ਜੇਲ੍ਹਾਂ ਦੇ ਦਰਵਾਜ਼ੇ ਖੋਲ੍ਹੇ ਹੋਏ ਹਨ, ਜਿਨ੍ਹਾਂ ਵਿੱਚ ਵਿਚਾਰਵਾਨ ਬੁੱਧੀਜੀਵੀ ਸੜ ਰਹੇ ਹਨ। ਹਰ ਮਸਜਿਦ ਹੇਠ ਮੰਦਰ ਲੱਭੇ ਜਾ ਰਹੇ ਹਨ, ਤਾਂ ਜੋ ਨਫ਼ਰਤ ਦੀ ਅੱਗ ਨੂੰ ਧੁਖਦਾ ਰੱਖਿਆ ਜਾ ਸਕੇ। ਲੋੜ ਪੈਣ ਉੱਤੇ ਇਸ ਅੱਗ ਦੇ ਭਾਂਬੜ ਭੜਕਾ ਕੇ ਮੁਸਲਮਾਨਾਂ ਜਾਂ ਹੋਰ ਵਿਰੋਧੀਆਂ ਦੇ ਘਰਾਂ ਤੇ ਕਾਰੋਬਾਰੀ ਅਦਾਰਿਆਂ ਨੂੰ ਖਾਕ ਕਰ ਦੇਣ ਦਾ ਸਿਲਸਿਲਾ ਲਗਾਤਾਰ ਚਲਦਾ ਰਹਿੰਦਾ ਹੈ।*

*ਪਹਿਲਗਾਮ ਵਿੱਚ ਦਹਿਸ਼ਤਗਰਦਾਂ ਵੱਲੋਂ ਕੀਤੇ ਗਏ ਵਹਿਸ਼ੀ ਹੱਤਿਆ ਕਾਂਡ ਨੂੰ ਵੀ ਹਿੰਦੂ ਨਫ਼ਰਤੀ ਗੁੰਡਿਆਂ ਨੇ ਸੁਨਹਿਰੀਮੌਕਾ ਸਮਝ ਕੇ ਫਿਰਕੂ ਅੱਗ ਭੜਕਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਕਸ਼ਮੀਰ ਦੇ ਬਸ਼ਿੰਦਿਆਂ ਨੇ ਬਿਨਾਂ ਮਜ਼ਹਬੀ ਭੇਦਭਾਵ ਜਿਸ ਤਰ੍ਹਾਂ ਪਹਿਲਗਾਮ ਦੀ ਘਟਨਾ ਵਿਰੁੱਧ ਇੱਕਮੁੱਠ ਹੋ ਕੇ ਆਪਣਾ ਰੋਹ ਪ੍ਰਗਟਾਇਆ, ਉਸ ਨੇ ਨਫ਼ਰਤੀ ਹਿੰਦੂਤਵੀਆਂ ਦੇ ਮਨਸੂਬਿਆਂ ਉੱਤੇ ਪਾਣੀ ਫੇਰ ਦਿੱਤਾ ਸੀ। ਇਸ ਕਾਰਨ ਇਨ੍ਹਾਂ ਸ਼ਕਤੀਆਂ ਨੇ ਆਪਣੀ ਨਫ਼ਰਤੀ ਮੁਹਿੰਮ ਦਾ ਮੂੰਹ ਉਨ੍ਹਾਂ ਰੋਹਿੰਗਿਆ ਮੁਸਲਮਾਨਾਂ ਵੱਲ ਮੋੜ ਦਿੱਤਾ, ਜਿਹੜੇ ਆਪਣੇ ਦੇਸ਼ ਦੇ ਹਾਕਮਾਂ ਦੇ ਜ਼ੁਲਮਾਂ ਤੋਂ ਤੰਗ ਆ ਕੇ ਵਕਤ ਦੇ ਮਾਰੇ ਭਾਰਤ ਵਿੱਚ ਪਨਾਹ ਲੈਣ ਲਈ ਆ ਗਏ ਸਨ। ਇਹ ਭੁੱਲਣਾ ਨਹੀਂ ਚਾਹੀਦਾ ਕਿ ਮੁਸਲਮਾਨਾਂ ਤੇ ਹੋਰ ਘੱਟ ਗਿਣਤੀਆਂ ਵਿਰੁੱਧ ਹੁੰਦੇ ਹਮਲਿਆਂ ਵਿੱਚ ਆਮ ਹਿਦੂਤਵੀ ਹਮਲਵਰਾਂ ਦੇ ਨਾਲ ਸਰਕਾਰੀ ਮਸ਼ੀਨਰੀ ਦਾ ਵੱਡਾ ਹਿੱਸਾ ਵੀ ਸ਼ਾਮਲ ਹੁੰਦਾ ਹੈ।*

*ਉਂਜ ਤਾਂ ਮੋਦੀ ਸਰਕਾਰ ਦੀ ਛਤਰ-ਛਾਇਆ ਹੇਠ ਹਿੰਦੂਤਵੀ ਕਰੂਰਤਾ ਦੀਆਂ ਸਭ ਹੱਦਾਂ ਟਪਦੇ ਰਹੇ ਹਨ, ਪਰ ਰੋਹਿੰਗਿਆ ਮੁਸਲਮਾਨਾਂ ਦਾ ਜੋ ਹਾਲ ਕੀਤਾ ਗਿਆ, ਉਹ ਬੇਹੱਦ ਘਿਨੌਣਾ ਤੇ ਬੇਕਿਰਕ ਹੈ।*

*ਪਹਿਲਗਾਮ ਦੀ ਘਟਨਾ ਤੋਂ ਬਾਅਦ ਗੋਦੀ ਮੀਡੀਆ ਨੇ ਜਿਹੜੀ ਨਫ਼ਰਤ ਦੀ ਹਨੇਰੀ ਲਿਆਂਦੀ, ਉਸ ਨੇ ਔਖੀਆਂ ਹਾਲਤਾਂ ਵਿੱਚ ਜ਼ਿੰਦਗੀ ਕੱਟ ਰਹੇ ਰੋਹਿੰਗਿਆਂ ਦਾ ਜਿਉਣਾ ਹਰਾਮ ਕਰ ਦਿੱਤਾ ਸੀ। ਅਫ਼ਸਰਸ਼ਾਹੀ ਪੂਰੀ ਸਰਗਰਮ ਹੋ ਗਈ ਤੇ ਉਨ੍ਹਾਂ ਦੀਆਂ ਝੁੱਗੀਆਂ 'ਤੇ ਬੁਲਡੋਜ਼ਰ ਦਨਦਨਾਉਣ ਲੱਗ ਪਏ। ਗੋਦੀ ਮੀਡੀਆ ਨੇ ਇਨ੍ਹਾਂ ਖ਼ਬਰਾਂ ਵੱਲੋਂ ਦੜ ਵੱਟੀ ਰੱਖੀ, ਪਰ ਸੋਸ਼ਲ ਮੀਡੀਆ ਨੇ ਇਨ੍ਹਾਂ ਘਟਨਾਵਾਂ ਦਾ ਭਾਂਡਾ ਫੋੜ ਦਿੱਤਾ।*

*'ਸਕਰਾਲ' ਦੀ ਇੱਕ ਖੋਜੀ ਰਿਪੋਰਟ ਮੁਤਾਬਕ ਬੀਤੀ 6 ਤੇ 7 ਮਈ ਨੂੰ ਜਦੋਂ ਭਾਰਤ ਤੇ ਪਾਕਿਸਤਾਨ ਵਿੱਚ ਯੁੱਧ ਛਿੜ ਗਿਆ ਤਾਂ ਦਿੱਲੀ ਪੁਲਸ ਨੇ ਰੋਹਿੰਗਿਆ ਸ਼ਰਨਾਰਥੀਆਂ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਦਿੱਲੀ ਦੀਆਂ ਪੰਜ ਝੁੱਗੀ ਬਸਤੀਆਂ ਹਸਤਸਾਲ, ਉੱਤਮ ਨਗਰ, ਮਦਨਪੁਰ, ਵਿਕਾਸਪੁਰੀ ਤੇ ਸ਼ਾਹੀਨ ਬਾਗ ਵਿੱਚ ਈਸਾਈ ਤੇ ਮੁਸਲਮਾਨ ਰੋਹਿੰਗਿਆ ਸ਼ਰਨਾਰਥੀਆਂ ਦੇ ਘਰਾਂ ਵਿੱਚ ਛਾਪੇਮਾਰੀ ਕਰਕੇ 43 ਵਿਅਕਤੀ, ਜਿਨ੍ਹਾਂ ਵਿੱਚ ਮਰਦ, ਔਰਤਾਂ ਤੇ ਬੱਚੇ ਸ਼ਾਮਲ ਸਨ, ਹਿਰਾਸਤ ਵਿੱਚ ਲਏ ਗਏ। ਇਨ੍ਹਾਂ ਵਿੱਚ ਇੱਕ ਵਿਅਕਤੀ ਨੂੰ ਹਸਪਤਾਲ ਵਿੱਚੋਂ ਖਿੱਚ ਕੇ ਲਿਆਂਦਾ ਗਿਆ, ਜਿੱਥੇ ਉਹ ਆਪਣੀ ਬਿਮਾਰ ਪਤਨੀ ਦੀ ਦੇਖਭਾਲ ਕਰ ਰਿਹਾ ਸੀ। ਇਨ੍ਹਾਂ ਸਭ ਨੂੰ ਕਈ ਘੰਟੇ ਥਾਣੇ ਵਿੱਚ ਭੁੱਖੇ-ਤਿਹਾਏ ਰੱਖ ਕੇ ਇੰਦਰ ਲੋਕ ਸਥਿਤ ਡਿਟੈਂਸ਼ਨ ਸੈਂਟਰ ਵਿੱਚ ਭੇਜ ਦਿੱਤਾ ਗਿਆ। ਕੁਝ ਸਮੇਂ ਬਾਅਦ ਇਨ੍ਹਾਂ ਨੂੰ ਬੱਸਾਂ ਵਿੱਚ ਭਰ ਕੇ ਹਵਾਈ ਅੱਡੇ ਉੱਤੇ ਲਿਜਾਇਆ ਗਿਆ। ਇੱਥੇ ਇਨ੍ਹਾਂ ਵਕਤਾਂ ਮਾਰਿਆਂ ਨੂੰ ਹਵਾਈ ਜਹਾਜ਼ ਵਿੱਚ ਬਿਠਾ ਕੇ ਅੰਡੇਮਾਨ-ਨਿਕੋਬਾਰ ਦੇ ਹਵਾਈ ਅੱਡੇ ਪੋਰਟ ਬਲੇਅਰ ਵਿਖੇ ਲਿਆਂਦਾ ਗਿਆ। ਇੱਥੇ ਉਨ੍ਹਾਂ ਦੇ ਹੱਥਕੜੀਆਂ ਲਾ ਕੇ ਤੇ ਅੱਖਾਂ 'ਤੇ ਪੱਟੀਆਂ ਬੰਨ੍ਹ ਕੇ ਸੈਨਾ ਦੇ ਸਮੁੰਦਰੀ ਜਹਾਜ਼ ਉੱਤੇ ਚੜ੍ਹਾ ਦਿੱਤਾ ਗਿਆ। ਚਾਰ ਕੁ ਘੰਟਿਆਂ ਬਾਅਦ ਇਨ੍ਹਾਂ ਦੀਆਂ ਪੱਟੀਆਂ ਹਟਾ ਕੇ ਹੱਥਕੜੀਆਂ ਖੋਲ੍ਹ ਦਿੱਤੀਆਂ ਗਈਆਂ ਸਨ। ਇਨ੍ਹਾਂ ਸਭ ਨੂੰ ਲਾਈਫ ਜੈਕਟਾਂ ਪਾ ਕੇ ਸਮੁੰਦਰ ਵਿੱਚ ਧੱਕਾ ਮਾਰ ਦੇਣ ਲਈ ਮਜਬੂਰ ਕੀਤਾ ਗਿਆ ਸੀ। ਇਨ੍ਹਾਂ ਵਿੱਚ ਬਜ਼ੁਰਗ, ਔਰਤਾਂ, ਬੱਚੇ ਤੇ ਬਿਮਾਰ ਵੀ ਸ਼ਾਮਲ ਸਨ। ਚੰਗੀ ਕਿਸਮਤ ਨੂੰ ਇਹ ਸਾਰੇ ਸਹੀ-ਸਲਾਮਤ ਕਿਨਾਰੇ ਜਾ ਲੱਗੇ। ਉਨ੍ਹਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਉਨ੍ਹਾਂ ਨੂੰ ਇੰਡੋਨੇਸ਼ੀਆ ਭੇਜਿਆ ਜਾ ਰਿਹਾ ਹੈ, ਪਰ ਜਦੋਂ ਉਹ ਕਿਨਾਰੇ ਲੱਗੇ ਤਾਂ ਇਹ ਜਾਣ ਕੇ ਕੰਬ ਗਏ ਕਿ ਉਹ ਉਸੇ ਮਿਆਂਮਾਰ ਵਿੱਚ ਆ ਗਏ ਹਨ, ਜਿੱਥੋਂ ਜਾਨ ਬਚਾ ਕੇ ਉਹ ਨਿਕਲੇ ਸਨ।*

*ਮਿਆਂਮਾਰ ਦੀ ਜਲਾਵਤਨ ਸਰਕਾਰ ਦੇ ਇੱਕ ਮੰਤਰੀ ਨੇ ਸਕਰਾਲ ਨੂੰ ਕਿਹਾ ਕਿ ਭਾਰਤ ਵਿੱਚ ਸ਼ਰਨ ਦੀ ਮੰਗ ਕਰਨ ਵਾਲੇ ਰੋਹਿੰਗਿਆਂ ਨੂੰ ਵਾਪਸ ਭੇਜਣਾ ਉਨ੍ਹਾਂ ਨੂੰ ਨਰਕ ਵਿੱਚ ਧੱਕਣ ਦੇ ਬਰਾਬਰ ਹੈ। ਇਸ ਸੰਬੰਧੀ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਦੂਤ ਥਾਮਸ ਐਂਡਰਿਊਜ਼ ਨੇ ਕਿਹਾ, 'ਰੋਹੰਗਿਆ ਨੂੰ ਸੈਨਾ ਦੇ ਜਹਾਜ਼ ਵਿੱਚ ਭਰ ਕੇ ਸਮੁੰਦਰ ਵਿੱਚ ਸੁੱਟ ਦੇਣਾ ਘ੍ਰਿਣਤ, ਗਲਤ ਤੇ ਨਿੰਦਣਯੋਗ ਹੈ।*

*ਭਾਰਤ ਦੀ ਸ਼ਰਨਾਰਥੀਆਂ ਪ੍ਰਤੀ ਇੱਕ ਗੌਰਵਸ਼ਾਲੀ ਪ੍ਰੰਪਰਾ ਰਹੀ ਹੈ। ਚੀਨ ਦੇ ਤਿਬਤੀਆਂ, ਪਾਕਿਸਤਾਨ ਤੇ ਬੰਗਲਾਦੇਸ਼ ਦੇ ਹਿੰਦੂਆਂ ਤੇ ਸ੍ਰੀਲੰਕਾ ਦੇ ਤਾਮਿਲਾਂ ਦਾ ਅਸੀਂ ਦਿਲ ਖੋਲ੍ਹ ਕੇ ਸਵਾਗਤ ਕੀਤਾ ਸੀ। ਆਪਣੇ ਦੇਸ਼ਾਂ ਦੇ ਸਤਾਏ ਲੋਕਾਂ ਨੂੰ ਸ਼ਰਨ ਦੇਣੀ ਸਾਡੀ ਪ੍ਰੰਪਰਾ ਰਹੀ ਹੈ। ਯੂ ਐੱਨ ਦੇ ਮਨੁੱਖੀ ਅਧਿਕਾਰਾਂ ਸੰਬੰਧੀ ਸੰਸਥਾ ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ ਰੋਹਿੰਗਿਆ ਸ਼ਰਧਾਰਥੀਆਂ ਦੀ ਅਬਾਦੀ ਸਿਰਫ਼ 22,500 ਹੈ। ਇਹ ਲੋਕ ਕੂੜਾ ਚੁਣਨ, ਘਰੇਲੂ ਨੌਕਰੀਆਂ ਤੇ ਦਿਹਾੜੀਆਂ ਕਰਕੇ ਆਪਣਾ ਗੁਜਾਰਾ ਕਰਦੇ ਹਨ। ਸਿਰਫ਼ ਮੁਸਲਮਾਨ ਹੋਣ ਕਾਰਨ ਉਨ੍ਹਾਂ 'ਤੇ ਦਹਿਸ਼ਤਗਰਦ ਹੋਣ ਦਾ ਦੋਸ਼ ਮੜ੍ਹ ਦਿੱਤਾ ਜਾਂਦਾ ਹੈ।*

*ਮੋਦੀ ਰਾਜ ਅਧੀਨ ਭਾਰਤ ਬਦਲ ਰਿਹਾ ਹੈ। ਸ਼ਰਨ ਮੰਗਣ ਵਾਲਿਆਂ ਨੂੰ ਡਿਟੈਂਸ਼ਨ ਕੈਂਪਾਂ ਵਿੱਚ ਪਸ਼ੂਆਂ ਵਾਂਗ ਡੱਕ ਦਿੱਤਾ ਜਾਂਦਾ ਹੈ। ਚਲਦੀਆਂ ਗੋਲੀਆਂ ਵਿੱਚ ਉਨ੍ਹਾਂ ਨੂੰ ਸਰਹੱਦਾਂ ਤੋਂ ਬਾਹਰ ਧੱਕ ਦਿੱਤਾ ਜਾਂਦਾ ਹੈ। ਹੁਣ ਸਮੁੰਦਰ ਵਿੱਚ ਸੁੱਟ ਕੇ ਦੇਸ਼ੋਂ ਬਾਹਰ ਕੱਢ ਦੇਣ ਦਾ ਨਵਾਂ ਰਾਹ ਲੱਭ ਲਿਆ ਗਿਆ ਹੈ। ਮੋਦੀ ਸਰਕਾਰ ਹੋਰ ਕਿੰਨਾ ਗਿਰੇਗੀ, ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ।*

**- ਚੰਦ ਫਤਿਹਪੁਰੀ**

# ਮੋਦੀ ਸਰਕਾਰ ਦੇ 11 ਸਾਲਾਂ ਦੌਰਾਨ ਵਿਗਿਆਨਕ ਸੋਚ ਦਾ ਹੋਇਆ ਘਾਣ



ਡਾ. ਅਰੁਣ ਮਿੱਤਰਾ

ਜਦੋਂ ਅਸੀਂ ਵਿਗਿਆਨ ਦੀ ਗੱਲ ਕਰਦੇ ਹਾਂ ਤਾਂ ਉਸ ਦਾ ਮਤਲਬ ਹੈ ਕਿ ਸੱਚ ਦੀ ਖੋਜ; ਸੱਚਾਈ ਨੂੰ ਲੱਭਣਾ, ਕਿਸੇ ਵੀ ਘਟਨਾ ਦੇ ਕਾਰਨ ਨੂੰ ਲੱਭਣਾ, ਪ੍ਰਮਾਣ ਪੇਸ਼ ਕਰਨਾ ਅਤੇ ਪਰਮਾਣਿਤ ਗੱਲ ਨੂੰ ਸਵੀਕਾਰ ਕਰਨਾ। ਇਸ ਲਈ ਵਿਗਿਆਨ ਨੇ ਮਿੱਥਿਆ ਨੂੰ ਤੋੜਿਆ, ਜਿਸ ਕਰਕੇ ਸਮਾਜ ਦਾ ਵਿਕਾਸ ਹੋਇਆ ਅਤੇ ਵਿਗਿਆਨ ਦੇ ਲਾਭਾਂ ਨੇ ਸਾਡੇ ਜੀਵਨ ਨੂੰ ਸੁਖਾਲਾ ਵੀ ਬਣਾਇਆ ਅਤੇ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਦਾ ਢੰਗ ਵੀ ਸਮਝਾਇਆ।

ਸਾਡੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਵਿਗਿਆਨਿਕ ਦ੍ਰਿਸ਼ਟੀਕੋਣ ਦੀ ਗੱਲ ਕਹੀ ਸੀ ਤੇ ਉਹਨਾ ਕਿਹਾ ਸੀ ਕਿ ਦੇਸ਼ ਦਾ ਵਿਕਾਸ ਕਰਨਾ ਹੈ ਤਾਂ ਵਿਗਿਆਨਕ ਦ੍ਰਿਸ਼ਟੀਕੋਣ ਪੈਦਾ ਕਰਨਾ ਅਤੀ ਜ਼ਰੂਰੀ ਹੈ। ਨਹਿਰੂ ਦੀ "ਸਾਇੰਟੀਫਿਕ ਟੈਂਪਰ" ਦੀ ਧਾਰਨਾ ਸਿਰਫ਼ ਵਿਗਿਆਨਕ ਤੱਥਾਂ ਜਾਂ ਤਕਨੀਕੀ ਹੁਨਰ ਸਿੱਖਣ ਤੱਕ ਸੀਮਿਤ ਨਹੀਂ ਸੀ, ਇਹ ਇੱਕ ਸੋਚਣ ਦੇ ਢੰਗ ਨੂੰ ਉਜਾਗਰ ਕਰਦੀ ਸੀ ਇਕ ਅਜਿਹਾ ਰਵੱਈਆ, ਜੋ ਅੰਧ ਵਿਸ਼ਵਾਸ ਦੀ ਥਾਂ ਪ੍ਰਸ਼ਨ ਕਰਨਾ, ਤਰਕ ਨੂੰ ਤੋਹਮਤਾਂ ਤੋਂ ਉਪਰ ਰੱਖਣਾ ਅਤੇ ਸਥਿਰ ਵਿਚਾਰਧਾਰਾ ਦੀ ਥਾਂ ਨਵੀਂ ਜਾਣਕਾਰੀ ਲੱਭਣ ਦੀ ਕੋਸ਼ਿਸ਼ ਨੂੰ ਤਰਜੀਹ ਦੇਣਾ। ਉਹ ਮੰਨਦੇ ਸਨ ਕਿ ਇਹ ਮਨੋਭਾਵ ਨਾ ਸਿਰਫ਼ ਵਿਗਿਆਨਕ ਤਰੱਕੀ ਲਈ ਜ਼ਰੂਰੀ ਹੈ, ਸਗੋਂ ਇੱਕ ਆਧੁਨਿਕ ਅਤੇ ਲੋਕਤੰਤਰਿਕ ਸਮਾਜ ਦੇ ਨਿਰਮਾਣ ਲਈ ਵੀ।

ਨਹਿਰੂ ਚਾਹੁੰਦੇ ਸਨ ਕਿ ਲੋਕ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਵੀ ਸਾਇੰਟੀਫਿਕ ਟੈਂਪਰ ਅਪਣਾਉਣ ਚਾਹੇ ਉਹ ਵੋਟ ਪਾਉਣ ਦੀ ਗੱਲ ਹੋਵੇ, ਬੱਚਿਆਂ ਦੀ ਪਰਵਿਰਸ਼ ਹੋਵੇ ਜਾਂ ਸਮਾਜਿਕ ਮਸਲਿਆਂ ਬਾਰੇ ਵਿਚਾਰ ਬਣਾਉਣਾ ਹੋਵੇ। ਇਹ ਸਿਖਾਉਂਦੀ ਹੈ ਕਿ ਫੈਸਲੇ ਸਬੂਤ ਤੇ ਤਰਕ ਦੇ ਆਧਾਰ 'ਤੇ ਲਏ ਜਾਣ, ਨਾ ਕਿ ਅਫਵਾਹ ਜਾਂ ਸਿਰਫ਼ ਭਾਵਨਾਵਾਂ ਦੇ ਆਧਾਰ 'ਤੇ।

ਅੱਜ ਦੇ ਸਮੇਂ ਵਿੱਚ, ਜਦੋਂ ਗਲਤ ਜਾਣਕਾਰੀ ਤੇ ਧਰੁਵੀਕਰਨ ਵੱਧ ਰਹੇ ਹਨ, ਨਹਿਰੂ ਦੀ ਦ੍ਰਿਸ਼ਟੀ ਹੋਰ ਵੀ ਵਧੇਰੇ ਮਹੱਤਵਪੂਰਨ ਲੱਗਦੀ ਹੈ। ਸਾਇੰਟੀਫਿਕ ਟੈਂਪਰ ਵਿਕਸਤ ਕਰਕੇ ਅਸੀਂ ਕਲਾਈਮੇਟ ਚੇਂਜ, ਸਿਹਤ ਸੰਕਟ ਜਾਂ ਸਮਾਜਿਕ ਵੰਡ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਹੁਸ਼ਿਆਰੀ ਅਤੇ ਇਕੱਠੇ ਹੋ ਕੇ ਕਰ ਸਕਦੇ ਹਾਂ।

ਮੋਦੀ ਸਰਕਾਰ ਦੇ 11 ਸਾਲਾਂ ਦੇ ਦੌਰਾਨ ਜੋ ਕੁਝ ਵੀ ਕੀਤਾ ਗਿਆ, ਉਹ ਵਿਗਿਆਨਿਕ ਦ੍ਰਿਸਟੀਕੋਣ ਨੂੰ ਸੱਟ ਮਾਰਨ ਸੀ। ਤਰਕ ਜਾਂ ਪ੍ਰਸ਼ਨ ਕਰਨਾ ਤੇ ਉਸ ਦੇ ਸਹੀ ਢੰਗ ਨਾਲ ਹੱਲ ਲੱਭਣ ਨੂੰ ਪੂਰੀ ਤਰਾਂ ਨਕਾਰਿਆ ਗਿਆ। ਮਿੱਥਿਆ ਦਾ ਪ੍ਰਚਾਰ ਕੀਤਾ ਗਿਆ ਤੇ ਉਸ ਨੂੰ ਵਧਾਇਆ ਗਿਆ।

ਵਿਗਿਆਨ ਨੇ ਸਾਨੂੰ ਦੱਸਿਆ ਹੈ ਕਿ ਸਭੇ ਮਨੁੱਖ, ਇਸਤਰੀ ਜਾਂ ਪੁਰਸ਼ ਇਕੋ ਹੀ ਵੰਨਗੀ ਦੇ ਹਨ ਅਤੇ ਸਾਡੇ ਵਿੱਚ ਇੱਕੋ ਕਿਸਮ ਦਾ ਖੂਨ ਵਗਦਾ ਹੈ। ਇਸ ਲਈ ਸਮਾਜਿਕ ਸਦਭਾਵ ਰੱਖਣਾ, ਇੱਕ ਦੂਸਰੇ ਨੂੰ ਪਿਆਰ ਮੁਹੱਬਤ ਨਾਲ ਦੇਖਣਾ, ਜੇ ਕੋਈ ਵਿਚਾਰਾਂ ਵਿੱਚ ਮਤਭੇਦ ਹੈ, ਉਸ ਨੂੰ ਤਰਕ ਨਾਲ ਹੱਲ ਕਰਨਾ, ਇਹੀ ਸਮਾਜ ਨੂੰ ਵਿਗਿਆਨਿਕ ਤੌਰ 'ਤੇ ਅੱਗੇ ਲਿਜਾਣ ਦਾ ਤਰੀਕਾ ਹੈ।

ਪਿਛਲੇ ਕੁਝ ਸਾਲਾਂ ਵਿੱਚ ਜਿਵੇਂ ਨਫਰਤੀ ਰਾਜਨੀਤੀ ਫੈਲਾਈ ਗਈ ਉਹ ਇਸ ਗੱਲ ਨੂੰ ਪੂਰੀ ਤਰਾਂ ਨਕਾਰਦੀ ਹੈ। ਮਨਘੜਤ ਗੱਲਾਂ ਬਣਾ ਕੇ ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਇੱਕ-ਦੂਸਰੇ ਦੇ ਖਿਲਾਫ ਨਫਰਤ ਦਾ ਪ੍ਰਚਾਰ ਕਰਕੇ ਹਿੰਸਾ ਦਾ ਪ੍ਰਚਾਰ ਕੀਤਾ ਗਿਆ। ਕੋਈ ਨਾ ਕੋਈ ਬਹਾਨਾ ਬਣਾ ਕੇ ਹੱਤਿਆਵਾਂ ਨੂੰ ਜਾਇਜ ਠਹਿਰਾਇਆ ਗਿਆ ਤੇ ਹੱਤਿਆ ਕਰਨ ਵਾਲਿਆਂ ਨੂੰ ਮਾਣ-ਸਨਮਾਨ ਦਿੱਤਾ ਗਿਆ। ਇਥੋਂ ਤੱਕ ਕਿ ਬਿਲਕਸ ਬਾਨੋ ਦੇ ਪਰਵਾਰ ਦੇ ਬਲਾਤਕਾਰੀਆਂ ਨੂੰ ਵੀ ਜੇਲ੍ਹਾਂ 'ਚੋਂ ਰਿਹਾਅ ਕਰਾਇਆ ਗਿਆ ਅਤੇ ਉਹਨਾਂ ਨੂੰ ਸਿਰੋਪੇ ਦਿੱਤੇ ਗਏ।

ਕੋਵਿਡ ਨੂੰ ਕਾਬੂ ਕਰਨ ਲਈ ਤਾੜੀਆਂ ਵਜਵਾਈਆਂ ਗਈਆਂ, ਥਾਲੀਆਂ ਖੜਕਾਈਆਂ ਗਈਆਂ, ਦੀਏ ਜਲਾਏ ਗਏ। ਇਸ ਕਿਸਮ ਦੀਆਂ ਬੇਤੁਕੀਆਂ ਗੱਲਾਂ ਕੀਤੀਆਂ ਗਈਆਂ ਤੇ ਲੋਕਾਂ ਵਿੱਚ ਡਰ-ਭੈਅ ਪੈਦਾ ਕਰਕੇ ਇਸ ਗੱਲ ਦਾ ਵਿਸ਼ਵਾਸ ਦਵਾਇਆ ਗਿਆ ਕਿ ਇੰਜ ਦੇ ਤਰੀਕਿਆਂ ਨਾਲ ਕੋਵਿਡ ਦੌੜ ਜਾਏਗਾ। ਇਹ ਸਭ ਗੈਰ-ਵਿਗਿਆਨਕ ਸੋਚ ਦਾ ਪ੍ਰਗਟਾਵਾ ਸੀ, ਜੋ ਕਿ ਸਮਾਜ ਵਿੱਚ ਬਕਾਇਦਾ ਸਰਕਾਰੀ ਸ਼ਹਿ 'ਤੇ ਗਿਣੇ-ਮਿਥੇ ਢੰਗ ਦੇ ਨਾਲ ਫੈਲਾਈ ਗਈ।

2014 ਵਿੱਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਡਾਕਟਰਾਂ ਦੇ ਇੱਕ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਇਹ ਗੱਲ ਕਹੀ ਕਿ ਪੁਰਾਤਨ ਸਮੇਂ ਵਿੱਚ ਸਾਡਾ ਵਿਗਿਆਨ ਏਨਾ ਪ੍ਰਫੁਲਤ ਸੀ ਕਿ ਅਸੀਂ ਹਾਥੀ ਦਾ ਸਿਰ ਕੱਟ ਕੇ ਬੰਦੇ ਦੇ ਸਿਰ 'ਤੇ ਲਾ ਸਕਦੇ ਸੀ। ਮੈਂ ਤਾਂ ਕਈ ਡਾਕਟਰਾਂ ਨੂੰ ਵੀ ਇਹ ਕਹਿੰਦੇ ਸੁਣਿਆ ਕਿ 'ਹਾਂ ਬਈ ਸ਼ਾਇਦ ਹੋ ਸਕਦਾ ਹੋਵੇ, ਸਾਨੂੰ ਕੀ ਪਤਾ।' ਇਹ ਸੋਚ ਰੈਵੋਲੂਸ਼ਨਰੀ ਪ੍ਰੋਸੈਸ ਨੂੰ ਬਿਲਕੁਲ ਨਕਾਰਨ ਵਾਲੀ ਗੱਲ ਸੀ, ਜਿਸ ਮੁਤਾਬਕ ਕਿ ਸਮਾਜ ਹਮੇਸ਼ਾ ਹੌਲੀ-ਹੌਲੀ ਅੱਗੇ ਵਧਿਆ ਹੈ ਤੇ ਵਿਗਿਆਨਕ ਖੋਜਾਂ ਮਨੁੱਖੀ ਕਿਰਤ ਦੁਆਰਾ ਕੀਤੀਆਂ ਗਈਆਂ, ਜਿਸ ਨੇ ਕਿ ਸਮਾਜ ਨੂੰ ਅੱਗੇ ਵਧਾਇਆ।

ਇਹੋ ਹੀ ਨਹੀਂ ਗਊ ਮੂਤਰ ਨੂੰ, ਗਾਂ ਦੇ ਗੋਹੇ ਨੂੰ ਬੜੀ ਹੀ ਪ੍ਰਮੁੱਖ ਚੀਜ਼ ਦੱਸਿਆ ਗਿਆ। ਇਹ ਵੀ ਕਿਹਾ ਗਿਆ ਕਿ ਸਾਡੇ ਦੇਸ਼ ਵਿੱਚ ਉੜਨ ਖਟੋਲੇ ਹੁੰਦੇ ਸਨ, ਅੱਜ ਦੇ ਪ੍ਰਮਾਣੂ ਬੰਬ ਜਿਹੜੇ ਹਨ ਉਹ ਪੁਰਾਤਨ ਸਮੇਂ ਦੇ ਬ੍ਰਹਮ ਅਸਤਰ ਹੁੰਦੇ ਸਨ। ਇਸ ਕਿਸਮ ਦੀਆਂ ਬੇਤੁਕੀਆਂ ਗੱਲਾਂ ਪ੍ਰਚਾਰੀਆਂ ਗਈਆਂ ਤੇ ਪ੍ਰਚਾਰ ਏਨਾ ਕੀਤਾ ਗਿਆ ਕਿ ਲੋਕਾਂ ਦਾ ਵਿਸ਼ਵਾਸ ਉਨ੍ਹਾਂ 'ਤੇ ਬੈਠ ਜਾਏ।

ਸਮਾਜਿਕ ਏਕਤਾ 'ਚ ਕਮਜ਼ੋਰੀ ਅਤੇ ਧਰਮ ਦੇ ਨਾਂਅ ਦੇ ਨਫਰਤ ਕਦੇ ਏਨੀ ਨਹੀਂ ਸੀ ਜਿੰਨੀ ਕਿ ਇਹਨਾਂ 11 ਸਾਲ ਦੇ ਵਿੱਚ ਫੈਲਾਈ ਗਈ। ਇਹੋ ਜਿਹਾ ਮਾਹੌਲ ਕਿ ਮੁਸਲਮਾਨਾਂ ਨੂੰ ਮਕਾਨ ਕਿਰਾਏ 'ਤੇ ਲੱਭਣੇ ਔਖੇ ਹੋ ਗਏ, ਨੌਕਰੀਆਂ ਮਿਲਣੀਆਂ ਔਖੀਆਂ ਹੋ ਗਈਆਂ ਤੇ ਹੌਲੀ-ਹੌਲੀ ਉਹਨਾਂ ਦੇ ਵਪਾਰ ਬੰਦ ਕਰਾਉਣ ਦੇ ਲਈ ਧਮਕੀਆਂ ਦੇਣ ਦੀਆਂ ਗੱਲਾਂ ਵੀ ਕੀਤੀਆਂ ਜਾਣ ਲੱਗ ਪਈਆਂ।

ਇਹ ਸਭ ਕਰਨ ਦੇ ਲਈ ਕਾਰਪੋਰੇਟ ਮੀਡੀਆ 'ਤੇ ਕਬਜ਼ਾ ਕੀਤਾ ਗਿਆ ਤੇ ਕਾਰਪੋਰੇਟਾਂ ਦੇ ਹੱਕ ਦੇ ਕਾਨੂੰਨ ਬਣਾਏ ਗਏ। ਇਸੇ ਕਾਰਪੋਰੇਟ ਮੀਡੀਆ ਰਾਹੀਂ। ਟੈਕਨਾਲੋਜੀ ਦੀ ਵਰਤੋਂ ਕਰਕੇ ਨਫਰਤ ਫੈਲਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ।

ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਲਈ ਬਿੱਲ ਲਿਆਂਦੇ ਗਏ, ਮਜ਼ਦੂਰਾਂ ਦੇ ਲੰਮੇ ਸਮੇਂ ਤੋਂ ਸੰਘਰਸ਼ ਕਰਕੇ ਜਿੱਤੇ ਗਏ ਹੱਕ ਖੋਹ ਲਏ ਗਏ ਅਤੇ ਉਹਨਾਂ ਸਾਰਿਆਂ ਨੂੰ ਚਾਰ ਕੋਡਾਂ ਵਿੱਚ ਬਦਲ ਕੇ ਰੱਖ ਦਿੱਤਾ। ਕਿਸਾਨਾਂ ਨੇ ਵੱਡੇ-ਵੱਡੇ ਅੰਦੋਲਨ ਕੀਤੇ ਤੇ ਮਜ਼ਦੂਰਾਂ ਨੇ ਵੀ ਕੌਮੀ ਪੱਧਰ 'ਤੇ ਅਨੇਕਾਂ ਵਾਰ ਹੜਤਾਲਾਂ ਕੀਤੀਆਂ। ਦਬਾਅ ਹੇਠ ਕਿਸਾਨਾਂ ਦੇ ਬਿੱਲ ਤਾਂ ਵਾਪਸ ਲੈ ਲਏ ਗਏ, ਪਰ ਕੋਈ ਵੀ ਗੱਲ ਮੰਨਣ ਤੋਂ ਸਰਕਾਰ ਮੁੱਕਰ ਗਈ। ਲੋਕਾਂ ਦੀ ਆਰਥਿਕ ਸੁਰੱਖਿਆ ਕਮਜ਼ੋਰ ਹੋ ਗਈ, ਪਰ ਕਾਰਪੋਰੇਟ ਵਰਗ ਨੂੰ ਆਰਥਿਕ ਤੌਰ 'ਤੇ ਅਨੇਕਾਂ ਮੁਨਾਫੇ ਦਿੱਤੇ ਜਾਣ ਲੱਗ ਪਏ। ਉਹਨਾਂ ਨੂੰ ਟੈਕਸ ਵਿੱਚ ਛੋਟਾਂ ਦੇ ਦਿੱਤੀਆਂ ਗਈਆਂ ਤੇ ਜਿਹੜੇ ਕਰਜ਼ੇ ਨਹੀਂ ਸਨ ਮੋੜੇ, ਉਹ ਵੀ ਮਾਫ ਕਰ ਦਿੱਤੇ ਗਏ। ਇਸ ਨਾਲ ਸਮਾਜ ਵਿੱਚ ਨਾਬਰਾਬਰੀ ਬਹੁਤ ਵਧ ਗਈ, ਏਨੀ ਜ਼ਿਆਦਾ ਕਿ ਮਾਹਰਾਂ ਨੇ ਕਿਹਾ ਕਿ ਬਰਤਾਨਵੀ ਰਾਜ ਦੇ ਦੌਰਾਨ ਵੀ ਸਮਾਜ ਵਿੱਚ ਏਨੀ ਨਾਬਰਾਬਰੀ ਨਹੀਂ ਸੀ। ਭੁੱਖਮਰੀ ਦੇ ਸੂਚਕ ਅੰਕ ਦੇ ਵਿੱਚ ਸਾਡਾ ਸਥਾਨ ਬਹੁਤ ਕਮਜ਼ੋਰ ਹੋ ਗਿਆ, ਪਰ ਸਭ ਕੁਝ ਜਾਣਦੇ ਹੋਏ ਵੀ ਸਾਡੀ ਸਰਕਾਰ ਨੇ ਇਹਨਾਂ ਰਿਪੋਰਟਾਂ ਤੋਂ ਪੱਲਾ ਝਾੜਨ ਦੀ ਪੂਰੀ ਕੋਸ਼ਿਸ਼ ਕੀਤੀ। ਦੇਸ਼ ਦੀ ਸੰਪਤੀ ਅਡਾਨੀ ਤੇ ਅੰਬਾਨੀ ਵਰਗੇ ਚੰਦ ਘਰਾਣਿਆਂ ਨੂੰ ਸੌਂਪ ਦਿੱਤੀ ਗਈ ਅਤੇ ਆਮ ਲੋਕਾਂ ਕੋਲ ਏਨੀ ਘੱਟ ਸੰਪਤੀ ਰਹਿ ਗਈ ਕਿ ਉਹਨਾਂ ਦਾ ਜੀਵਨ ਦੁਭਰ ਹੋ ਗਿਆ ਹੈ।

ਸਿੱਖਿਆ ਨੀਤੀਆਂ ਵਿੱਚ ਪਰਿਵਰਤਨ ਕੀਤਾ ਗਿਆ, ਜਿਸ ਕਰਕੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ ਤਾਂ ਛੱਡੋ, ਆਧੁਨਿਕ ਢੰਗ ਦੇ ਨਾਲ ਪ੍ਰਾਥਮਿਕ ਸਿੱਖਿਆ ਵੀ ਲੈਣੀ ਔਖੀ ਹੋ ਗਈ। ਸਿੱਖਿਆ ਬਾਰੇ ਕੁਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਤਾਂ ਭੁਲਾ ਹੀ ਦਿੱਤਾ ਗਿਆ।

ਸਿਹਤ ਸੇਵਾਵਾਂ ਵਿੱਚ ਤੇ ਮੈਡੀਕਲ ਵਿਦਿਆ ਦੇ ਵਿੱਚ ਕਾਰਪੋਰੇਟ ਖੇਤਰ ਨੂੰ ਬੜ੍ਹਾਵਾ ਦਿੱਤਾ ਗਿਆ। ਬੀਮਾ ਅਧਾਰਤ ਸਿਹਤ ਸੇਵਾਵਾਂ ਨੂੰ ਪ੍ਰਚੱਲਿਤ ਕੀਤਾ ਗਿਆ, ਜਿਸ ਨਾਲ ਆਮ ਲੋਕਾਂ ਨੂੰ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਰਾ ਸਰਕਾਰੀ ਪੈਸਾ ਬੀਮਾ ਕੰਪਨੀਆਂ ਨੂੰ ਸੌਂਪਿਆ ਜਾ ਰਿਹਾ ਹੈ।

ਖਤਰਨਾਕ ਗੱਲ ਤਾਂ ਇਹ ਹੈ ਕਿ ਵੱਖ ਵਿਚਾਰ ਜਾਂ ਮਤਭੇਦ ਰੱਖਣ ਵਾਲਿਆਂ ਨੂੰ ਦੇਸ਼ ਧਰੋਹੀ ਕਰਾਰ ਦੇ ਕੇ ਕਈ ਕਿਸਮ ਦੇ ਕੇਸਾਂ ਵਿੱਚ ਉਲਝਾਇਆ ਜਾ ਰਿਹਾ ਹੈ। ਲੋਕਤੰਤਰਿਕ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ ਤੇ ਵਿਧਾਨਕ ਸੰਸਥਾਵਾਂ ਦੀ ਗਲਤ ਢੰਗ ਦੇ ਨਾਲ ਬੇਲੋੜੀ ਵਰਤੋਂ ਕਰਕੇ ਲੋਕਾਂ 'ਤੇ ਦਬਾਅ ਪਾਇਆ ਜਾ ਰਿਹਾ ਹੈ। ਨਿਆਂ ਪਾਲਿਕਾ 'ਤੇ ਵੀ ਦਬਾਅ ਪਾਇਆ ਜਾਂਦਾ ਹੈ।

ਆਪਣੀਆਂ ਅਸਫਲਤਾਵਾਂ ਨੂੰ ਛੁਪਾਉਣ ਲਈ ਅੰਨ੍ਹਾ ਰਾਸ਼ਟਰਵਾਦ ਪ੍ਰਚਾਰਿਆ ਜਾਂਦਾ ਹੈ। ਬੀਤੀ 22 ਅਪਰੈਲ ਨੂੰ ਬੇਲਗਾਮ ਵਿਖੇ ਆਤੰਕਵਾਦੀ ਹਮਲੇ ਤੋਂ ਬਾਅਦ ਹਿਮਾਂਸ਼ੀ ਨਾਰਵਾਲ ਵਰਗੀ ਲੜਕੀ, ਜਿਸ ਦਾ ਕਿ ਲੈਫਟੀਨੈਂਟ ਪਤੀ ਅੱਤਵਾਦੀਆਂ ਤੋਂ ਮਾਰਿਆ ਗਿਆ, ਉਸ 'ਤੇ ਟਰੋਲਿੰਗ ਕਰਕੇ ਉਸ ਨੂੰ ਬਦਨਾਮ ਕੀਤਾ ਗਿਆ, ਪਰ ਪ੍ਰਧਾਨ ਮੰਤਰੀ ਨੇ ਇਹਨਾਂ ਟਰਾਲਰਾਂ ਨੂੰ ਜ਼ਰਾ ਵੀ ਨਾ ਰੋਕਿਆ। ਫੌਜੀ ਅਫਸਰ ਸੋਫੀਆ ਕੁਰੈਸ਼ੀ ਤੇ ਵਿਦੇਸ਼ ਵਿਭਾਗ ਦੇ ਮੁੱਖ ਸਕੱਤਰ ਬਿਕਰਮ ਮਿਸਰੀ ਦੀ ਵੀ ਟਰੋਲਿੰਗ ਕੀਤੀ ਗਈ, ਪਰ ਪ੍ਰਧਾਨ ਮੰਤਰੀ ਇੱਕ ਲਫਜ਼ ਨਹੀਂ ਬੋਲੇ। ਜਿੱਥੇ ਸਾਡੇ ਜਾਂਬਾਜ਼ ਸੈਨਿਕਾਂ ਨੇ ਵੱਡੀਆਂ ਸਫਲਤਾਵਾਂ ਪ੍ਰਾਪਤ ਕੀਤੀਆਂ, ਦੂਸਰੇ ਪਾਸੇ ਸਾਡੀ ਕੂਟਨੀਤਕ ਅਸਫਲਤਾ ਦੁਨੀਆ ਦੇ ਸਾਹਮਣੇ ਹੈ। ਇਜ਼ਰਾਇਲ, ਜੋ ਕਿ ਖੁਦ ਨਿਰਦੋਸਾਂ ਦੀਆਂ ਹੱਤਿਆਵਾਂ ਵਿੱਚ ਲੱਗਿਆ ਹੋਇਆ ਹੈ, ਨੂੰ ਛੱਡ ਕੇ ਕੋਈ ਵੀ ਦੇਸ਼ ਸਾਡੇ ਨਾਲ ਖੜਾ ਨਹੀਂ ਹੋਇਆ।

ਅੱਜ ਸਥਿਤੀ ਬਹੁਤ ਗੰਭੀਰ ਹੈ। ਇਸ ਨੂੰ ਬੜੀ ਸੂਝ-ਬੂਝ ਤੇ ਵਿਸ਼ਾਲ ਏਕਤਾ ਬਣਾ ਕੇ ਪਾਰ ਕਰਨਾ ਪਏਗਾ, ਨਹੀਂ ਤਾਂ ਆਉਣ ਵਾਲਾ ਸਮਾਂ ਹੋਰ ਵੀ ਖਤਰਨਾਕ ਹੋ ਸਕਦਾ ਹੈ ਅਤੇ ਸਮਾਜ ਵਿੱਚ ਅੱਤ ਦਾ ਪਛੜੇਵਾਂਪਣ ਪ੍ਰਚਾਰ ਕੇ ਲੋਕਾਂ ਦੀ ਸੋਚ ਨੂੰ ਪੂਰੀ ਤਰਾਂ ਖੁੰਡਾ ਕਰਨ ਦੀ ਕੋਸ਼ਿਸ਼ ਕੀਤੀ ਜਾਏਗੀ।

**# ਸੰਪਰਕ : 80775-74352**

# ਸੋਸ਼ਲ ਮੀਡੀਆ ਤੇ ਅੱਜ ਦੀ ਔਰਤ



ਅਮਰਜੀਤ ਸਿੰਘ 'ਫੌਜੀ'

ਕੁਝ ਦਿਨ ਪਹਿਲਾਂ ਮੇਰੇ ਮੋਬਾਇਲ ਫੋਨ ਦੇ ਮੈਸੰਜਰ 'ਤੇ ਕਿਸੇ ਕੁੜੀ ਦੇ ਨਾਂਅ ਵਾਲੀ ਆਈ ਡੀ ਤੋਂ ਗੁੱਡ ਮੋਰਨਿੰਗ ਲਿਖ ਕੇ ਮੈਸੇਜ ਆਇਆ, ਮੈਂ ਦੇਖ ਕੇ ਛੱਡ ਦਿੱਤਾ, ਫਿਰ ਰਾਤ ਨੂੰ ਫੇਰ ਗੁੱਡ ਨਾਈਟ ਦਾ ਮੈਸੇਜ ਆਇਆ, ਮੈਂ ਦੇਖ ਕੇ ਚੁੱਪ ਰਿਹਾ।

ਫੇਰ ਕਈ ਦਿਨ ਲਗਾਤਾਰ ਮੈਸੇਜ ਆਉਂਦਾ ਰਿਹਾ, ਪਰ ਮੈਂ ਦੇਖਣਾ ਬੰਦ ਕਰ ਦਿੱਤਾ, ਕਿਉਂਕਿ ਮੈਨੂੰ ਪਤਾ ਲੱਗਾ ਸੀ ਕਿ ਕੁੱਝ ਨਸ਼ੇੜੀ ਜਾਂ ਮਨਚਲੇ ਟਾਈਪ ਮੁੰਡੇ ਕੁੜੀਆਂ ਦੇ ਨਾਂਅ 'ਤੇ ਆਈ ਡੀ ਬਣਾ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ ਤੇ ਫਜ਼ੂਲ ਦੀਆਂ ਗੱਲਾਂਬਾਤਾਂ ਕਰਦੇ ਹਨ, ਜਿਸ ਨਾਲ ਟਾਈਮ ਬਰਬਾਦ ਹੁੰਦਾ ਹੈ ਤੇ ਪ੍ਰਵਾਰਕ ਤੇ ਸਮਾਜਿਕ ਪ੍ਰੇਸ਼ਾਨੀ ਹੋ ਸਕਦੀ ਹੈ, ਇਸ ਕਰਕੇ ਮੈਂ ਪੂਰਾ ਸੁਚੇਤ ਸੀ।

ਮੈਂ ਕਈ ਦਿਨ ਉਸ ਦਾ ਕੋਈ ਮੈਸੇਜ ਨਾ ਦੇਖਿਆ ਤਾਂ ਉਸ ਨੇ ਕਈ ਦਿਨਾਂ ਬਾਅਦ ਇੱਕ ਆਡੀਓ ਰਿਕਾਰਡਿੰਗ ਭੇਜੀ, ਜਿਸ ਨੂੰ ਮੈਂ ਸੁਣਨ ਬਾਰੇ ਸੋਚਿਆ ਤੇ ਸੁਣ ਲਈ। ਇਹ ਆਡੀਓ ਇੱਕ ਲੜਕੀ ਦੀ ਅਵਾਜ਼ ਵਿੱਚ ਸੀ, ਜਿਸ ਵਿੱਚ ਉਸ ਨੇ ਆਪਣਾ ਪੂਰਾ ਨਾਂਅ ਤੇ ਸ਼ਹਿਰ ਦਾ ਨਾਂਅ ਦੱਸਣ ਉਪਰੰਤ ਕਿਹਾ ਕਿ-ਕੀ ਤੁਸੀਂ ਮੈਨੂੰ ਆਪਣੀ ਸਹੇਲੀ ਬਣਾ ਸਕਦੇ ਹੋ।

ਮੈਂ ਕਿਹਾ ਕਿਉਂ ਨਹੀਂ,ਚੰਗੇ ਇਨਸਾਨ ਹੀ ਚੰਗੇ ਦੋਸਤ ਹੋ ਸਕਦੇ ਹਨ।

ਉਸ ਤੋਂ ਬਾਅਦ ਮੈਸੰਜਰ 'ਤੇ ਆਡੀਓ ਰਾਹੀਂ ਸਾਡੀ ਗੱਲਬਾਤ ਹੋਣ ਲੱਗੀ ਤੇ ਹੁੰਦੀ ਰਹੀ ਤੇ ਉਸ ਨੇ ਦੱਸਿਆ ਕਿ ਮੈਂ ਸ਼ਾਦੀਸ਼ੁਦਾ ਔਰਤ ਹਾਂ, ਉਮਰ ਤਕਰੀਬਨ ਚਾਲੀ ਸਾਲ ਹੈ, ਮੇਰੇ ਤਿੰਨ ਬੱਚੇ ਹਨ ਜਿਨ੍ਹਾਂ ਵਿਚੋਂ ਦੋ ਪੜ੍ਹਦੇ ਹਨ ਤੇ ਇੱਕ ਛੋਟਾ ਦੁੱਧ ਚੁੰਘਦਾ ਹੈ।

ਫਿਰ ਮੈਂ ਉਸ ਨੂੰ ਦੱਸਿਆ ਕਿ ਮੇਰੀ ਉਮਰ ਤਕਰੀਬਨ 65 ਸਾਲ ਹੈ ਅਤੇ ਮੇਰੇ ਬੱਚੇ ਵੱਡੇ ਅਤੇ ਵਿਆਹੇ ਹੋਏ ਹਨ। ਫਿਰ ਗੱਲਾਂ-ਗੱਲਾਂ ਵਿੱਚ ਉਸ ਨੇ ਦੱਸਿਆ ਕਿ ਮੇਰੇ ਘਰ ਵਾਲਾ ਸ਼ਹਿਰ ਵਿੱਚ ਕੰਮ ਕਰਦਾ ਹੈ, ਸਵੇਰੇ ਕੰਮ 'ਤੇ ਚਲਾ ਜਾਂਦਾ ਹੈ ਤੇ ਰਾਤ ਨੂੰ ਆਉਂਦਾ ਹੈ, ਸ਼ਰਾਬ ਪੀਂਦਾ ਹੈ, ਬੀੜੀ ਸਿਗਰਟ ਖੂਬ ਪੀਂਦਾ ਹੈ। ਹੋਰ ਨਸ਼ਾ ਵੀ ਕਦੇ-ਕਦੇ ਕਰਦਾ ਹੈ, ਮੈਨੂੰ ਖ਼ਰਚਾ ਬਹੁਤ ਘੱਟ ਦਿੰਦਾ ਹੈ, ਜਿਸ ਨਾਲ ਬੱਚੇ ਪਾਲਣੇ ਤੇ ਪੜ੍ਹਾਉਣੇ ਮੁਸ਼ਕਲ ਹਨ ਤੇ ਘਰ ਦੇ ਚੁੱਲ੍ਹੇ ਦਾ ਖਰਚਾ ਵੀ ਪੂਰਾ ਨਹੀਂ ਹੁੰਦਾ,ਬੱਚੇ ਫ਼ਲ-ਫਰੂਟ ਜਾਂ ਹੋਰ ਬੱਚਿਆਂ ਦੇ ਖਾਣ ਵਾਲੀਆਂ ਚੀਜ਼ਾਂ ਨੂੰ ਤਰਸਦੇ ਰਹਿੰਦੇ ਹਨ, ਜਿਨ੍ਹਾਂ ਨੂੰ ਦੇਖ ਕੇ ਮੇਰਾ ਹਿਰਦਾ ਵਲੂੰਧਰਿਆ ਜਾਂਦਾ ਹੈ। ਮੈਂ ਕਈ ਵਾਰ ਸੋਚਿਆ ਹੈ ਕਿ ਮੈਂ ਇਸ ਨੂੰ ਛੱਡ ਕੇ ਛੋਟੇ ਬੱਚੇ ਨੂੰ ਨਾਲ਼ ਲੈ ਕੇ ਕਿਤੇ ਹੋਰ ਚਲੀ ਜਾਵਾਂ, ਪਰ ਬੱਚਿਆਂ ਦਾ ਮੋਹ ਮਾਰਦਾ ਹੈ।

ਮੈਂ ਉਸ ਦੀਆਂ ਗੱਲਾਂਬਾਤਾਂ ਸੁਣ ਕੇ ਤੇ ਉਸ ਦਾ ਇਸ਼ਾਰਾ ਸਮਝਦੇ ਹੋਏ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਬੀਬਾ ਜੇਕਰ ਤੂੰ ਕੋਈ ਇਹੋ ਜਿਹਾ ਗਲਤ ਕਦਮ ਚੁੱਕੇਂਗੀ ਤੇ ਆਪਣੇ ਘਰ ਵਾਲੇ ਨੂੰ ਛੱਡ ਕੇ ਕਿਸੇ ਹੋਰ ਨਾਲ ਚਲੀ ਜਾਵੇਂਗੀ ਤਾਂ ਤੇਰੇ ਮਾਪੇ ਬਦਨਾਮੀ ਤੇ ਨਮੋਸ਼ੀ ਦੇ ਮਾਰੇ ਮੌਤ ਤੋਂ ਪਹਿਲਾਂ ਹੀ ਆਤਮਿਕ ਮੌਤ ਮਰ ਜਾਣਗੇ ਤੇ ਤੇਰੇ ਭੈਣ-ਭਰਾ ਵੀ ਸਮਾਜਿਕ ਨਮੋਸ਼ੀ ਝੱਲਣ ਲਈ ਮਜਬੂਰ ਹੋਣਗੇ, ਇਸ ਲਈ ਤੂੰ ਹੌਸਲਾ ਰੱਖ ਕੇ ਖ਼ੁਦ ਥੋੜ੍ਹਾ-ਬਹੁਤਾ ਕੰਮ ਕਰਨਾ ਸ਼ੁਰੂ ਕਰ ਤੇ ਉਸ ਨੂੰ ਛੱਡ ਕੇ ਜਾਣ ਵਾਲੇ ਇਸ ਬੁਰੇ ਖ਼ਿਆਲ ਨੂੰ ਮਨੋਂ ਕੱਢ ਦੇ, ਹੋਰ ਚਹੁੰ ਸਾਲਾਂ ਨੂੰ ਤੇਰਾ ਮੁੰਡਾ ਜੁਆਨ ਹੋ ਜਾਵੇਗਾ ਤੇ ਹਾਲਾਤ ਬਦਲ ਜਾਣਗੇ, ਵਿਵਾਹਕ ਜੀਵਨ ਵਿੱਚ ਮੁਸ਼ਕਲ ਹਾਲਾਤ ਦਾ ਸਾਹਮਣਾ ਕਰਨ ਨੂੰ ਹੀ ਕਬੀਲਦਾਰੀ ਕਹਿੰਦੇ ਹਨ, ਘਬਰਾਉਣਾ ਨਹੀਂ ਚਾਹੀਦਾ ਤੇ ਰੱਬ 'ਤੇ ਭਰੋਸਾ ਰੱਖ ਕੇ ਮਿਹਨਤ ਤੇ ਸਬਰ ਸੰਤੋਖ ਨਾਲ ਜੀਉਣਾ ਚਾਹੀਦਾ ਹੈ, ਨਾਬਾਲਗ ਬੱਚਿਆਂ ਖਾਤਰ ਮਿਹਨਤ ਮੁਸ਼ੱਕਤ ਕਰਨੀ ਅਪਣਾ ਸਭ ਦਾ ਫ਼ਰਜ਼ ਹੈ।

ਮੇਰੀਆਂ ਇਨ੍ਹਾਂ ਗੱਲਾਂ ਦਾ ਉਸ 'ਤੇ ਅਸਰ ਹੋਇਆ ਜਾਂ ਨਹੀਂ ਹੋਇਆ, ਉਸ ਦੇ ਮੰਦੇ ਖਿਆਲਾਂ ਵਿੱਚ ਤਬਦੀਲੀ ਆਈ ਜਾਂ ਨਹੀਂ ਆਈ, ਇਹ ਤਾਂ ਮੈਂ ਕਹਿ ਨਹੀਂ ਸਕਦਾ, ਪਰ ਮੈਂ ਆਪਣੇ ਵੱਲੋਂ ਉਸ ਨੂੰ ਸਮਝਾਉਣ ਦੀ ਪੂਰੀ ਕੋਸ਼ਿਸ਼ ਕੀਤੀ ਕਿ ਆਪਾਂ ਸਮਾਜ ਵਿੱਚ ਦੇਖਦੇ ਹਾਂ ਕਿ ਬਹੁਤ ਔਰਤਾਂ ਜਿਨ੍ਹਾਂ ਦੇ ਜੀਵਨ ਸਾਥੀ ਬਿਮਾਰ ਹੋ ਜਾਂਦੇ ਹਨ ਜਾਂ ਅਚਾਨਕ ਕੋਈ ਐਕਸੀਡੈਂਟ ਵਗੈਰਾ ਵਿੱਚ ਨਕਾਰਾ ਹੋ ਜਾਂਦੇ ਹਨ, ਉਹ ਖੁਦ ਮਿਹਨਤ-ਮੁਸ਼ੱਕਤ ਕਰਕੇ ਔਖੇ-ਸੌਖੇ ਪ੍ਰਵਾਰਕ ਜ਼ੁੰਮੇਵਾਰੀਆਂ ਨਿਭਾਉਂਦੇ ਹੋਏ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਕਾਮਯਾਬ ਕਰਦੀਆਂ ਹਨ ਤੇ ਰਿਸ਼ਤੇਦਾਰੀਆਂ ਵਿੱਚ ਵੀ ਖੁਸ਼ੀਗਮੀ ਵਿੱਚ ਪੂਰਾ ਮੇਲ-ਮਿਲਾਪ ਰੱਖਦੀਆਂ ਹਨ ਤੇ ਸਮਾਜ ਵਿੱਚ ਮਿਸਾਲੀ ਤੇ ਸਨਮਾਨ ਵਾਲਾ ਜੀਵਨ ਜਿਉਂਦੀਆਂ ਹਨ।

ਥੋੜ੍ਹੇ ਦਿਨਾਂ ਬਾਅਦ ਇੱਕ ਦਿਨ ਫੇਰ ਉਹਦਾ ਫੋਨ ਆਇਆ ਤੇ ਉਸ ਦੀਆਂ ਗੱਲਾਂ ਤੋਂ ਮੈਨੂੰ ਮਹਿਸੂਸ ਹੋਇਆ ਕਿ ਉਹ ਕੋਈ ਸਰੀਰ ਦਾ ਗਾਹਕ ਭਾਲਦੀ ਹੈ, ਜਿਸ ਨਾਲ ਪੈਸੇ ਜ਼ਿਆਦਾ, ਜਲਦੀ ਤੇ ਸੌਖੇ ਮਿਲ਼ ਸਕਣ ਤੇ ਮੈਂ ਉਸ ਨੂੰ ਸਾਫ਼ ਤੇ ਸਪੱਸ਼ਟ ਸ਼ਬਦਾਂ ਵਿੱਚ ਜਵਾਬ ਦੇ ਦਿੱਤਾ ਕਿ ਮੈਂ ਇਸ ਤਰ੍ਹਾਂ ਦੇ ਕੰਮਾਂ ਦੇ ਬਿਲਕੁਲ ਖ਼ਿਲਾਫ਼ ਹਾਂ। ਮੈਂ ਉਸ ਨੂੰ ਕਿਹਾ ਕਿ ਮੈਂ ਤੈਨੂੰ ਬਲੌਕ ਕਰ ਰਿਹਾ ਹਾਂ, ਮੇਰੇ ਇਨ੍ਹਾਂ ਕਹਿਣ 'ਤੇ ਉਹ ਜਲਦੀ-ਜਲਦੀ ਕਾਹਲੀ ਵਿੱਚ ਬੋਲੀ ਕਿ ਪਲੀਜ਼ ਫੋਨ ਨਾ ਕੱਟਿਓ ਤੇ ਮੇਰੀ ਅਗਲੀ ਗੱਲ ਜ਼ਰੂਰ ਸੁਣੋ, ਮੈਂ ਕਿਹਾ- ਹਾਂ, ਦੱਸ ਕੀ ਕਹਿਣਾ ਚਾਹੁੰਨੀ ਹੈਂ! ਤਾਂ ਉਹ ਬੋਲੀ ਤੁਹਾਡਾ ਕੋਈ ਹੋਰ ਲੋੜਵੰਦ ਯਾਰ ਦੋਸਤ ਹੋਵੇ, ਜੋ ਇਮਾਨਦਾਰ ਹੋਵੇ, ਜੋ ਮੇਰੀ ਤੇ ਮੇਰੇ ਪਰਵਾਰ ਦੀ ਇੱਜ਼ਤ ਤੇ ਬਦਨਾਮੀ ਦਾ ਖਿਆਲ ਰੱਖ ਸਕਦਾ ਹੋਵੇ ਤੇ ਮੇਰੀ ਥੋੜ੍ਹੀ ਬਹੁਤੀ ਆਰਥਿਕ ਮਦਦ ਕਰ ਸਕਦਾ ਹੋਵੇ, ਉਸ ਬਾਰੇ ਦੱਸ ਦਿਓ ਤੇ ਮੈਂ ਵੀ ਉਸ ਦੀ ਇੱਜ਼ਤ ਤੇ ਸਮਾਜਿਕ ਬਦਨਾਮੀ ਦਾ ਪੂਰਾ ਖਿਆਲ ਰੱਖੂੰਗੀ,ਪਰ ਹੋਵੇ ਸੱਠ ਸਾਲਾਂ ਤੋਂ ਉੱਪਰ ਦਾ ਬਜ਼ੁਰਗ।

ਮੈਂ ਉਸ ਦੀ ਇਹ ਗੱਲ ਸੁਣ ਕੇ ਹੈਰਾਨ ਰਹਿ ਗਿਆ ਤੇ ਪੁੱਛਿਆ ਕਿ ਸੱਠ ਸਾਲਾਂ ਤੋਂ ਉੱਪਰ ਦਾ ਬਜ਼ੁਰਗ ਹੀ ਕਿਉਂ?

ਉਸ ਨੇ ਦੱਸਿਆ ਕਿ ਜੋ ਚੰਗੇ ਕਿਰਦਾਰ ਦੇ ਮੁੰਡੇ-ਖੁੰਡੇ ਹਨ, ਉਹ ਇਹੋ ਜਿਹੇ ਝਮੇਲਿਆਂ ਤੋਂ ਦੂਰ ਹੀ ਰਹਿੰਦੇ ਹਨ ਤੇ ਬਾਕੀ ਦੇ ਅੱਜਕੱਲ੍ਹ ਦੇ ਮੁੰਡੇ-ਖੁੰਡੇ ਨਸ਼ੇੜੀ ਹਨ, ਲੜਾਈ-ਝਗੜਾ ਕਰਨ ਵਿੱਚ ਦੇਰ ਨਹੀਂ ਲਾਉਂਦੇ ਤੇ ਦੂਜੇ ਦੀ ਇੱਜ਼ਤ ਦਾ ਧਿਆਨ ਵੀ ਨਹੀਂ ਰੱਖਦੇ ਤੇ ਵਾਰ-ਵਾਰ ਫੋਨ ਕਰਕੇ ਪ੍ਰੇਸ਼ਾਨ ਕਰਦੇ ਹਨ, ਸਮਾਂ ਵੀ ਨਹੀਂ ਦੇਖਦੇ, ਬਹੁਤੇ ਤਾਂ ਧੱਕੇ ਨਾਲ ਹੀ ਅਗਲੇ ਦੇ ਘਰੇ ਪਹੁੰਚ ਜਾਂਦੇ ਹਨ, ਜਿਸ ਨਾਲ ਪਰਵਾਰਿਕ ਮਸਲੇ ਖੜ੍ਹੇ ਹੋ ਜਾਂਦੇ ਹਨ ਤੇ ਪਰਵਾਰ ਟੁੱਟ ਵੀ ਜਾਂਦੇ ਹਨ ਤੇ ਮੁੰਡੇ ਖੁੰਡਿਆਂ ਕੋਲ਼ ਪੈਸੇ ਵੀ ਨਹੀਂ ਹੁੰਦੇ, ਇਸ ਦੇ ਉਲਟ ਬਜ਼ੁਰਗਾਂ 'ਤੇ ਕੋਈ ਸ਼ੱਕ ਵੀ ਨਹੀਂ ਕਰਦਾ ਤੇ ਉਹ ਆਪਣੀ ਤੇ ਦੂਜੇ ਦੀ ਬਦਨਾਮੀ ਦਾ ਵੀ ਖਾਸ ਧਿਆਨ ਰੱਖਦੇ ਹਨ ਤੇ ਉਨ੍ਹਾਂ ਕੋਲ ਪੈਸੇ ਵੀ ਜ਼ਰੂਰ ਹੁੰਦੇ ਹਨ, ਜੋ ਅਪਣੀ ਮਰਜ਼ੀ ਨਾਲ ਖਰਚ ਸਕਦੇ ਹਨ। ਮੈਂ ਉਸ ਦੀਆਂ ਇਹ ਗੱਲਾਂ ਸੁਣ ਕੇ ਹੈਰਾਨ ਰਹਿ ਗਿਆ। ਫਿਰ ਮੈਂ ਉਸ ਨੂੰ ਪੁੱਛਿਆ, ਤੂੰ ਮੈਨੂੰ ਇਹ ਸਾਰੀਆਂ ਗੱਲਾਂ ਕਿਉਂ ਦੱਸ ਰਹੀ ਹੈਂ, ਮੇਰੇ 'ਤੇ ਕਿਉਂ ਭਰੋਸਾ ਕਰ ਰਹੀ ਹੈਂ?

ਤਾਂ ਉਸ ਨੇ ਦੱਸਿਆ ਕਿ ਮੈਂ ਤੁਹਾਨੂੰ ਬਹੁਤ ਮੈਸੇਜ ਕੀਤੇ, ਤੁਸੀਂ ਮੈਨੂੰ ਮੇਰੇ ਕਿਸੇ ਵੀ ਮੈਸੇਜ ਦਾ ਜਵਾਬ ਨਹੀਂ ਦਿੱਤਾ ਤੇ ਕਦੀ ਫੋਨ ਵੀ ਨਹੀਂ ਲਾਇਆ। ਇਸ ਦੇ ਉਲਟ ਬਹੁਤੇ ਲੋਕ ਥੋੜ੍ਹਾ ਜਿਹਾ ਮੌਕਾ ਮਿਲਣ 'ਤੇ ਹੀ ਔਰਤਾਂ ਨੂੰ ਵਾਰ-ਵਾਰ ਮੈਸੇਜ ਕਰਦੇ ਹਨ ਤੇ ਵਾਰ-ਵਾਰ ਫੋਨ ਲਾਉਂਦੇ ਹਨ, ਬਾਕੀ ਫੇਸਬੁਕ ਆਈ ਡੀ ਤੋਂ ਬੰਦੇ ਦੇ ਕਿਰਦਾਰ ਦਾ ਕਾਫੀ ਪਤਾ ਲੱਗ ਜਾਂਦਾ ਹੈ। ਗੱਲਾਂ ਤਾਂ ਹੋਰ ਵੀ ਬਹੁਤ ਹਨ, ਪਰ ਮੈਂ ਸਾਰੀਆਂ ਇਥੇ ਨਸ਼ਰ ਨਹੀਂ ਕਰਨਾ ਚਾਹੁੰਦਾ, ਕਿਉਂਕਿ ਕਿਸੇ ਔਰਤ ਦੇ ਸਤਿਕਾਰ ਤੇ ਬਦਨਾਮੀ ਦਾ ਮਸਲਾ ਹੈ।ਉਸ ਤੋਂ ਬਾਅਦ ਮੈਂ ਉਸ ਨੂੰ ਬਲੌਕ ਕਰ ਦਿੱਤਾ, ਕਿਉਂਕਿ ਆਪਾਂ ਹਰ ਰੋਜ਼ ਹੀ ਸੋਸ਼ਲ ਮੀਡੀਆ 'ਤੇ ਪੜ੍ਹਦੇ-ਸੁਣਦੇ ਤੇ ਦੇਖਦੇ ਹਾਂ ਕਿ ਬਹੁਤੀਆਂ ਔਰਤਾਂ ਮਜਬੂਰੀ ਦਾ ਵਾਸਤਾ ਦੇ ਕੇ ਗੱਲਬਾਤ ਕਰਦੀਆਂ ਹਨ ਤੇ ਬਾਅਦ ਵਿੱਚ ਫੋਟੋ ਵਗੈਰਾ ਜਾਂ ਵੀਡੀਓ ਕਾਲ ਦੇ ਸਕਰੀਨ ਸ਼ੌਟ ਲੈ ਕੇ ਬੰਦੇ ਨੂੰ ਬਲੈਕਮੇਲ ਕਰਦੀਆਂ ਹਨ, ਜਿਸ ਨਾਲ ਉਸ ਨੂੰ ਪ੍ਰਵਾਰਿਕ ਤੇ ਸਮਾਜਿਕ ਤੌਰ 'ਤੇ ਬਦਨਾਮੀ ਤੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਤਾਂ ਖੁਦਕੁਸ਼ੀ ਦਾ ਕਾਰਨ ਵੀ ਬਣ ਜਾਂਦਾ ਹੈ। ਮੈਂ ਸੋਚ ਰਿਹਾ ਸਾਂ ਕਿ ਅੱਜ ਦੀ ਔਰਤ ਆਪਣੇ ਬੱਚਿਆਂ ਦੀਆਂ ਜ਼ਰੂਰੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਿਹੋ ਜਿਹੇ ਗੈਰ-ਨੈਤਿਕ ਤੇ ਗੈਰ-ਸਮਾਜਿਕ ਢੰਗ ਵਰਤ ਰਹੀਆਂ ਹਨ। ਚਾਹੀਦਾ ਤਾਂ ਇਹ ਹੈ ਕਿ ਜੇ ਉਨ੍ਹਾਂ ਦੇ ਜੀਵਨ ਸਾਥੀ ਦੀ ਕਮਾਈ ਨਾਲ ਪਰਵਾਰ ਦਾ ਗੁਜ਼ਾਰਾ ਨਹੀਂ ਹੁੰਦਾ ਤਾਂ ਉਹ ਖੁਦ ਘਰੋਂ ਬਾਹਰ ਆਉਣ ਤੇ ਕੋਈ ਨਾ ਕੋਈ ਮਿਹਨਤ-ਮਜ਼ਦੂਰੀ ਜਾਂ ਕੋਈ ਹੋਰ ਛੋਟਾ-ਮੋਟਾ ਕਿੱਤਾ ਕਰਨ, ਜਿਸ ਨਾਲ ਪ੍ਰਵਾਰ ਦੀ ਆਮਦਨ ਵਿੱਚ ਵਾਧਾ ਹੋਵੇ ਤੇ ਪ੍ਰਵਾਰ ਸਮੇਤ ਜਲਾਲਤ ਵਾਲਾ ਜੀਵਨ ਜਿਊਣ ਦੀ ਬਜਾਏ ਵਧੀਆ ਸੁਚੱਜਾ, ਖੁਸ਼ਹਾਲ, ਉਤਸ਼ਾਹ ਭਰਿਆ ਤੇ ਸਮਾਜਿਕ ਇੱਜ਼ਤ ਵਾਲਾ ਜੀਵਨ ਜਿਉਣ।

ਵੀਰੋ, ਮੇਰੀ ਬੇਨਤੀ ਹੈ ਕਿ ਇਸ ਮਹਿੰਗਾਈ ਦੇ ਯੁੱਗ ਵਿੱਚ ਬੱਚਿਆਂ ਦੀ ਪੜ੍ਹਾਈ ਤੇ ਚੁੱਲ੍ਹੇ ਦਾ ਖਰਚਾ ਇਕੱਲੀ ਔਰਤ ਨਹੀਂ ਚੁੱਕ ਸਕਦੀ, ਇਸ ਲਈ ਆਪਣੀ ਸਮਾਜਿਕ ਜ਼ੁੰਮੇਵਾਰੀ ਨੂੰ ਸਮਝਦੇ ਹੋਏ ਨਸ਼ਿਆਂ ਤੋਂ ਦੂਰ ਰਹਿ ਕੇ ਮਾਸੂਮ ਬੱਚਿਆਂ ਦੇ ਪਾਲਣ-ਪੋਸ਼ਣ ਤੇ ਪੜ੍ਹਾਈ ਵੱਲ ਖ਼ਾਸ ਧਿਆਨ ਦੇਈਏ, ਤਾਂ ਕਿ ਬੱਚੇ ਵੱਡੇ ਹੋ ਕੇ ਚੰਗੇ ਨਾਗਰਿਕ ਬਣਨ ਤੇ ਵਧੀਆ ਸਮਾਜ ਸਿਰਜਣ। ਔਰਤ ਦਾ ਮਾਣ-ਸਤਿਕਾਰ ਬਣਿਆ ਰਹੇ, ਉਸ ਨੂੰ ਸਰੀਰ ਵੇਚਣ ਦੇ ਰਾਹ ਨਾ ਤੁਰਨਾ ਪਵੇ ਤੇ ਮਾਣ-ਸਨਮਾਨ ਨਾਲ ਹੱਸਦਿਆਂ, ਖੇਡਦਿਆਂ ਮਨੁੱਖਾ ਜੀਵਨ ਬਤੀਤ ਕਰੇ।

**# ਸੰਪਰਕ : 94174-04804**

# ਭਾਰਤ-ਪਾਕਿ ਬਲੀ ਦੇ ਬੱਕਰੇ ਬਣਨ ਤੋਂ ਗੁਰੇਜ਼ ਕਰਨ



ਹਰਜਿੰਦਰ ਸਿੰਘ ਗੁਲਪੁਰ

ਜੇਕਰ ਰੁੱਖ ਅਰਾਮ ਵੀ ਕਰਨਾ ਚਾਹੁੰਦੇ ਹੋਣ ਤਾਂ ਹਵਾਵਾਂ ਉਹਨਾਂ ਨੂੰ ਆਰਾਮ ਨਹੀ ਕਰਨ ਦਿੰਦੀਆਂ। ਇਸੇ ਤਰਾਂ ਲੋਕ ਚੈਨ ਦੀ ਨੀਂਦ ਸੌਣਾ ਚਾਹੁੰਦੈ ਹਨ, ਪਰ 'ਜੰਗਬਾਜ਼' ਉਹਨਾਂ ਨੂੰ ਸੌਣ ਨਹੀ ਦਿੰਦੇ। ਭਿਕਸਮ ਦੇਹੀ ਭਿਕਸਮ ਦੇਹੀ ਦੀ ਥਾਂ ਚਾਰੇ ਪਾਸੇ ਯੁੱਧਮ ਦੇਹੀ ਯੁੱਧਮ ਦੇਹੀ ਦਾ ਰਾਗ ਛਿੜਿਆ ਹੋਇਆ ਹੈ। ਬੁੱਧ ਅਤੇ ਬਾਬਾ ਨਾਨਕ ਦਾ ਦੇਸ਼ ਵੀ ਬੇਚੈਨੀ ਦੇ ਸਾਏ ਹੇਠੋਂ ਗੁਜ਼ਰ ਰਿਹਾ ਹੈ। ਭਾਰਤ-ਪਾਕਿਸਤਾਨ ਦੌਰਾਨ ਹੋਏ ਮਾਮੂਲੀ ਵਿਵਾਦ ਨੂੰ ਵਧਾਉਣ ਵਿੱਚ ਬਾਕੀ ਕਾਰਨਾਂ ਦੇ ਨਾਲ ਨਾਲ ਦੋਹਾਂ ਦੇਸ਼ਾਂ ਦਾ ਮੈਨ ਸਟਰੀਮ ਮੀਡੀਆ ਸਭ ਤੋਂ ਵੱਡਾ ਕਾਰਨ ਬਣਿਆ ਹੈ, ਜਿਸ ਦਾ ਕੰਮ ਬਲਦੀ 'ਤੇ ਤੇਲ ਪਾਉਣਾ ਰਹਿ ਗਿਆ ਹੈ। ਇਸ ਮੀਡੀਆਂ ਨੂੰ ਸਰਕਾਰਾਂ ਦੀ ਪੁਸ਼ਤਪਨਾਹੀ ਹਾਸਲ ਹੋਣ ਕਰਕੇ ਇਸ ਨੂੰ ਜਵਾਬਦੇਹੀ ਦੇ ਘੇਰੇ ਵਿੱਚ ਨਹੀ ਲਿਆਂਦਾ ਜਾ ਰਿਹਾ। ਇਸ ਦੀ ਸਜ਼ਾ ਨਿਰਪੱਖ ਮੀਡੀਆ ਭੁਗਤ ਰਿਹਾ ਹੈ। ਨਿਊ ਯਾਰਕ ਟਾਈਮ ਨੇ ਭਾਰਤੀ ਮੀਡੀਆ 'ਤੇ ਟਿੱਪਣੀ ਕਰਦਿਆਂ ਲਿਖਿਆ ਹੈ ਕਿ ਭਾਰਤੀ ਮੇਨ ਸਟਰੀਮ ਮੀਡੀਆ ਸਚਾਈ ਦੇ ਸਮਾਨਾਂਤਰ ਘੜੀ-ਘੜਾਈ ਸਚਾਈ ਪਰੋਸ ਕੇ ਲੋਕਾਂ ਦਾ ਬਰੇਨ ਵਾਸ਼ ਕਰ ਰਿਹਾ ਹੈ।

ਸਰਕਾਰ ਉਸ ਨੂੰ ਨਾ ਰੋਕ ਰਹੀ ਹੈ ਨਾ ਟੋਕ ਰਹੀ ਹੈ। ਇਹ ਬਹੁਤ ਖਤਰਨਾਕ ਵਰਤਾਰਾ ਹੈ। ਦੋਵਾਂ ਦੇਸ਼ਾਂ ਦਾ ਮੀਡੀਆ ਵਿਸਵ ਇਨਡੈਕਸ ਅਨੁਸਾਰ ਇਸ ਸਮੇਂ ਹੇਠਲੇ ਪੌਡੇ 'ਤੇ ਖੜ੍ਹਾ ਹੈ। ਵਿਸ਼ਵ-ਵਿਆਪੀ ਹਾਲਤਾਂ ਦੇ ਮੱਦੇਨਜ਼ਰ ਪੂਰੀ ਦੁਨੀਆਂ ਇਸ ਸਮੇ ਯੁੱਧ ਦੇ ਕਗਾਰ ਉੱਤੇ ਆ ਕੇ ਖੜ੍ਹੀ ਹੋ ਗਈ ਹੈ। ਯੁੱਧ ਦੇ ਨੇੜੇ ਜਾਣ ਦਾ ਵੱਡਾ ਕਾਰਨ ਡਿਜੀਟਲ ਤਕਨੀਕ ਦਾ ਆਏ ਦਿਨ ਵਿਕਸਤ ਹੋਣਾ ਹੈ। ਜਦੋਂ ਏ ਆਈ ਨੇ ਪੈਰ ਪਾਸਾਰ ਲਏ ਤਾਂ ਮਨੁੱਖਾ ਸ਼ਕਤੀ ਅਤੇ ਸੋਚ ਪੂਰੀ ਤਰਾਂ ਦਰਕਿਨਾਰ ਹੋ ਜਾਵੇਗੀ। ਮਨੁੱਖ ਦੀ ਥਾਂ ਰਬੋਟ ਲੈ ਲੈਣਗੇ। ਇੱਕ ਤਰਾਂ ਨਾਲ ਲੋਹੇ ਦਾ ਮਸਨੂਈ ਸੰਸਾਰ ਹੋਂਦ ਵਿੱਚ ਆ ਜਾਵੇਗਾ, ਜਿਸ ਦਾ ਨਾ ਦਿਲ ਹੋਵੇਗਾ ਨਾ ਦਿਮਾਗ। ਇਸ ਤੋਂ ਉਲਟ ਇਹ ਵੀ ਸੰਭਵ ਹੈ ਕਿ ਅਜਿਹੀ ਤਕਨੀਕ ਦਾ ਜਨਮ ਹੋਵੇ, ਜੋ ਮਨੁੱਖਤਾ ਮਾਰੂ ਤਕਨੀਕ ਨੂੰ ਖਤਮ ਕਰ ਦੇਵੇ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਚੱਲੀ ਕੋਲਡ ਵਾਰ ਦੇ ਜ਼ਮਾਨੇ ਵਿੱਚ ਪੂਰਾ ਵਿਸ਼ਵ ਦੋ ਕੈਂਪਾਂ ਵਿੱਚ ਵੰਡਿਆ ਹੋਇਆ ਸੀ।

ਇੱਕ ਦੀ ਅਗਵਾਈ ਸੋਵੀਅਤ ਯੂਨੀਅਨ ਕਰਦਾ ਸੀ ਅਤੇ ਦੂਜੇ ਦੀ ਅਮਰੀਕਾ। ਦੋਵੇਂ ਪ੍ਰਮਾਣੂ ਸ਼ਕਤੀ ਵਾਲੇ ਦੇਸ਼ ਸਨ ਅਤੇ ਇੱਕ-ਦੂਜੇ ਦੀ ਤਾਕਤ ਨੂੰ ਜਾਣਦੇ ਸਨ। ਬਾਕੀ ਸਾਰੇ ਪਿਛਲੱਗ ਸਨ। ਤਾਕਤਾਂ ਦਾ ਸੰਤਲੁਨ ਬਣਿਆ ਹੋਇਆ ਸੀ। ਦੋਵੇਂ ਧੜੇ ਆਪੋ-ਆਪਣੀ ਸੀਮਾ ਵਿੱਚ ਰਹਿ ਕੇ ਇਕ-ਦੂਜੇ ਨਾਲੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰ ਰਹੇ ਸਨ। ਧਰਤੀ ਤੋਂ ਸਪੇਸ ਵਲ ਵਧਣ ਦਾ ਕੰਮ ਵੀ ਇਸੇ ਦੌਰ ਵਿੱਚ ਸ਼ੁਰੂ ਹੋਇਆ ਸੀ। ਇਸ ਦੇ ਨਾਲ-ਨਾਲ ਸੋਵੀਅਤ ਯੂਨੀਅਨ ਦੇ ਫੈਡਰਲ ਢਾਂਚੇ ਵਿੱਚ ਬੇਚੈਨੀ ਵੀ ਫੈਲ ਰਹੀ ਸੀ, ਜਿਸ ਨੂੰ ਅਮਰੀਕਾ ਆਪਣੀ ਖੁਫੀਆ ਏਜੰਸੀ ਸੀ ਆਈ ਏ ਰਾਹੀਂ ਹਵਾ ਦੇ ਰਿਹਾ ਸੀ। ਜਦੋਂ ਗੋਰਬਾਚੋਵ ਦੇ ਹੱਥ ਸੱਤਾ ਆਈ ਤਾਂ ਉਸ ਨੇ ਦੇਸ਼ ਦੇ ਸੰਵਿਧਾਨ ਦਾ ਹਵਾਲਾ ਦੇ ਕੇ ਉਹਨਾਂ ਰਾਜਾਂ ਨੂੰ ਸੁਤੰਤਰ ਹੋਣ ਦੇ ਅਧਿਕਾਰ ਦੇ ਦਿੱਤੇ, ਜਿਹੜੇ ਸੋਵੀਅਤ ਯੂਨੀਅਨ ਵਿੱਚ ਨਹੀ ਰਹਿਣਾ ਚਾਹੁੰਦੇ ਸਨ। ਇਸ ਕਾਰਵਾਈ ਨੂੰ ਖੁੱਲ੍ਹੀ ਹਵਾ ਦਾ ਝੌਂਕਾ (ਗਲਾਸਨੋਸਤ) ਦੇ ਸ਼ਬਦ ਨਾਲ ਜਾਇਜ਼ ਠਹਿਰਾਉਣ ਦਾ ਯਤਨ ਕੀਤਾ ਗਿਆ ਸੀ। ਇਸ ਦੇ ਨਤੀਜੇ ਵਜੋਂ ਰੂਸ ਨੂੰ ਛੱਡ ਕੇ ਪੰਦਰਾਂ ਰਾਜ ਸੋਵੀਅਤ ਯੂਨੀਅਨ ਵਿੱਚੋਂ ਨਿਕਲ ਕੇ ਅਜ਼ਾਦ ਦੇਸ਼ਾਂ ਦਾ ਰੂਪ ਅਖਤਿਆਰ ਕਰ ਗਏ। ਇਹਨਾਂ ਦੇਸ਼ਾਂ ਵਿਚ ਯੂਕਰੇਨ ਪ੍ਰਮੁੱਖ ਦੇਸ਼ ਹੈ। ਇਹ ਉਹੀ ਦੇਸ਼ ਹੈ, ਜਿਸ ਨੂੰ ਜਾਨ ਹੂਲ ਕੇ ਸੋਵੀਅਤ ਯੂਨੀਅਨ ਨੇ ਦੂਜੀ ਆਲਮੀ ਜੰਗ ਸਮੇਂ ਹਿਟਲਰ ਦੇ ਕਬਜੇ ਵਿੱਚੋਂ ਛੁਡਾਇਆ ਸੀ। ਇਸ ਨਾਲ ਰੂਸ ਦੀ ਪਕੜ ਆਲਮੀ ਪੱਧਰ 'ਤੇ ਢਿੱਲੀ ਪੈ ਗਈ। ਜਦੋਂ ਵਲਾਦੀਮੀਰ ਪੁਤਿਨ ਰੂਸ ਦਾ ਰਾਸ਼ਟਰਪਤੀ ਬਣਿਆ ਤਾਂ ਉਸ ਨੇ ਰੂਸ ਨੂੰ ਸੋਵੀਅਤ ਯੂਨੀਅਨ ਦੇ ਰੂਪ ਵਿਚ ਪੁਨਰ ਸੁਰਜੀਤ ਕਰਨਾ ਸ਼ੁਰੂ ਕਰ ਦਿੱਤਾ। ਇਸ ਵਿਚ ਉਸ ਨੇ ਕਾਫੀ ਸਫਲਤਾ ਵੀ ਹਾਸਲ ਕੀਤੀ, ਪਰ ਅਮਰੀਕਾ ਦੀ ਅਗਵਾਈ ਹੇਠ ਬਣਿਆ ਨਾਟੋ ਦੇਸ਼ਾਂ ਦੇ ਤਕਰੀਬਨ ਅਠਾਈ ਦੇਸ਼ਾਂ ਦਾ ਗਠਜੋੜ ਉਸ ਨੂੰ ਪਰੇਸਾਨ ਕਰ ਰਿਹਾ ਸੀ। ਜੀਓ ਪੋਲੀਟਿਕਸ ਬਦਲ ਰਹੀ ਸੀ। ਚੀਨ ਨੇ ਅਮਰੀਕਾ ਨਾਲ ਮੁਕਾਬਲੇ ਵਿੱਚ ਸੋਵੀਅਤ ਯੂਨੀਅਨ ਦੀ ਥਾਂ ਲੈ ਲਈ ਸੀ। ਪੁਤਿਨ ਨੇ ਨਾਟੋ ਦਾ ਮੁਕਾਬਲਾ ਕਰਨ ਲਈ ਚੀਨ ਨਾਲ ਸਾਰੇ ਮੱਤਭੇਦ ਭੁਲਾ ਕੇ ਦੋਸਤੀ ਕਰ ਲਈ, ਜਿਸ ਨੂੰ ਸ਼ੰਘਾਈ ਕਨਫਰੰਟੇਸ਼ਨ ਦਾ ਨਾਂਅ ਦਿੱਤਾ ਗਿਆ ਹੈ। ਇਸ ਸਮੇ ਰੂਸ-ਚੀਨ ਦੀ ਦੋਸਤੀ ਨੇ ਅਮਰੀਕਾ ਨੂੰ ਪਰੇਸ਼ਾਨ ਕੀਤਾ ਹੋਇਆ ਹੈ। ਯੂਕਰੇਨ ਨੇ ਰੂਸ ਦੇ ਵਿਵਹਾਰ ਤੋਂ ਤੰਗ ਆ ਕੇ ਨਾਟੋ ਵਿੱਚ ਸ਼ਾਮਲ ਹੋਣ ਦੇ ਯਤਨ ਕਰਨੇ ਸ਼ੁਰੂ ਕਰ ਦਿੱਤੇ। ਉਸ ਦੇ ਨਾਟੋ ਵਿੱਚ ਸ਼ਾਮਲ ਹੋਣ ਦਾ ਅਰਥ ਸੀ ਰੂਸ ਦੇ ਗੁਆਂਢ ਵਿੱਚ ਅਮਰੀਕਾ ਦੇ ਜੰਗੀ ਅੱਡੇ ਬਣਨੇ ਅਤੇ ਰੂਸ ਦੀ ਘੇਰਾਬੰਦੀ ਹੋਣੀ। ਰੂਸ ਇਸ ਨੂੰ ਬਰਦਾਸ਼ਤ ਨਹੀ ਕਰ ਸਕਦਾ ਸੀ। ਉਸ ਨੇ ਵਾਰ-ਵਾਰ ਯੂਕਰੇਨ ਦੇ ਰਾਸ਼ਟਰਪਤੀ ਜੇਲੈਂਸਕੀ ਨੂੰ ਨਾਟੋ ਵਿੱਚ ਨਾ ਸ਼ਾਮਲ ਹੋਣ ਲਈ ਕਿਹਾ, ਪਰ ਉਸ ਨੇ ਅਮਰੀਕਾ ਦੀ ਸ਼ਹਿ ਨਾਲ ਰੂਸ ਦੀ ਇਸ ਸਲਾਹ ਨੂੰ ਦਰ-ਕਿਨਾਰ ਕਰ ਦਿੱਤਾ। ਨਤੀਜੇ ਵਜੋਂ ਦੋਹਾਂ ਦੇਸ਼ਾਂ ਦਰਮਿਆਨ ਜੰਗ ਸ਼ੁਰੂ ਹੋਣੀ ਸੀ ਜੋ ਹੋ ਗਈ। ਇਸ ਦੌਰਾਨ ਟਰੰਪ ਦੀ ਐਂਟਰੀ ਦੂਜੀ ਵਾਰ ਬਤੌਰ ਰਾਸ਼ਟਰਪਤੀ ਹੋ ਗਈ। ਉਸ ਨੇ ਇੱਕ ਤਰ੍ਹਾਂ ਨਾਲ ਨਾਟੋ ਦੀ ਅਗਵਾਈ ਕਰਨ ਤੋਂ ਪੱਲਾ ਝਾੜ ਦਿੱਤਾ। ਇਸ ਸਮੇ ਯੂਕਰੇਨ ਨੂੰ ਲੈ ਕੇ ਯੂਰਪ ਅਤੇ ਰੂਸ ਆਹਮੋ-ਸਾਹਮਣੇ ਹਨ।

ਅਗਰ ਵਿਸ਼ਵ ਦੀ ਸਥਿਤੀ ਨੂੰ ਦੇਖਿਆ ਜਾਵੇ ਤਾਂ ਇਸ ਸਮੇ ਚੀਨ ਅਮਰੀਕਾ ਦਾ ਹਰ ਖੇਤਰ ਵਿੱਚ ਮੁਕਾਬਲਾ ਕਰ ਰਿਹਾ ਹੈ। ਦੋਹਾਂ ਖੇਮਿਆਂ ਵੱਲੋਂ ਇੱਕ-ਦੂਜੇ ਦੀ ਘੇਰਾਬੰਦੀ ਕੀਤੀ ਜਾ ਰਹੀ ਹੈ।

ਚੀਨ ਆਪਣੇ ਆਪ ਨੂੰ ਅਮਰੀਕਾ ਦਾ ਮੁਕਾਬਲਾ ਕਰਨ ਲਈ ਤਿਆਰ ਕਰ ਰਿਹਾ ਹੈ, ਜਦੋਂ ਕਿ ਭਾਰਤ ਮੁੱਲਾਂ ਦੀ ਦੌੜ ਮਸੀਤ ਤੱਕ ਦੇ ਅਖਾਣ ਵਾਂਗ ਆਪਣਾ ਨਿਸ਼ਾਨਾ ਪਾਕਿਸਤਾਨ 'ਤੇ ਰੱਖ ਕੇ ਚੱਲ ਰਿਹਾ ਹੈ। ਜਿੰਨੇ ਵੱਡੇ ਨਿਸ਼ਾਨੇ ਓਨੀ ਵੱਡੀ ਪ੍ਰਾਪਤੀ। ਮੋਦੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਦੇਸ਼ ਅਤੇ ਵਿਦੇਸ਼ ਨੀਤੀ ਨੂੰ ਮਿਕਸ ਕਰ ਦਿੱਤਾ ਗਿਆ ਹੈ। ਵਿਸਵ ਗੁਰੂ ਬਣਨ ਦੀ ਚਾਹਤ ਨੇ ਮੋਦੀ ਨੂੰ ਸਾਰੀਆਂ ਨੀਤੀਆਂ ਦੇ ਕੇਂਦਰ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਵਿਦੇਸ਼ ਨੀਤੀ ਨੂੰ ਦੇਸ਼ ਦੇ ਹਿਤ ਨਾਲ ਜੋੜਨ ਦੀ ਥਾਂ ਇੱਕ ਵਿਅਕਤੀ ਦੇ ਹਿਤ ਨਾਲ ਜੋੜਨ ਦੇ ਨਤੀਜੇ ਦੇਸ਼ ਵਾਸੀਆਂ ਨੂੰ ਦੇਰ ਸਵੇਰ ਜ਼ਰੂਰ ਭੁਗਤਣੇ ਪੈਣਗੇ।

ਇਸ ਦੌੜ ਵਿੱਚ ਚੀਨ ਹਾਲ ਦੀ ਘੜੀ ਸਭ ਤੋਂ ਅੱਗੇ ਹੈ। ਦੇਖਿਆ ਜਾਵੇ ਤਾਂ ਚੀਨ ਏਸ਼ੀਆ ਦੀ ਵੱਡੀ ਤਾਕਤ ਤਾਂ ਬਣ ਹੀ ਗਿਆ ਹੈ। ਭਾਰਤ ਨੂੰ ਉਹ ਅਜੇ ਵੀ ਆਪਣੇ ਰਾਹ ਦਾ ਰੋੜਾ ਸਮਝਦਾ ਹੈ। ਉਸ ਦੀ ਨੀਤੀ ਅਤੇ ਨੀਅਤ ਭਾਰਤ ਨੂੰ ਨਿਹੱਥਾ ਕਰਨ ਦੀ ਹੈ। ਭਾਰਤ ਦੇ ਆਂਢੀ-ਗੁਆਂਢੀ ਦੇਸ਼ ਆਪਣੇ ਨਾਲ ਜੋੜਨ ਤੋਂ ਬਾਅਦ ਉਸ ਨੇ ਪਾਕਿਸਤਾਨ ਨੂੰ ਅਤਿ ਆਧੁਨਿਕ ਜੰਗੀ ਹਥਿਆਰਾਂ ਨਾਲ ਲੈਸ ਕਰਨਾ ਸ਼ੁਰੂ ਕਰ ਦਿੱਤਾ ਹੈ। ਚਾਈਨਾ ਛੇਤੀ ਹੀ ਪਾਕਿਸਤਾਨ ਨੂੰ 35 ਸੀ ਜੇ 20 ਫਾਈਟਰ ਜੈੱਟ ਮੁਫਤ ਦੇ ਭਾਅ ਦੇਣ ਤੋਂ ਇਲਾਵਾ ਅਤਿ ਆਧੁਨਿਕ ਮਿਜ਼ਾਇਲ ਪੀ ਐੱਲ 17 ਵੀ ਦੇ ਰਿਹਾ ਹੈ। ਉਸ ਨੇ ਆਪਣੇ ਕੁਝ ਫੌਜੀ ਹਥਿਆਰਾਂ ਨੂੰ ਬਿਨਾਂ ਕੋਈ ਜੰਗ ਲੜੇ ਪਰਖ ਲਿਆ ਹੈ। ਇਹਨਾਂ ਹਥਿਆਰਾਂ ਵੱਲ ਬਹੁਤ ਸਾਰੇ ਦੇਸ਼ਾਂ ਦਾ ਧਿਆਨ ਖਿੱਚਿਆ ਗਿਆ ਹੈ।

ਰਾਸ਼ਟਰਵਾਦ ਦੇ ਨਾਂਅ ਹੇਠ ਜੋ ਮਰਜੀ ਆਖੀ ਅਤੇ ਸਮਝਾਈ ਜਾਵੇ, ਲੇਕਿਨ ਸੱਚਾਈ ਇਹ ਹੈ ਕਿ ਭਾਰਤ ਵਿਸ਼ਵ ਪੱਧਰ 'ਤੇ ਅਲੱਗ-ਥਲੱਗ ਹੋ ਕੇ ਰਹਿ ਗਿਆ ਹੈ। ਪਾਕਿਸਤਾਨ ਦਾ ਹਾਲ ਵੀ ਅਜਿਹਾ ਹੀ ਹੋਵੇਗਾ। ਇਕ ਨਾ ਇਕ ਦਿਨ ਚੀਨ ਉਸ 'ਤੇ ਕਾਬਜ਼ ਹੋ ਜਾਵੇਗਾ। ਦੋਹਾਂ ਦੇਸ਼ਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਔਕਾਤ ਤੋਂ ਵੱਡੀਆਂ ਛਾਲਾਂ ਮਾਰਨ ਤੋਂ ਗੁਰੇਜ਼ ਕਰਨ ਅਤੇ ਆਪਣੇ ਵਿਕਾਸ ਵੱਲ ਧਿਆਨ ਦੇਣ।

**# ;ਸੰਪਰਕ : +61482069176, ਮੈਲਬੌਰਨ (ਆਸਟ੍ਰੇਲੀਆ)**

13-JUNE-PAGE-5.qxd 6/12/2025 10:39 PM Page 1



# ਬੱਸ ਸਟੈਂਡ ਬਚਾਓ ਸੰਘਰਸ਼ ਕਮੇਟੀ ਵੱਲੋਂ ਵਿਰੋਧ ਪ੍ਰਦਰਸ਼ਨ ਜਾਰੀ

## ਮੁੱਖ ਮੰਤਰੀ ਦੇ ਨਾਂਅ ਪੱਤਰ ਲਿਖ ਕੇ ਬੱਸ ਸਟੈਂਡ ਨਾ ਬਦਲਣ ਦੀ ਮੁੜ ਕੀਤੀ ਅਪੀਲ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬੱਸ ਸਟੈਂਡ ਨੂੰ ਮੌਜੂਦਾ ਥਾਂ 'ਤੇ ਬਣਾਈ ਰੱਖਣ ਲਈ 24 ਅਪ੍ਰੈਲ ਤੋਂ ਅੰਬੇਡਕਰ ਪਾਰਕ 'ਚ ਸ਼ੁਰੂ ਹੋਏ ਸੰਘਰਸ਼ ਨੂੰ 50 ਦਿਨ ਪੂਰੇ ਹੋਣ 'ਤੇ ਸੰਘਰਸ਼ ਕਮੇਟੀ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਂਅ ਦੇ ਪੱਤਰ ਲਿਖ ਕੇ ਬੱਸ ਸਟੈਂਡ ਨੂੰ ਨਾ ਬਦਲਣ ਦੀ ਦੁਬਾਰਾ ਅਪੀਲ ਕੀਤੀ ਗਈ। ਬੱਸ ਸਟੈਂਡ ਬਚਾਓ ਸੰਘਰਸ਼ ਕਮੇਟੀ ਦੇ ਆਗੂ ਬਲਤੇਜ ਵਾਂਦਰ ਨੇ ਕਿਹਾ ਕਿ ਸ਼ਹਿਰ ਦਾ ਬੱਸ ਸਟੈਂਡ ਢੁੱਕਵੇਂ ਸਥਾਨ 'ਤੇ ਬਣਿਆ ਹੋਇਆ ਹੈ, ਜਿੱਥੋਂ ਸਰਕਾਰੀ ਕਾਲਜ, ਹਸਪਤਾਲ, ਕਚਹਿਰੀ, ਤਹਿਸੀਲ, ਸਰਕਾਰੀ ਦਫਤਰ, ਅਨਾਜ ਮੰਡੀ, ਸਬਜ਼ੀ ਮੰਡੀ, ਰੇਲਵੇ ਸਟੇਸ਼ਨ ਤੇ ਵਪਾਰਕ ਸੰਸਥਾਵਾਂ ਪੈਦਲ ਚੱਲ ਕੇ ਪਹੁੰਚਣ ਯੋਗ ਹਨ। ਇੱਥੋਂ ਹਰ ਰੋਜ਼ ਹਜ਼ਾਰਾਂ ਯਾਤਰੀ ਆਪਣੇ ਕੰਮ ਕਾਜਾਂ ਲਈ ਸਫਰ ਕਰਦੇ ਹਨ। ਜੇ ਬੱਸ ਅੱਡਾ ਬਦਲਿਆ ਗਿਆ ਤਾਂ ਲੋਕਾਂ ਦੀ ਜੇਬ 'ਤੇ ਵਾਧੂ ਭਾਰ ਪਵੇਗਾ, ਜਦਕਿ ਰੋਜ਼ਾਨਾ ਦੀ ਜ਼ਿੰਦਗੀ ਵੀ ਪ੍ਰਭਾਵਿਤ ਹੋਵੇਗੀ। ਉਨ੍ਹਾਂ ਦੱਸਿਆ ਕਿ ਨਵੇਂ ਬੱਸ ਸਟੈਂਡ ਨੂੰ ਲੈ ਕੇ ਕੋਈ ਵੀ ਟ੍ਰੈਫਿਕ ਸਰਵੇ ਨਹੀਂ ਹੋਇਆ ਅਤੇ ਟ੍ਰੈਫਿਕ ਜਾਮ ਦਾ ਕਾਰਨ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਹੈ। ਜੇ ਸੜਕਾਂ 'ਤੇ ਢੰਗ ਨਾਲ ਪ੍ਰਬੰਧ ਕੀਤਾ ਜਾਵੇ ਤੇ ਸੜਕਾਂ ਦੇ ਪਾਸੇ ਵਾਲੀ ਥਾਂ ਦੀ ਠੀਕ ਢੰਗ ਨਾਲ ਵਰਤੋਂ ਕੀਤੀ ਜਾਵੇ ਤਾਂ ਇਹ ਮੁਸ਼ਕਲ ਦੂਰ ਹੋ ਸਕਦੀ ਹੈ। ਪੱਤਰ ਵਿੱਚ ਲਿਖਿਆ ਗਿਆ ਕਿ ਨਵੀਂ ਟੈਕਨੋਲੋਜੀ ਰਾਹੀਂ ਬੱਸ ਸਟੈਂਡ ਨੂੰ ਮਲਟੀ ਲੈਵਲ ਟਰਮੀਨਲ, ਐਂਟਰੀ ਐਗਜ਼ਿਟ ਪੁਆਇੰਟ, ਸਮਾਰਟ ਪ੍ਰਬੰਧਨ ਤੇ ਹੋਰ ਸੁਵਿਧਾਵਾਂ ਨਾਲ ਸੁਧਾਰਿਆ ਜਾ ਸਕਦਾ ਹੈ। ਦੁਨੀਆ ਦੇ ਵੱਡੇ ਦੇਸ਼ਾਂ ਤੇ ਸ਼ਹਿਰਾਂ ਵਿੱਚ ਵੀ ਉਨ੍ਹਾਂ ਦੇ ਬੱਸ ਸਟੈਂਡ ਆਬਾਦੀ ਦੇ ਵਿਚਕਾਰ ਹਨ। ਸੰਘਰਸ਼ ਕਮੇਟੀ ਨੇ ਪੱਤਰ ਵਿੱਚ ਚਿੰਤਾ ਜਤਾਈ ਕਿ ਜੇ ਬੱਸ ਸਟੈਂਡ ਸ਼ਹਿਰ ਤੋਂ ਬਾਹਰ ਗਿਆ ਤਾਂ ਮਹਿਲਾਵਾਂ ਦੀ ਸੁਰੱਖਿਆ ਖਤਰੇ 'ਚ ਪੈ ਸਕਦੀ ਹੈ। ਇਸ ਦੇ ਨਾਲ ਹੀ ਜਿਹੜੇ ਲੋਕ ਦੇਰ ਰਾਤ ਜਾਂ ਸਵੇਰ ਸਫਰ ਕਰਦੇ ਹਨ, ਉਨ੍ਹਾਂ ਨੂੰ ਖਤਰਾ ਆ ਸਕਦਾ ਹੈ, ਕਿਉਂਕਿ ਨਵਾਂ ਸਥਾਨ ਸੁੰਨਸਾਨ ਇਲਾਕਾ ਹੈ ਅਤੇ ਉੱਥੇ ਸੁਰੱਖਿਆ ਦੀ ਕੋਈ ਉਚਿਤ ਵਿਵਸਥਾ ਨਹੀਂ। ਇਸ ਦੇ ਨਾਲ ਹੀ ਜੇ ਬੱਸ ਸਟੈਂਡ ਬਾਹਰ ਗਿਆ ਤਾਂ ਸ਼ਹਿਰ ਵਿੱਚ ਆਉਣ ਵਾਲੀ ਲੋਕਲ ਟ੍ਰਾਂਸਪੋਰਟ ਜਾਂ ਸਟਲ ਬੱਸਾਂ ਨਾਲ ਸੰਬੰਧਤ ਸਮੱਸਿਆ ਵਧੇਗੀ ਤੇ ਲੋਕਾਂ ਨੂੰ ਵਾਧੂ ਖਰਚਾ ਭੁਗਤਣਾ ਪਵੇਗਾ, ਜਿਸ ਵਿੱਚ ਵਿਦਿਆਰਥੀ, ਮਰੀਜ਼, ਦੁਕਾਨਾਂ ਤੇ ਕੰਮ ਕਰਨ ਵਾਲੇ ਤੇ ਰੋਜ਼ ਸਫਰ ਕਰਨ ਵਾਲੇ ਲੋਕ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਣਗੇ। ਸੰਘਰਸ਼ ਕਮੇਟੀ ਨੇ ਕਿਹਾ ਕਿ ਮਲੋਟ ਰੋਡ ਵਾਲੀ ਥਾਂ ਪਹਿਲਾਂ ਹੀ ਦੁਰਘਟਨਾਗ੍ਰਸਤ ਤੇ ਸੰਵੇਦਨਸ਼ੀਲ ਹੈ। ਉਕਤ ਇਲਾਕੇ ਵਿੱਚ ਸੀਮਿੰਟ ਫੈਕਟਰੀ, ਟ੍ਰਾਂਸਪੋਰਟ ਨਗਰ ਤੇ ਭਾਰੇ ਵਾਹਨਾਂ ਦੀ ਆਵਾਜਾਈ ਕਾਰਨ ਉੱਥੇ ਹਾਦਸਿਆਂ ਦੇ ਵਧਣ ਦਾ ਖਤਰਾ ਹੈ। ਇਸ ਲਈ ਬੱਸ ਸਟੈਂਡ ਨੂੰ ਮੌਜੂਦਾ ਥਾਂ 'ਤੇ ਹੀ ਬਣਾਈ ਰੱਖਿਆ ਜਾਵੇ ਤੇ ਲੋਕਾਂ ਨਾਲ ਸੰਵਾਦ ਕਰਕੇ ਉਨ੍ਹਾਂ ਦੀ ਰਾਏ ਲੈਣੀ ਚਾਹੀਦੀ ਹੈ, ਕਿਉਂਕਿ ਇਹ ਸਿਰਫ ਬੱਸ ਸਟੈਂਡ ਦਾ ਨਹੀਂ ਸਗੋਂ ਜਨ ਸਹੂਲਤਾਂ ਦਾ ਮੁੱਦਾ ਹੈ। ਇਸ ਮੌਕੇ ਹਰਵਿੰਦਰ ਹੈਪੀ, ਸੰਦੀਪ ਬਾਬੀ, ਗੁਰਪ੍ਰੀਤ ਆਰਟਿਸਟ, ਸੰਦੀਪ ਅਗਰਵਾਲ, ਕੰਵਲਜੀਤ ਭੰਗੂ, ਗੁਰਵਿੰਦਰ ਤੇ ਹੋਰ ਸਹਿਯੋਗੀ ਹਾਜ਼ਰ ਸਨ।

# ਡੀ ਪੀ ਮੌੜ ਨੂੰ ਸਦਮਾ, ਬਹਿਨੋਈ ਦਾ ਦੇਹਾਂਤ

**ਲੁਧਿਆਣਾ (ਐੱਮ ਐੱਸ ਭਾਟੀਆ)**-ਸੀ ਪੀ ਆਈ ਜ਼ਿਲ੍ਹਾ ਲੁਧਿਆਣਾ ਦੇ ਸਕੱਤਰ ਸਾਥੀ ਡੀ ਪੀ ਮੌੜ ਨੂੰ ਉਸ ਵੇਲੇ ਭਾਰੀ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਛੋਟੇ ਬਹਿਨੋਈ ਦੀ ਸਮਾਣਾ ਵਿਖੇ ਵੀਰਵਾਰ ਸਵੇਰੇ ਆਪਣੀ ਦੁਕਾਨ ਵਿੱਚ ਅਚਨਚੇਤ ਮੌਤ ਹੋ ਗਈ। ਉਨ੍ਹਾਂ ਦੇ ਅਚਾਨਕ ਸੰਸਾਰ ਤੋਂ ਚਲੇ ਜਾਣ ਕਾਰਨ ਸਾਰਾ ਪਰਿਵਾਰ ਸਦਮੇ ਵਿੱਚ ਹੈ।ਪਾਰਟੀ ਆਗੂਆਂ ਨੇ ਸਾਥੀ ਡੀ ਪੀ ਮੌੜ ਤੇ ਪਰਵਾਰ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕਰਦੇ ਹੋਏ ਕਿਹਾ ਕਿ ਅਸੀਂ ਸਮੁੱਚੀ ਪਾਰਟੀ ਵੱਲੋਂ ਉਨ੍ਹਾਂ ਦੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਸ਼ਰੀਕ ਹੁੰਦੇ ਹਾਂ।

# ਉਰਦੂ ਆਮੋਜ਼ ਦੀਆਂ ਜਮਾਤਾਂ ਪਹਿਲੀ ਤੋਂ

**ਮਾਨਸਾ (ਆਤਮਾ ਸਿੰਘ ਪਮਾਰ)** : ਭਾਸ਼ਾ ਵਿਭਾਗ ਪੰਜਾਬ ਦੀ ਰਹਿਨੁਮਾਈ ਹੇਠ ਸਥਾਨਕ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਵੱਲੋਂ 1 ਜੁਲਾਈ 2025 ਤੋਂ ਉਰਦੂ ਆਮੋਜ਼ ਦੀਆਂ ਜਮਾਤਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਤੇਜਿੰਦਰ ਕੌਰ ਨੇ ਦੱਸਿਆ ਕਿ 6 ਮਹੀਨੇ ਦੇ ਇਸ ਸਰਟੀਫਿਕੇਟ ਕੋਰਸ ਦੀ ਫੀਸ ਉੱਕਾ ਪੁੱਕਾ 500 ਰੁਪਏ ਹੈ।ਉਨ੍ਹਾਂ ਦੱਸਿਆ ਕਿ ਕਿਸੇ ਵੀ ਉਮਰ ਦਾ ਵਿਅਕਤੀ ਇਸ ਕੋਰਸ ਨੂੰ ਕਰ ਸਕਦਾ ਹੈ।ਇਸ ਦੀਆਂ ਜਮਾਤਾਂ ਰੋਜ਼ਾਨਾ ਕੰਮ ਕਾਜ ਵਾਲੇ ਦਿਨ ਸ਼ਾਮ ਸਵਾ ਪੰਜ ਤੋਂ ਸਵਾ ਛੇ ਵਜੇ ਤੱਕ ਲੱਗਣਗੀਆਂ।ਇਸ ਸਬੰਧੀ ਫਾਰਮ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਸਥਿਤ ਜ਼ਿਲ੍ਹਾ ਭਾਸ਼ਾ ਦਫ਼ਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

# ਬੀਬੀ ਰੰਧਾਵਾ ਦੇ ਯਤਨਾਂ ਸਦਕਾ ਗੁਰਦੀਪ ਕੌਰ ਦੀ ਕਾਂਗਰਸ 'ਚ ਘਰ ਵਾਪਸੀ

## ਰਾਜਾ ਵੜਿੰਗ ਦੀ ਅਗਵਾਈ 'ਚ ਮੁੜ ਫੜਿਆ ਕਾਂਗਰਸ ਦਾ ਪੱਲਾ



**ਸਮਾਣਾ/ਪਟਿਆਲਾ (ਗੁਰਪਿਆਰ ਸਿੰਘ ਬੱਲ/ ਰਾਜਿੰਦਰ ਸਿੰਘ ਥਿੰਦ)**

ਲੁਧਿਆਣਾ ਜ਼ਿਮਨੀ ਚੋਣ ਦਾ ਅਖਾੜਾ ਪੂਰੀ ਤਰ੍ਹਾਂ ਭਖ ਚੁੱਕਿਆ ਹੈ ਤੇ ਪਿਛਲੇ ਕੁਝ ਦਿਨਾਂ ਵਿੱਚ ਕਈ ਕਾਂਗਰਸੀਆਂ ਨੇ ਆਪਣੀ ਮਾਂ ਪਾਰਟੀ ਕਾਂਗਰਸ ਵਿੱਚ ਘਰ ਵਾਪਸੀ ਕੀਤੀ ਹੈ। ਇਨ੍ਹਾਂ ਵਿੱਚ ਲੁਧਿਆਣਾ ਸ਼ਹਿਰ ਤੋਂ ਚਾਰ ਵਾਰ ਦੀ ਕੌਂਸਲਰ ਰਹੀ ਜ਼ਿਲ੍ਹਾ ਮਹਿਲਾ ਕਾਂਗਰਸ ਲੁਧਿਆਣਾ ਦੀ ਸਾਬਕਾ ਪ੍ਰਧਾਨ ਗੁਰਦੀਪ ਕੌਰ, ਜੋ ਪੰਜਾਬ ਮਹਿਲਾ ਕਾਂਗਰਸ ਦੇ ਪ੍ਰਧਾਨ ਸ੍ਰੀਮਤੀ ਗੁਰਸ਼ਰਨ ਕੌਰ ਰੰਧਾਵਾ ਦੇ ਨੇੜਲੇ ਸਾਥੀਆਂ ਵਿੱਚੋਂ ਇੱਕ ਹੈ, ਦਾ ਨਾਮ ਵੀ ਸ਼ਾਮਲ ਹੈ।

ਜ਼ਿਕਰਯੋਗ ਹੈ ਕਿ ਲੰਘੀਆਂ ਮਿਊਂਸਪਲ ਕਾਰਪੋਰੇਸ਼ਨ ਦੀਆਂ ਚੋਣਾਂ ਵਿੱਚ ਗੁਰਸ਼ਰਨ ਕੌਰ ਰੰਧਾਵਾ ਵੱਲੋਂ ਰਾਜਾ ਵੜਿੰਗ ਨੂੰ ਸਿਫਾਰਸ਼ ਕਾਰਨ ਦੇ ਬਾਵਜੂਦ ਗੁਰਦੀਪ ਕੌਰ ਦੀ ਟਿਕਟ ਕੱਟ ਦਿੱਤੀ ਗਈ ਸੀ, ਜਿਸ ਕਰਕੇ ਗੁਰਦੀਪ ਕੌਰ ਦੇ ਸਾਥੀਆਂ ਵਿੱਚ ਭਾਰੀ ਰੋਸ ਸੀ ਤੇ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਆਮ ਆਦਮੀ ਪਾਰਟੀ ਵਿੱਚ ਜਾਣ ਦੇ ਬਾਵਜੂਦ ਗੁਰਦੀਪ ਕੌਰ ਦਾ ਦਿਲ ਕਾਂਗਰਸ ਨਾਲ ਹੀ ਜੁੜਿਆ ਹੋਇਆ ਸੀ, ਕਿਉਂਕਿ ਉਹ ਗੁਰਸ਼ਰਨ ਕੌਰ ਰੰਧਾਵਾ ਦੇ ਬਹੁਤ ਨੇੜਲੇ ਤੇ ਭਰੋਸੇਮੰਦ ਸਾਥੀਆਂ ਵਿੱਚੋਂ ਇੱਕ ਹਨ ਤੇ ਲੁਧਿਆਣਾ ਵਿੱਚ ਉਨ੍ਹਾਂ ਦਾ ਆਪਣਾ ਹੀ ਵੱਡਾ ਧੜਾ ਹੈ, ਜਿਹੜਾ ਕਾਂਗਰਸ ਪੱਖੀ ਹੈ।

ਗੁਰਦੀਪ ਕੌਰ ਨੂੰ ਕਾਂਗਰਸ ਵਿੱਚ ਲਿਆਉਣ ਲਈ ਗੁਰਸ਼ਰਨ ਕੌਰ ਰੰਧਾਵਾ ਪਿਛਲੇ ਕਈ ਦਿਨਾਂ ਤੋਂ ਯਤਨਸ਼ੀਲ ਸਨ, ਪਰ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਅੜਚਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਅਖੀਰ ਉਨ੍ਹਾਂ ਦੀ ਮਿਹਨਤ ਰੰਗ ਲਿਆਈ ਤੇ ਗੁਰਦੀਪ ਕੌਰ ਕਾਂਗਰਸ ਵਿੱਚ ਸ਼ਾਮਲ ਹੋਣ ਲਈ ਸਹਿਮਤ ਹੋ ਗਏ, ਜਿਨ੍ਹਾਂ ਨੂੰ ਸੂਬਾ ਪ੍ਰਧਾਨ ਰਾਜਾ ਵੜਿੰਗ ਤੇ ਸਾਂਸਦ ਸੁਖਜਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਇਕ ਸਾਦੇ ਸਮਾਗਮ ਦੌਰਾਨ ਕਾਂਗਰਸ ਵਿੱਚ ਸ਼ਾਮਲ ਕੀਤਾ ਗਿਆ। ਗੁਰਦੀਪ ਕੌਰ ਲੁਧਿਆਣਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੀ ਚੋਣ ਵਿੱਚ ਟੀਮ ਨਾਲ ਮਿਹਨਤ ਕਰ ਰਹੀ ਹੈ।

ਇਸ ਦੇ ਨਾਲ ਹੀ ਉਹ ਬੀਬੀ ਰੰਧਾਵਾ ਦੇ ਦਿਸ਼ਾ ਨਿਰਦੇਸ਼ਾਂ ਤੇ ਮਹਿਲਾ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਅਲਕਾ ਲਾਂਬਾ ਦੀ ਲੁਧਿਆਣਾ ਫੇਰੀ ਦਾ ਪ੍ਰੋਗਰਾਮ ਉਲੀਕਣ ਵਿੱਚ ਲੱਗੇ ਹੋਏ ਹਨ। ਬੀਬੀ ਰੰਧਾਵਾ ਦੇ ਨੇੜਲੇ ਸਾਥੀ ਮਹਿਲਾ ਕਾਂਗਰਸ ਸੂਬਾ ਮੀਤ ਪ੍ਰਧਾਨ ਕਿਰਨ ਗਰੇਵਾਲ, ਸੰਤੋਸ਼ ਰਾਣੀ ਸਵੱਦੀ, ਸ਼ਹਿਰੀ ਪ੍ਰਧਾਨ ਸੁਰਿੰਦਰ ਕੌਰ, ਇੰਦਰਜੀਤ ਕੌਰ, ਹਰਜੀਤ ਗਰਚਾ, ਸੁਨੀਤਾ ਸਾਹਨੇਵਾਲ, ਕਰਮਜੀਤ ਕੌਰ ਹੁਰੀ ਨੇ ਭਾਰਤ ਭੂਸ਼ਣ ਆਸ਼ੂ ਦੀ ਚੋਣ ਮੁਹਿੰਮ ਨੂੰ ਪੂਰੀ ਤਰ੍ਹਾਂ ਭਖਾ ਰੱਖਿਆ ਹੈ। ਬੀਬੀ ਰੰਧਾਵਾ ਨੇ ਦਾਅਵਾ ਕੀਤਾ ਕਿ ਕਾਂਗਰਸ ਭਾਰੀ ਵੋਟਾਂ ਨਾਲ ਜਿੱਤ ਪ੍ਰਾਪਤ ਕਰੇਗੀ।

# ਕੋਆਰਡੀਨੇਟਰ ਨਿਯੁਕਤ ਹੋਣ 'ਤੇ ਹਰਪਾਲ ਸਿੰਘ ਸੋਨੂੰ ਦਾ ਸਨਮਾਨ



**ਸੰਗਰੂਰ (ਪ੍ਰਵੀਨ ਸਿੰਘ)**-ਪਿਛਲੇ ਦਿਨੀਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਸਥਾਨਕ ਕਾਂਗਰਸੀ ਆਗੂ ਹਰਪਾਲ ਸਿੰਘ ਸੋਨੂੰ ਨੂੰ ਵਿਧਾਨ ਸਭਾ ਹਲਕਾ ਬਰਨਾਲਾ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਸਥਾਨਕ ਸੀਨੀਅਰ ਕਾਂਗਰਸੀ ਆਗੂਆਂ ਨਰੇਸ਼ ਗਾਬਾ ਸਾਬਕਾ ਚੇਅਰਮੈਨ, ਨੱਥੂ ਲਾਲ ਢੀਂਗਰਾ ਐੱਮ ਸੀ ਮਹੇਸ਼ ਕੁਮਾਰ ਮੇਸ਼ੀ ਸਾਬਕਾ ਪ੍ਰਧਾਨ ਨਗਰ ਕੌਂਸਲ ਸੰਗਰੂਰ, ਰਵੀ ਚਾਵਲਾ ਪ੍ਰਧਾਨ, ਦੀਪਕ ਗੋਇਲ ਐੱਮ ਸੀ, ਜਵਾਹਰ ਲਾਲ ਕੋਚ, ਭਰਤ ਗਰਗ ਪੀ ਏ ਟੂ ਸ੍ਰੀ ਵਿਜੈ ਇੰਦਰ ਸਿੰਗਲਾ ਸਾਬਕਾ ਕੈਬਨਿਟ ਮੰਤਰੀ ਪੰਜਾਬ, ਮਨੀ ਕਥੂਰੀਆ ਐੱਮ ਸੀ, ਜਯੋਤੀ ਗਾਬਾ ਐੱਮ ਸੀ, ਖੇਮ ਚੰਦ ਐੱਮ ਸੀ, ਹਿਮਾਂਸ਼ੂ ਗਾਬਾ ਐੱਮ ਸੀ, ਕੁਲਦੀਪ ਦਿਹਰਾਨ, ਰਾਜਿੰਦਰ ਮਨਚੰਦਾ, ਯਸਪਾਲ ਵਲੇਚਾ, ਸਾਹਿਲ ਵਰਮਾ, ਮਨੀਸ਼ ਸਿੰਗਲਾ, ਸੰਦੀਪ ਗਾਂਧੀ, ਨਰੇਸ਼ ਬਾਂਗੀਆ ਪੱਤਰਕਾਰ, ਸਨੀ ਗਾਬਾ, ਬੱਬੂ ਬੋਪਾਰਾਏ, ਗੌਰਵ ਗਰਗ, ਇਸ਼ੂ ਹੰਸ ਵੱਲੋਂ ਹਰਪਾਲ ਸਿੰਘ ਸੋਨੂੰ ਨੂੰ ਸਨਮਾਨਤ ਕੀਤਾ ਗਿਆ ਤੇ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਸਮੂਹ ਆਗੂਆਂ ਵੱਲੋਂ ਕਿਹਾ ਗਿਆ ਕਿ ਸਾਡੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਸਾਡੇ ਸਹਿਰ ਸੰਗਰੂਰ ਤੋਂ ਮਿਹਨਤੀ ਤੇ ਜੁਝਾਰੂ ਵਰਕਰ ਨੂੰ ਪਾਰਟੀ ਵੱਲੋਂ ਵੱਡੀ ਜ਼ਿੰਮੇਵਾਰੀ ਦੇ ਕੇ ਵੱਡਾ ਮਾਣ ਬਖਸ਼ਿਆ ਗਿਆ ਹੈ। ਸ੍ਰੀ ਹਰਪਾਲ ਸਿੰਘ ਸੋਨੂੰ ਵੱਲੋਂ ਸਮੂਹ ਕਾਂਗਰਸੀ ਆਗੂਆਂ ਦਾ ਧੰਨਵਾਦ ਕੀਤਾ ਗਿਆ ਤੇ ਵਿਸ਼ਵਾਸ ਦਿੱਤਾ ਕਿ ਉਹ ਸੀਨੀਅਰ ਲੀਡਰਸ਼ਿਪ ਵੱਲੋਂ ਉਨ੍ਹਾਂ ਪ੍ਰਤੀ ਜਤਾਏ ਗਏ ਵਿਸ਼ਵਾਸ ਉੱਤੇ ਖਰਾ ਉੱਤਰਨ ਦੀ ਪੂਰੀ ਕੋਸ਼ਿਸ਼ ਕਰਨਗੇ।

## ਕਾਤਰਾਂ

### ਜੂਏ ਦੀ ਰਾਸ਼ੀ ਸਮੇਤ ਤਿੰਨ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਘੱਲ ਖੁਰਦ ਤੇ ਥਾਣਾ ਤਲਵੰਡੀ ਭਾਈ ਦੀ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ 12 ਹਜ਼ਾਰ 40 ਰੁਪਏ ਦੀ ਰਾਸ਼ੀ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਜੂਆ ਐਕਟ ਤਹਿਤ ਮਾਮਲੇ ਦਰਜ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਥਾਣਾ ਘੱਲ ਖੁਰਦ ਪੁਲਸ ਦੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਰਣਜੀਤ ਸਿੰਘ ਉਰਫ ਕਾਲਾ ਪੁੱਤਰ ਸੁਖਦੇਵ ਸਿੰਘ ਵਾਸੀ ਵਾਰਡ ਨੰਬਰ 4 ਕਬਰਵੱਛਾ ਰੋਡ ਮੁੱਦਕੀ, ਘੱਲ ਖੁਰਦ ਤੇ ਨਰੇਸ਼ ਕੁਮਾਰ ਉਰਫ ਗੋਰਾ ਪੁੱਤਰ ਲੇਖ ਰਾਜ ਵਾਸੀ ਗਿੱਲ ਰੋਡ ਮੁੱਦਕੀ ਘੱਲ ਖੁਰਦ ਦੜਾ ਸੱਟਾ ਦਾ ਕੰਮ ਕਰਦੇ ਹਨ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਛਾਪੇਮਾਰੀ ਕੀਤੀ ਗਈ ਤਾਂ 8000 ਰੁਪਏ ਭਾਰਤੀ ਕਰੰਸੀ ਬਰਾਮਦ ਹੋਈ। ਇਸੇ ਤਰ੍ਹਾਂ ਥਾਣਾ ਤਲਵੰਡੀ ਭਾਈ ਦੀ ਪੁਲਸ ਦੇ ਸਹਾਇਕ ਥਾਣੇਦਾਰ ਸੁਦੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਮੁਖਬਰ ਨੇ ਇਤਲਾਹ ਦਿੱਤੀ ਕਿ ਉਪਾਸ਼ ਬਾਂਸਲ ਪੁੱਤਰ ਵਿਜੈ ਕੁਮਾਰ ਵਾਸੀ ਤਲਵੰਡੀ ਭਾਈ ਪਾਸੋਂ 440 ਰੁਪਏ ਸਮੇਤ ਦੜਾ ਸੱਟਾ ਪਰਚੀ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲੇ ਦਰਜ ਕਰ ਲਏ ਗਏ ਹਨ।

### ਰਚਨਾ ਰਾਣੀ ਨਮਿੱਤ ਪਾਠ ਦਾ ਭੋਗ ਅੱਜ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਗਿੱਦੜਬਾਹਾ ਕਰਿਆਨਾ ਐਸੋਸੀਏਸ਼ਨ ਦੇ ਸਰਪ੍ਰਸਤ ਵਰਿੰਦਰ ਪਾਲ ਗਰਗ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੀ ਧਰਮਪਤਨੀ ਤੇ ਗੌਰਵ ਗਰਗ ਦੀ ਮਾਤਾ ਰਚਨਾ ਰਾਣੀ ਦਾ ਬੀਤੇ ਦਿਨ ਅਚਾਨਕ ਦੇਹਾਂਤ ਹੋ ਗਿਆ। ਸਵ. ਰਚਨਾ ਰਾਣੀ ਦੇ ਦੇਹਾਂਤ 'ਤੇ ਗਿੱਦੜਬਾਹਾ ਦੀਆਂ ਸਮਾਜਿਕ, ਰਾਜਨੀਤਕ, ਧਾਰਮਿਕ, ਵਪਾਰਕ ਜਥੇਬੰਦੀਆਂ ਅਤੇ ਰਿਟੇਲ ਕਰਿਆਨਾ ਐਸੋਸੀਏਸ਼ਨ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਗਰਗ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਸਵ. ਰਚਨਾ ਰਾਣੀ ਦੀ ਆਤਮਿਕ ਸ਼ਾਂਤੀ ਲਈ ਰਖਾਏ ਗਏ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ 13 ਜੂਨ ਸ਼ੁੱਕਰਵਾਰ ਨੂੰ ਭਾਰੂ ਰੋਡ ਸਥਿਤ ਮਹਾਰਾਜਾ ਅਗਰਸੈਨ ਧਰਮਸ਼ਾਲਾ ਗਿੱਦੜਬਾਹਾ ਵਿਖੇ ਦੁਪਹਿਰ 12 ਵਜੇ ਤੋਂ 1:00 ਵਜੇ ਪਵੇਗਾ।

### ਮੱਕੀ ਦੀ ਫਸਲ ਦੀ ਖਰੀਦ ਸ਼ੁਰੂ

**ਸਰਹਿੰਦ ਮੰਡੀ (ਪ੍ਰਮੋਦ ਭਾਰਦਵਾਜ)**-ਸਰਹਿੰਦ ਅਨਾਜ ਮੰਡੀ ਵਿੱਚ ਮੱਕੀ ਦੀ ਫ਼ਸਲ ਦੀ ਖਰੀਦ ਵੇਚ ਦਾ ਜਾਇਜ਼ਾ ਲੈਣ ਲਈ ਮਾਰਕੀਟ ਕਮੇਟੀ ਸਰਹਿੰਦ ਫਤਿਹਗੜ੍ਹ ਸਾਹਿਬ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਮੰਡੀ ਵਿੱਚ ਸਰਕਾਰ ਵੱਲੋਂ ਮੱਕੀ ਦੀ ਫ਼ਸਲ ਬਹੁਤ ਬੇਹਤਰੀਨ ਢੰਗ ਨਾਲ ਹੋ ਰਹੀ ਹੈ। ਇਸ ਸੀਜ਼ਨ ਦੌਰਾਨ ਹੁਣ ਤੱਕ ਲਗਭਗ 3 ਹਜ਼ਾਰ ਕੁਇੰਟਲ ਮੱਕੀ ਫਸਲ ਵਿਕਣ ਲਈ ਆ ਚੁੱਕੀ ਹੈ। 800 ਕੁਇੰਟਲ ਫਸਲ ਵਿਕਣ ਲਈ ਆਈ ਹੈ, ਜੋ ਸਾਰੀ ਫਸਲ ਵਪਾਰੀਆਂ ਵੱਲੋਂ 21-22 ਸੌ ਰੁਪਏ ਪ੍ਰਤੀ ਕੁਇੰਟਲ ਦੇ ਖਰੀਦ ਕੀਤੀ ਗਈ ਹੈ।

# ਦਾਨ ਸਿੰਘ ਵਾਲਾ 'ਚ ਗੁੰਡਾ ਅਨਸਰਾਂ ਵੱਲੋਂ ਮੁੜ ਘਰ ਨੂੰ ਅੱਗ

## 9 ਖਿਲਾਫ ਕੇਸ ਦਰਜ, ਪਿੰਡ 'ਚ ਸਹਿਮ ਦਾ ਮਾਹੌਲ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਥਾਣਾ ਨੇਹੀਆਂ ਵਾਲਾ ਅਧੀਨ ਪੈਂਦੇ ਪਿੰਡ ਦਾਨ ਸਿੰਘ ਵਾਲਾ ਦੇ ਕੋਠੇ ਜੀਵਨ ਸਿੰਘ ਵਾਲਾ 'ਚ ਗੁੰਡਾ ਅਨਸਰਾਂ ਵੱਲੋਂ ਸ਼ਰਮਨਾਕ ਹਿੰਸਕ ਕਾਰਵਾਈ ਮੁੜ ਸਾਹਮਣੇ ਆਈ ਹੈ। ਬੀਤੀ ਰਾਤ ਨੌਂ ਵਿਅਕਤੀਆਂ ਨੇ ਨਿਰਮਲ ਕੌਰ ਪਤਨੀ ਇਕਬਾਲ ਸਿੰਘ ਦੇ ਘਰ 'ਚ ਦਾਖਲ ਹੋ ਕੇ ਨਾ ਸਿਰਫ਼ ਉਨ੍ਹਾਂ ਦੇ ਪੁੱਤਰ ਹਰਵਿੰਦਰ ਸਿੰਘ ਨਾਲ ਕੁੱਟਮਾਰ ਕੀਤੀ, ਸਗੋਂ ਘਰ ਅੰਦਰ ਪਏ ਸੋਫਿਆਂ ਤੇ ਮੰਜਿਆਂ ਨੂੰ ਅੱਗ ਵੀ ਲਾ ਦਿੱਤੀ। ਇਸ ਹਮਲੇ ਨੇ ਪਿੰਡ ਦੇ ਲੋਕਾਂ ਵਿੱਚ ਡਰ ਦਾ ਮਾਹੌਲ ਫਿਰ ਤੋਂ ਤਾਜ਼ਾ ਕਰ ਦਿੱਤਾ ਹੈ। ਜਾਣਕਾਰੀ ਮੁਤਾਬਕ, ਇਹ ਹਮਲਾ ਪੁਰਾਣੀ ਰੰਜਿਸ਼ ਦੇ ਚਲਦਿਆਂ ਹੋਇਆ।

ਐੱਸ. ਪੀ. ਜਸਮੀਤ ਸਿੰਘ ਨੇ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਕੁਝ ਨੌਜਵਾਨ ਤੇਜ਼ ਹਥਿਆਰ ਲੈ ਕੇ ਘਰ ਵਿੱਚ ਜ਼ਬਰਦਸਤੀ ਦਾਖਲ ਹੋਏ ਤੇ ਘਰ ਦਾ ਸਾਮਾਨ ਤੋੜਣ ਮਗਰੋਂ ਘਰ ਵਿੱਚ ਪਏ ਸੋਫੇ ਆਦਿ ਸਾਮਾਨ ਨੂੰ ਅੱਗ ਲੱਗਾ ਦਿੱਤੀ। ਥਾਣਾ ਨੇਹੀਆਂ ਵਾਲਾ ਦੇ ਐੱਸ.ਐੱਚ.ਓ. ਅਮਰਿੰਦਰ ਸਿੰਘ ਨੇ ਦੱਸਿਆ ਕਿ ਨਿਰਮਲ ਕੌਰ ਪਤਨੀ ਇਕਬਾਲ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਹੈਪੀ ਸਿੰਘ ਉਰਫ ਘੁੱਗਾ, ਰੇਸ਼ਮ ਸਿੰਘ, ਹਨੀ ਸਿੰਘ, ਪਿੰਕਾ ਸਿੰਘ ਤੇ ਪੰਜ ਹੋਰ ਅਣਪਛਾਤੇ ਵਿਅਕਤੀਆਂ ਖਿਲਾਫ ਭਾ.ਦੰ.ਸੰ. ਦੀਆਂ ਗੰਭੀਰ ਧਾਰਾਵਾਂ 331(6), 324(4), 326(), 191(3), 190 ਬੀਐਨਐੱਸ ਹੇਠ ਕੇਸ ਦਰਜ ਕੀਤਾ ਗਿਆ ਹੈ। ਜੋ ਸਾਰੇ ਕੋਠੇ ਜੀਵਨ ਸਿੰਘ ਵਾਲਾ ਦੇ ਹਨ। ਇਹ ਵੀ ਯਾਦ ਰਹੇ ਕਿ ਕੁਝ ਮਹੀਨੇ ਪਹਿਲਾਂ 10 ਜਨਵਰੀ ਵੀ ਗੁੰਡਾ ਤੱਤਾਂ ਵੱਲੋਂ ਪਿੰਡ ਦੇ ਪੌਣੀ ਦਰਜਨ ਘਰਾਂ ਨੂੰ ਅੱਗ ਲਗਾਈ ਗਈ ਸੀ। ਪਿੰਡ ਵਿੱਚ ਗੁੰਡਾਗਰਦੀ ਤੇ ਬੇਖੌਫ ਹਿੰਸਾ ਦੇ ਵਧ ਰਹੇ ਮਾਮਲਿਆਂ ਨੇ ਇਥੋਂ ਦੇ ਲੋਕਾਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ। ਲੋਕਾਂ ਨੇ ਪੁਲਸ ਤੋਂ ਕਠੋਰ ਕਾਰਵਾਈ ਦੀ ਮੰਗ ਕੀਤੀ ਹੈ ਤਾਂ ਜੋ ਪਿੰਡ ਵਿੱਚ ਕਾਨੂੰਨ ਦਾ ਰਾਜ ਵਾਪਸ ਆ ਸਕੇ।

# ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ ਦਿਹਾੜਾ ਸੰਗਤਾਂ ਵੱਲੋਂ ਗੁਰੂ ਘਰ ਵਿਖੇ ਮੱਥਾ ਟੇਕ ਕੇ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ। ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਗੁਰੂ ਸਾਹਿਬ ਦੇ ਗੁਰਪੁਰਬ ਸਬੰਧੀ ਸੰਗਤਾਂ ਨੂੰ ਵਧਾਈ ਦਿੱਤੀ ਤੇ ਮਾਨਵਤਾ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਹਜ਼ੂਰੀ ਰਾਗੀ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ ਤੇ ਗੁਰਦੁਆਰਾ ਸਾਹਿਬ ਦੇ ਦੀਵਾਨ ਵਿਖੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸੰਗਤਾਂ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਵਧਾਈ ਦਿੱਤੀ ਅਤੇ ਦੱਸਿਆ ਕਿ ਮਾਤਾ ਗੰਗਾ ਜੀ ਨੇ ਬਾਬਾ ਬੁੱਢਾ ਜੀ ਪਾਸੋਂ ਪੁੱਤਰ ਦੀ ਦਾਤ ਛੇਵੇਂ ਪਾਤਸ਼ਾਹ ਦੇ ਰੂਪ ਵਿਚ ਪ੍ਰਾਪਤ ਕੀਤੀ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਨੇ ਆਪਣੇ ਜੀਵਨ ਦੌਰਾਨ ਚਾਰ ਦੇ ਕਰੀਬ ਅਜਿਹੀਆਂ ਜੰਗਾਂ ਵੀ ਲੜੀਆਂ, ਜੋ ਜਬਰ ਤੇ ਜ਼ੁਲਮ ਦੇ ਖਿਲਾਫ਼ ਜਿੱਤ ਦਾ ਪ੍ਰਤੀਕ ਵੀ ਹਨ। ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਸਮੁੱਚੀ ਮਾਨਵਤਾ ਨੂੰ ਮੀਰੀ ਪੀਰੀ ਦਾ ਵਿਲੱਖਣ ਸਿਧਾਂਤ ਦੇ ਕੇ ਉਨ੍ਹਾਂ ਸਾਰੀਆਂ ਪਾਬੰਦੀਆਂ ਨੂੰ ਵੀ ਤੋੜਿਆ, ਜਿਸ ਕਰਕੇ ਗੁਰੂ ਸਾਹਿਬ ਨੂੰ ਬੰਦੀ ਛੋੜ ਦਾਤਾ ਵੀ ਆਖਿਆ ਜਾਂਦਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਮੈਨੇਜਰ ਭਾਗ ਸਿੰਘ ਵੱਲੋਂ ਪੁੱਜੀਆਂ ਸੰਗਤਾਂ ਦਾ ਜਿੱਥੇ ਧੰਨਵਾਦ ਕੀਤਾ ਗਿਆ, ਉੱਥੇ ਹੀ ਵੱਖ-ਵੱਖ ਸ਼ਖ਼ਸੀਅਤਾਂ ਨੂੰ ਸਿਰੋਪਾਉ ਵੀ ਭੇਟ ਕੀਤਾ ਗਿਆ। ਗੁਰਮਤਿ ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਐਡੀਸਨਲ ਮੈਨੇਜਰ ਜਸਵਿੰਦਰ ਸਿੰਘ, ਮੀਤ ਮੈਨੇਜਰ ਮਨਦੀਪ ਸਿੰਘ ਭਲਵਾਨ, ਸਾਬਕਾ ਹੈੱਡ ਗ੍ਰੰਥੀ ਭਾਈ ਸੁਖਦੇਵ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਹਜ਼ੂਰੀ ਸਿੰਘ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦਾ ਸਮੁੱਚਾ ਸਟਾਫ਼, ਅਧਿਕਾਰੀ ਤੇ ਸੰਗਤਾਂ ਆਦਿ ਹਾਜ਼ਰ ਸਨ।

# ਵਿਦਿਆਰਥੀਆਂ 'ਤੇ ਲਾਠੀਚਾਰਜ ਜ਼ਾਲਮਾਨਾ ਹਰਕਤ : ਅਰਜੁਨ ਚੌਟਾਲਾ

## ਸਕਾਲਰਸ਼ਿਪ ਕਟੌਤੀ ਦਾ ਵਿਰੋਧ ਕਰ ਰਹੇ ਹਿਸਾਰ 'ਵਰਸਿਟੀ ਦੇ ਕਈ ਵਿਦਿਆਰਥੀ ਜ਼ਖਮੀ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਇੰਡੀਅਨ ਨੈਸ਼ਨਲ ਲੋਕ ਦਲ ਦੇ ਵਿਦਿਆਰਥੀ ਵਿੰਗ ਦੇ ਰਾਸ਼ਟਰੀ ਇੰਚਾਰਜ ਤੇ ਰਾਣੀਆ ਦੇ ਵਿਧਾਇਕ ਅਰਜੁਨ ਚੌਟਾਲਾ ਨੇ ਹਰਿਆਣਾ ਦੀ ਹਿਸਾਰ ਖੇਤੀ ਯੂਨੀਵਸਿਟੀ ਕੈਂਪਸ ਵਿੱਚ ਐੱਮ ਐੱਸ ਸੀ ਤੇ ਪੀ ਐੱਚ ਡੀ ਸਕਾਲਰਸ਼ਿਪ ਵਿੱਚ ਕਟੌਤੀ ਖਿਲਾਫ ਸ਼ਾਂਤੀਪੂਰਵਕ ਵਿਰੋਧ ਕਰ ਰਹੇ ਵਿਦਿਆਰਥੀਆਂ 'ਤੇ ਕੀਤੇ ਲਾਠੀਚਾਰਜ ਨੂੰ ਇੱਕ ਨਿੰਦਣਯੋਗ ਤੇ ਜ਼ਾਲਮ ਕਦਮ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਨਿੰਦਣਯੋਗ ਗੱਲ ਇਹ ਹੈ ਕਿ ਵਿਦਿਆਰਥਣਾਂ 'ਤੇ ਵੀ ਲਾਠੀਚਾਰਜ ਕੀਤਾ ਗਿਆ। ਲਾਠੀਚਾਰਜ ਕਾਰਨ ਵਿਦਿਆਰਥਣਾਂ ਸਮੇਤ ਕਈ ਵਿਦਿਆਰਥੀਆਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਕੁਝ ਵਿਦਿਆਰਥੀਆਂ ਦੀ ਹਾਲਤ ਨਾਜ਼ੁਕ ਹੈ। ਉਨ੍ਹਾਂ ਕਿਹਾ ਕਿ ਆਮ ਪਰਿਵਾਰਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਬਹੁਤ ਮਹੱਤਵਪੂਰਨ ਹੈ, ਕਿਉਂਕਿ ਵਿਦਿਆਰਥੀਆਂ ਨੂੰ ਰਿਹਾਇਸ਼, ਭੋਜਨ, ਖੋਜ ਸਮੱਗਰੀ ਤੇ ਆਵਾਜਾਈ ਦੀ ਸਖ਼ਤ ਜ਼ਰੂਰਤ ਹੈ। ਵਿਦਿਆਰਥੀ ਮੰਗਾਂ ਦਾ ਸਮਰਥਨ ਕਰਦੇ ਹੋਏ ਅਰਜੁਨ ਚੌਟਾਲਾ ਨੇ ਕਿਹਾ ਕਿ ਲਾਠੀਚਾਰਜ ਲਈ ਜ਼ਿੰਮੇਵਾਰ ਮੁੱਖ ਸੁਰੱਖਿਆ ਅਧਿਕਾਰੀ ਸਮੇਤ ਸਾਰੇ ਸੁਰੱਖਿਆ ਕਰਮਚਾਰੀਆਂ ਨੂੰ ਤੁਰੰਤ ਬਰਖਾਸਤ ਕਰਕੇ ਪੂਰੇ ਮਾਮਲੇ ਦੀ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ। ਸਕਾਲਰਸ਼ਿਪ ਵਿੱਚ ਕਟੌਤੀ ਕਰਨ ਲਈ ਸੋਧ ਨੂੰ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ ਤੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਲਈ ਅਸਲ ਸਕਾਲਰਸ਼ਿਪ ਢਾਂਚਾ ਬਹਾਲ ਕੀਤਾ ਜਾਣਾ ਚਾਹੀਦਾ ਹੈ। ਅਰਜੁਨ ਚੌਟਾਲਾ ਨੇ ਕਿਹਾ ਕਿ ਜੇਕਰ ਵਿਦਿਆਰਥੀਆਂ 'ਤੇ ਹੋਏ ਹਮਲੇ ਲਈ ਮੁਆਫ਼ੀ ਨਹੀਂ ਮੰਗੀ ਜਾਂਦੀ ਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਇਨੈਲੋ ਦਾ ਵਿਦਿਆਰਥੀ ਸੰਗਠਨ ਇਸ ਤਾਨਾਸ਼ਾਹੀ ਵਿਰੁੱਧ ਰਾਜ ਪੱਧਰੀ ਜਨ ਅੰਦੋਲਨ ਸ਼ੁਰੂ ਕਰੇਗਾ।

# ਭੱਠਾ ਉਦਯੋਗ ਲਈ ਸੈਮੀਨਾਰ ਅੱਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ 13 ਜੂਨ ਨੂੰ ਫਿਰੋਜ਼ਪੁਰ ਸ਼ਹਿਰ ਦੇ ਇੰਡਸਟਰੀਅਲ ਏਰੀਆ ਸਥਿਤ ਸ਼ਾਲੀਮਾਰ ਬੈਂਕੁਟ ਹਾਲ ਵਿਖੇ ਭੱਠਾ ਉਦਯੋਗ ਨਾਲ ਸਬੰਧਤ ਇੱਕ ਵਿਸ਼ੇਸ਼ ਸੈਮੀਨਾਰ ਤੇ ਟ੍ਰੇਨਿੰਗ ਕੈਂਪ ਲਾਇਆ ਜਾ ਰਿਹਾ ਹੈ। ਇਸ ਸੈਮੀਨਾਰ ਦਾ ਮੁੱਖ ਮਕਸਦ ਭੱਠਾ ਉਦਯੋਗ ਨੂੰ ਸਹੀ ਤਰੀਕੇ ਨਾਲ ਚਲਾਉਣ ਤੇ ਵਾਤਾਵਰਣ ਪ੍ਰਦੂਸ਼ਣ ਨੂੰ ਘਟਾਉਣ ਲਈ ਜਾਗਰੂਕਤਾ ਪੈਦਾ ਕਰਨਾ ਹੈ। ਸੈਮੀਨਾਰ ਵਿੱਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸੀਨੀਅਰ ਅਧਿਕਾਰੀ ਤੇ ਪੰਜਾਬ ਸਾਇੰਸ ਐਂਡ ਟੈਕਨੋਲੋਜੀ ਵਿਭਾਗ ਦੇ ਮਾਹਰ ਹਿੱਸਾ ਲੈਣਗੇ। ਉਹ ਭੱਠਾ ਉਦਯੋਗ ਨਾਲ ਜੁੜੇ ਤਕਨੀਕੀ ਪਹਿਲੂਆਂ 'ਤੇ ਵਿਸਤ੍ਰਿਤ ਜਾਣਕਾਰੀ ਸਾਂਝੀ ਕਰਨਗੇ।

ਇਸ ਦੌਰਾਨ ਭੱਠਾ ਮਾਲਕਾਂ ਨੂੰ ਆਪਣੇ ਕਾਰੋਬਾਰ ਵਿੱਚ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਵੀ ਮਾਰਗਦਰਸ਼ਨ ਮਿਲੇਗਾ। ਮਾਹਰਾਂ ਵੱਲੋਂ ਪ੍ਰਦੂਸ਼ਣ ਨਿਯੰਤਰਣ ਦੇ ਨਵੀਨਤਮ ਤਰੀਕਿਆਂ ਤੇ ਤਕਨੀਕਾਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਫਿਰੋਜ਼ਪੁਰ ਭੱਠਾ ਮਾਲਕ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਅਗਰਵਾਲ ਨੇ ਦੱਸਿਆ ਕਿ ਇਹ ਸੈਮੀਨਾਰ ਭੱਠਾ ਉਦਯੋਗ ਨਾਲ ਜੁੜੇ ਵਿਅਕਤੀਆਂ ਲਈ ਬਹੁਤ ਲਾਭਕਾਰੀ ਸਾਬਿਤ ਹੋਵੇਗਾ।

# ਸੁਪਰਡੈਂਟ ਰੇਸ਼ਮ ਸਿੰਘ ਨੂੰ ਸੇਵਾ-ਮੁਕਤੀ 'ਤੇ ਨਿੱਘੀ ਵਿਦਾਇਗੀ ਪਾਰਟੀ



**ਬਰਨਾਲਾ (ਰਾਜਿੰਦਰ ਬਰਾੜ)**

ਸਿੱਖਿਆ ਵਿਭਾਗ ਵਿੱਚ 38 ਸਾਲ ਸੇਵਾ ਨਿਭਾਉਣ ਉਪਰੰਤ ਜ਼ਿਲ੍ਹਾ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ ਸਿੱਖਿਆ) ਸੁਨੀਤਇੰਦਰ ਸਿੰਘ ਦੀ ਅਗਵਾਈ ਵਿੱਚ ਸੁਪਰਡੈਂਟ ਰੇਸ਼ਮ ਸਿੰਘ ਨੂੰ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ। ਵਿਦਾਇਗੀ ਪਾਰਟੀ ਮੌਕੇ ਡੀਈਓ ਸੁਨੀਤਇੰਦਰ ਸਿੰਘ, ਡਿਪਟੀ ਡੀਈਓ (ਸੈ.ਸਿ.) ਬਰਜਿੰਦਰ ਪਾਲ ਸਿੰਘ, ਡਿਪਟੀ ਡੀਈਓ (ਐਲੀਮੈਂਟਰੀ) ਮੈਡਮ ਨੀਰਜਾ, ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਜ਼ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਤਰਸੇਮ ਭੱਠਲ, ਇੰਜੀਨੀਅਰ ਯੂਨੀਅਨ ਦੇ ਸੂਬਾ ਪ੍ਰਧਾਨ ਕਰਮਜੀਤ ਬੀਹਲਾ, ਪ੍ਰਿੰਸੀਪਲ ਕੌਰ ਸਿੰਘ, ਹੈੱਡਮਾਸਟਰ ਕੁਲਦੀਪ ਸਿੰਘ ਕਮਲ, ਪੀ ਐੱਸ ਐੱਮ ਐੱਸ ਯੂ ਦੇ ਜ਼ਿਲ੍ਹਾ ਸਕੱਤਰ ਤੇ ਸਿੱਖਿਆ ਵਿਭਾਗ ਦੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਸ਼ਰਮਾ ਨੇ ਆਪਣੇ ਸੰਬੋਧਨ ਦੌਰਾਨ ਸੁਪਰਡੈਂਟ ਰੇਸ਼ਮ ਸਿੰਘ ਨਾਲ ਬਿਤਾਏ ਪਲਾਂ ਤੇ ਉਨ੍ਹਾਂ ਦੀ ਦਰਿਆਦਿਲੀ, ਇਮਾਨਦਾਰੀ ਤੇ ਕੁਸ਼ਲ ਪ੍ਰਬੰਧਕ ਦੇ ਗੁਣਾਂ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਜਦੋਂ ਸਿੱਖਿਆ ਵਿਭਾਗ ਵਿੱਚ 38 ਸਾਲ ਦੀ ਬੇਦਾਗ ਸੇਵਾ ਨਿਭਾਉਣ ਦੀ ਜਿੱਥੇ ਸਭ ਨੂੰ ਖੁਸ਼ੀ ਸੀ, ਉੱਥੇ ਹੀ ਇੱਕ ਵਧੀਆ ਅਫਸਰ ਦੇ ਸੇਵਾ ਮੁਕਤ ਹੋਣ 'ਤੇ ਵਿੱਛੜਣ ਦੀ ਗਮੀ ਵੀ ਸਾਫ ਝਲਕ ਰਹੀ ਸੀ। ਸਟੇਜ ਸੰਚਾਲਕ ਰਵਿੰਦਰ ਸ਼ਰਮਾ ਨੇ ਕਿਹਾ ਕਿ ਸਿੱਖਿਆ ਵਿਭਾਗ ਵਿੱਚ ਉਨ੍ਹਾਂ ਦੀ ਪਹਿਲੀ ਜੁਆਇਨਿੰਗ 1987 ਵਿੱਚ ਬਤੌਰ ਕਲਰਕ ਸਰਕਾਰੀ ਹਾਈ ਸਕੂਲ, ਕਮਾਲੂ ਸਵੈਚ ਜ਼ਿਲ੍ਹਾ ਬਠਿੰਡਾ ਵਿਖੇ ਹੋਈ ਤੇ ਫਿਰ 2016 ਵਿੱਚ ਜ਼ਿਲ੍ਹਾ ਸਿੱਖਿਆ ਦਫਤਰ ਸੰਗਰੂਰ ਵਿਖੇ ਸੀਨੀਅਰ ਸਹਾਇਕ ਤੇ ਹੁਣ ਜ਼ਿਲ੍ਹਾ ਬਰਨਾਲਾ ਤੋਂ ਬਤੌਰ ਸੁਪਰਡੈਂਟ (ਸੈਕੰਡਰੀ ਸਿੱਖਿਆ) ਰਿਟਾਇਰ ਹੋ ਰਹੇ ਹਨ। ਅੰਤ ਵਿੱਚ ਸੁਪਰਡੈਂਟ ਰੇਸ਼ਮ ਸਿੰਘ ਨੇ ਵਿਦਾਇਗੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਸਾਰਿਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਸਮਾਜ ਸੇਵੀ ਕੰਮਾਂ ਪ੍ਰਤੀ ਹਮੇਸ਼ਾ ਸਮਰਪਤ ਰਹਿਣਗੇ। ਇਸ ਮੌਕੇ ਉਨ੍ਹਾਂ ਦੀ ਪਤਨੀ ਜਸਵੀਰ ਕੌਰ, ਰਮਨਦੀਪ ਕੌਰ, ਹਰਦੀਪਇੰਦਰ ਸਿੰਘ, ਗਗਨਦੀਪ ਸਿੰਘ, ਅਮਨਦੀਪ ਕੌਰ, ਐਕਸੀਅਨ ਬਲਜੀਤ ਸਿੰਘ, ਪ੍ਰਭਜੋਤ ਕੌਰ ਭਵਾਨੀਗੜ੍ਹ, ਸਮਨਦੀਪ ਕੌਰ, ਗੁਰਸਿਮਰਨ ਸਿੰਘ, ਜ਼ਿਲ੍ਹਾ ਖਜ਼ਾਨਾ ਅਫਸਰ ਬਲਵੰਤ ਸਿੰਘ ਭੁੱਲਰ, ਡੀਐੱਸਐੱਮ ਕਮਲਦੀਪ, ਮੀਡੀਆ ਕੋਆਰਡੀਨੇਟਰ ਹਰਵਿੰਦਰ ਰੋਮੀ, ਹੈੱਡਮਾਸਟਰ ਰਾਜੇਸ਼ ਗੋਇਲ ਤੇ ਡੀਈਓ ਦਫਤਰ ਦਾ ਸਮੂਹ ਸਟਾਫ ਹਾਜ਼ਰ ਰਿਹਾ।

# ਲੁਧਿਆਣਾ 'ਚ ਹੱਲਾ ਬੋਲ ਪ੍ਰਦਰਸ਼ਨ ਤੇ ਰੈਲੀ ਭਲਕੇ

**ਮਾਨਸਾ (ਆਤਮਾ ਸਿੰਘ ਪਮਾਰ)**

ਐਨ.ਐਸ.ਕਿਊ.ਐਫ਼ ਦੇ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਭੀਖੀ ਨੇ ਦੱਸਿਆ ਕਿ ਸਾਲ 2022 ਵਿੱਚ ਆਪ ਪਾਰਟੀ ਬਣਨ ਤੋਂ ਬਾਅਦ ਸ਼ਹੀਦ ਭਗਤ ਸਿੰਘ ਦੇ ਪਿੰਡ ਤੋਂ ਸਹੁੰ ਚੁੱਕਣ ਤੋਂ ਬਾਅਦ ਸਰਕਾਰ ਨੇ ਭਗਤ ਸਿੰਘ ਦੇ ਆਦਰਸ਼ਾਂ ਤੋਂ ਪਾਸਾ ਵੱਟ ਲਿਆ ਹੈ। ਸ਼ਹੀਦ ਭਗਤ ਸਿੰਘ ਨੇ ਹਮੇਸ਼ਾ ਫਾਸਿਸਟ (ਪੂੰਜੀਵਾਦੀ) ਸਰਕਾਰਾਂ ਖਿਲਾਫ ਲੜਾਈ ਲੜੀ, ਪਰ ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦੇਣ ਵਾਲੀ ਆਪ ਪਾਰਟੀ ਅੱਜ ਸਰਕਾਰੀ ਵਿਭਾਗਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਜਾ ਰਹੀ ਹੈ। ਸਰਕਾਰੀ ਸਕੂਲਾਂ ਵਿੱਚ ਪ੍ਰਾਈਵੇਟ ਕੰਪਨੀਆਂ ਨੂੰ ਬਾਹਰ ਕੱਢਣ ਦੀ ਬਜਾਏ ਉਨ੍ਹਾਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲ ਸੌਂਪਣ ਜਾ ਰਹੀ ਹੈ। ਜ਼ਿਲ੍ਹਾ ਵਿੱਤ ਸਕੱਤਰ ਨਰਪਿੰਦਰ ਸਿੰਘ ਮੋਹਲ ਦੱਸਿਆ ਕਿ ਆਪ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾ ਕੱਚੇ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਬਣਨ ਉਪਰੰਤ ਸਾਰੇ ਵਿਭਾਗਾਂ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ, ਪਰ ਤ੍ਰਾਸਦੀ ਇਹ ਹੈ ਕਿ ਸਰਕਾਰ ਕੱਚੇ ਮੁਲਜ਼ਮਾਂ ਦੀਆਂ ਮੰਗਾਂ ਹੱਲ ਕਰਨ ਦੀ ਬਜਾਏ ਮੀਟਿੰਗ ਕਰਨ ਤੋਂ ਵੀ ਮੁਨਕਰ ਹੋ ਰਹੀ ਹੈ। ਪਹਿਲਾਂ ਵਾਲੀਆਂ ਸਰਕਾਰਾਂ ਵਾਂਗ ਕਾਰਪੋਰੇਟ ਘਰਾਣਿਆਂ ਦੀ ਸੇਵਾ 'ਚ ਹਾਜ਼ਰ ਹੈ। ਫਰੰਟ ਆਗੂਆਂ ਦਾ ਕਹਿਣਾ ਹੈ ਕਿ ਆਉਂਦੀ 14 ਜੂਨ ਲੁਧਿਆਣਾ ਵਿਖੇ ਰੋਸ ਪ੍ਰਦਰਸਨ ਤੇ ਰੈਲੀ ਕਰਕੇ ਸਰਕਾਰ ਦੇ ਲਾਰਿਆਂ ਦੀ ਪੋਲ ਵੋਟਰਾਂ ਸਾਹਮਣੇ ਖੋਲ੍ਹੀ ਜਾਵੇਗੀ।

# 'ਆਪ' ਸਰਕਾਰ ਦੇ ਰਾਜ 'ਚ ਪੰਜਾਬ 'ਚ ਸਾਰਾ ਨਵਾਂ ਨਿਵੇਸ਼ ਹੋਇਆ ਠੱਪ : ਮਜੀਠੀਆ



**ਲੁਧਿਆਣਾ (ਰੈਕਟਰ ਕਥੂਰੀਆ)**

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ੍ਰ. ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਸਾਰਾ ਨਿਵੇਸ਼ ਠੱਪ ਹੋ ਗਿਆ ਹੈ ਤੇ ਮੌਜੂਦਾ ਉਦਯੋਗ ਵੀ ਫਿਰੌਤੀਆਂ ਨਾਲ ਜੂਝ ਰਹੇ ਹਨ ਤੇ ਉਨ੍ਹਾਂ ਨੂੰ ਕੋਈ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ।

**ਤਲਵੰਡੀ ਸਾਬੋ (ਜਗਦੀਪ ਗਿੱਲ)**-ਐੱਚ ਪੀ ਸੀ ਐੱਲ ਮਿੱਤਲ ਐਨਰਜੀ ਲਿਮਟਿਡ (ਐੱਚ ਐੱਮ ਈ ਐੱਲ) ਨੇ ਨਸ਼ਾ ਮੁਕਤ ਭਾਰਤ ਅਭਿਆਨ ਦਾ ਸਰਗਰਮੀ ਨਾਲ ਆਯੋਜਨ ਕੀਤਾ ਤੇ ਇੱਕ ਸਿਹਤਮੰਦ ਅਤੇ ਨਸ਼ਾ ਮੁਕਤ ਸਮਾਜ ਦੇ ਨਿਰਮਾਣ ਲਈ ਆਪਣੀ ਵਚਨਬੱਧਤਾ ਦੁਹਰਾਈ।ਇਹ ਮੁਹਿੰਮ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਮੰਤਰਾਲੇ ਦੀ ਇੱਕ ਵੱਡੀ ਪਹਿਲ ਹੈ।ਇਹ ਸਮਾਗਮ ਪੰਜਾਬ ਸਰਕਾਰ ਦੇ ਇਸਤਰੀ ਤੇ ਬਾਲ ਵਿਕਾਸ ਅਤੇ ਸਮਾਜਿਕ ਸੁਰੱਖਿਆ ਵਿਭਾਗ ਦੇ ਸਹਿਯੋਗ ਨਾਲ ਕੀਤਾ ਗਿਆ।ਇਸ ਮੁਹਿੰਮ ਵਿੱਚ ਵਿਅਕਤੀਗਤ, ਸਮਾਜਿਕ ਤੇ ਰਾਸ਼ਟਰੀ ਤਰੱਕੀ ਲਈ ਨਸ਼ਿਆਂ ਨਾਲ ਲੜਨ ਅਤੇ ਨਸ਼ਾ ਮੁਕਤ ਜੀਵਨ ਸ਼ੈਲੀ ਨੂੰ ਉਤਸ਼ਾਹਤ ਕਰਨ ਦੀ ਸਖ਼ਤ ਲੋੜ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਜਾਗਰੂਕਤਾ ਸੈਸ਼ਨ, ਕਾਊਂਸਲਿੰਗ, ਸੇਵਾ ਪ੍ਰਦਾਤਾਵਾਂ ਲਈ ਸਮਰੱਥਾ ਨਿਰਮਾਣ ਵਰਕਸ਼ਾਪਾਂ ਤੇ ਮੁੜ ਵਸੇਬਾ ਕੇਂਦਰਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।ਇਸ ਮੌਕੇ ਐੱਚ ਐੱਮ ਈ ਐੱਲ ਦੇ ਸੀਨੀਅਰ ਅਧਿਕਾਰੀ ਸ੍ਰੀ ਅਰੁਣ ਭਾਰਦਵਾਜ (ਉਪ ਪ੍ਰਧਾਨ- ਸੰਚਾਲਨ ਉੱਤਮਤਾ), ਦਵਿੰਦਰ ਮਿੱਤਲ (ਉਪ ਪ੍ਰਧਾਨ-ਸੰਚਾਲਨ ਤੇ ਰੱਖ-ਰਖਾਅ), ਗੌਰਵ ਗੁਪਤਾ (ਉਪ ਪ੍ਰਧਾਨ ਕੈਮੀਕਲਜ਼), ਵਿਸ਼ਵਾਸ ਗੌੜ (ਮੁਖੀ ਮਾਰਕੀਟਿੰਗ) ਤੇ ਗੁਲਸ਼ਨ ਗੋਮਰ (ਡੀਜੀਐੱਮ ਮਾਰਕੀਟਿੰਗ) ਸ਼ਾਮਲ ਸਨ।ਅਵਿਨਾਸ਼ ਰਾਣਾ ਚੇਅਰਮੈਨ ਇੰਡੀਅਨ ਐਜੂਕੇਸ਼ਨ ਸੁਸਾਇਟੀ ਸੰਗਰੂਰ, ਡਾ. ਭਾਵਨਾ ਸਾਹਨੀ ਵੀ ਪੀ ਡਿਜ਼ਨੀ ਕੇਅਰ ਨਵੀਂ ਦਿੱਲੀ, ਪੰਕਜ ਕੁਮਾਰ ਡੀਪੀਓ ਬਠਿੰਡਾ, ਬਰਿੰਦਰ ਸਿੰਘ ਜ਼ਿਲ੍ਹਾ ਭਲਾਈ ਅਫਸਰ, ਬਠਿੰਡਾ ਨੇ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਭਾਈਚਾਰਕ ਜ਼ਿੰਮੇਵਾਰੀ ਦੀ ਮਹੱਤਤਾ ਬਾਰੇ ਪ੍ਰਭਾਵਸ਼ਾਲੀ ਤੇ ਉਤਸ਼ਾਹਜਨਕ ਭਾਸ਼ਣ ਦਿੱਤਾ।ਟੈਂਕਰ ਤੇ ਟਰੱਕ ਡਰਾਈਵਰ ਮੈਂਬਰਾਂ ਤੇ ਅਧਿਕਾਰੀਆਂ ਸਮੇਤ 120 ਤੋਂ ਵੱਧ ਭਾਗੀਦਾਰਾਂ ਦੀ ਸਰਗਰਮ ਭਾਗੀਦਾਰੀ ਨਾਲ, ਇਹ ਪਹਿਲ ਜਾਗਰੂਕਤਾ, ਰੋਕਥਾਮ ਤੇ ਸਹਾਇਤਾ ਪ੍ਰਤੀ ਐੱਚ ਐੱਮ ਈ ਐੱਲ ਦੇ ਸਮਰਪਣ ਨੂੰ ਦਰਸਾਉਂਦੀ ਹੈ।ਇਸ ਦੇ ਨਾਲ ਹੀ ਇਹ ਇੱਕ ਸੁਰੱਖਿਅਤ ਤੇ ਦੁਰਘਟਨਾ ਮੁਕਤ ਕਾਰਜ ਸਥਾਨ ਦੇ ਸੰਗਠਨ ਦੇ ਟੀਚੇ ਨੂੰ ਵੀ ਮਜ਼ਬੂਤ ਕਰਦਾ ਹੈ।

## ਭਗਤ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਟਾਂਕ ਕਸ਼ੱਤਰੀ ਸਭਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਨਿਰੰਜਣ ਸਿੰਘ ਰੱਖਰਾ ਦੀ ਯੋਗ ਅਗਵਾਈ ਹੇਠ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਭਵਨ ਸ੍ਰੀ ਮੁਕਤਸਰ ਸਾਹਿਬ ਵਿਖੇ ਸੰਗਤਾਂ ਵੱਲੋਂ ਪੂਰਨਮਾਸ਼ੀ ਦੇ ਪਵਿੱਤਰ ਦਿਨ ਤੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਅਤੇ ਸਤਿਗੁਰੂ ਭਗਤ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਕੀਤਾ ਗਿਆ ਭਵਨ ਦੇ ਅਨਮੋਲ ਕੀਰਤਨੀ ਜਥੇ ਭਾਈ ਸਤਨਾਮ ਸਿੰਘ ਬਾਵਾ ਵੱਲੋਂ ਸਤਿਗੁਰਾਂ ਦੀ ਇਲਾਹੀ ਬਾਣੀ ਦਾ ਰਸਭਿੰਨਾ ਕੀਰਤਨ ਕਰਦਿਆਂ ਸੰਗਤਾਂ ਨੂੰ ਗੁਰੂਘਰ ਨਾਲ ਜੋੜਿਆ ਤੇ ਭਵਨ ਦੇ ਹੈੱਡ ਗ੍ਰੰਥੀ ਭਾਈ ਰਛਪਾਲ ਸਿੰਘ ਬਾਵਾ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਭਾ ਦੇ ਪ੍ਰਧਾਨ ਨਿਰੰਜਣ ਸਿੰਘ ਰੱਖਰਾ ਨੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਤੇ ਸਤਿਗੁਰੂ ਭਗਤ ਕਬੀਰ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸੰਗਤਾਂ ਨੂੰ ਮੁਬਾਰਕਾਂ ਦਿੱਤੀਆਂ। ਰੱਖਰਾ ਨੇ ਕਿਹਾ ਕਿ ਸਾਨੂੰ ਗੁਰੂਆਂ ਵੱਲੋਂ ਵਿਖਾਏ ਰਸਤੇ 'ਤੇ ਚੱਲਣ ਦੀ ਅਤੀ ਲੋੜ ਹੈ। ਸਮਾਗਮ ਦੀ ਸਮਾਪਤੀ 'ਤੇ ਪ੍ਰਬੰਧਕਾਂ ਵੱਲੋਂ ਸੰਗਤਾਂ ਨੂੰ ਮਿੱਸੇ ਪ੍ਰਸ਼ਾਦੇ, ਦਹੀਂ, ਚੱਟਣੀ ਤੇ ਮਠਿਆਈ ਦਾ ਲੰਗਰ ਛਕਾਇਆ ਗਿਆ ਅਤੇ ਨਾਲ-ਨਾਲ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਗਈ। ਸਮਾਗਮ ਦੌਰਾਨ ਸਭਾ ਦੇ ਸੈਕਟਰੀ ਸੁਖਦਰਸ਼ਨ ਸਿੰਘ ਤੱਗੜ, ਕੈਸ਼ੀਅਰ ਦਰਸ਼ਨ ਸਿੰਘ ਮੱਲਣ, ਨੱਥਾ ਸਿੰਘ ਢਿੱਲੋਂ, ਮਲਕੀਤ ਸਿੰਘ ਸਰਾਂ, ਰਛਪਾਲ ਸਿੰਘ ਟੀਟਾ, ਬਲਦੇਵ ਸਿੰਘ ਤੱਗੜ, ਜਗਜੀਤ ਸਿੰਘ ਪੁਰਬਾ, ਸੁਖਮੰਦਰ ਸਿੰਘ ਬੇਦੀ, ਲਖਵੀਰ ਸਿੰਘ ਲੱਖੂ, ਗੁਰਪਾਲ ਸਿੰਘ ਪੁਰਬਾ, ਦਰਸ਼ਨ ਸਿੰਘ ਚੱਕ ਵਾਲਾ, ਤਰਸੇਮ ਸਿੰਘ ਤੱਗੜ, ਗੁਰਪ੍ਰੀਤ ਸਿੰਘ ਪੁਰਬਾ, ਮਨਜੀਤ ਸਿੰਘ ਰੱਖਰਾ, ਬਲਵੀਰ ਸਿੰਘ ਜੱਸਲ, ਕਰਨੈਲ ਸਿੰਘ ਬੇਦੀ, ਰਜਿੰਦਰ ਸਿੰਘ ਭਾਰਤੀ, ਪਰਵਿੰਦਰ ਸਿੰਘ ਰੱਖਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੀਬੀਆਂ ਮੌਜੂਦ ਸਨ।

# ਕਿਰਤ ਕਾਨੂੰਨਾਂ ਵਿਚਲੀਆਂ ਸੋਧਾਂ ਖਿਲਾਫ ਕਿਰਤੀਆਂ ਦਾ ਲਾਮਬੰਦ ਹੋਣਾ ਅਤਿ ਜ਼ਰੂਰੀ : ਪੰਜਾਬ ਕਿਸਾਨ ਯੂਨੀਅਨ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਸ਼ਹਿਰ ਅੰਦਰ ਪਿਕਅਪ ਡਰਾਈਵਿੰਗ ਰਾਹੀਂ ਛੋਟੇ ਕਾਰੋਬਾਰ ਨੂੰ ਖ਼ਤਮ ਕਰਨ ਲਈ ਪੰਜਾਬ ਸਰਕਾਰ ਦੀ ਲੋਕ ਵਿਰੋਧੀ ਨੀਤੀ ਬਾਰੇ ਚਰਚਾ ਕੀਤੀ ਗਈ। [illegible]

# ਪੁਲਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜਾਗਰੂਕਤਾ ਸੈਮੀਨਾਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਬਾਬੂ ਲਾਲ ਮੀਨਾ ਆਈ ਜੀ ਇੰਟੈਲੀਜੈਂਸ ਪੰਜਾਬ ਤੇ ਡਾ. ਅਖਿਲ ਚੌਧਰੀ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਨਸ਼ਿਆਂ ਖਿਲਾਫ ਜਾਗਰੂਕਤਾ ਸੈਮੀਨਾਰ ਕੀਤਾ ਗਿਆ। [illegible]

### ■ ਨਸ਼ਿਆਂ ਖਿਲਾਫ ਲੋਕ ਪੁਲਸ ਨੂੰ ਸਹਿਯੋਗ ਦੇਣ : ਬਾਬੂ ਲਾਲ ਮੀਨਾ



[illegible]

## ਕੈਨੇਡਾ 'ਚ ਜਲਾਲ ਦੇ ਵੱਡੇ ਕਾਰੋਬਾਰੀ ਦਾ ਗੋਲੀ ਮਾਰ ਕੇ ਕਤਲ, ਪਿੰਡ 'ਚ ਸੋਗ ਦੀ ਲਹਿਰ



**ਬਠਿੰਡਾ (ਰਾਜੀਵ ਗੋਇਲ)**-ਕਲੀਆਂ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਰਹੇ ਕੁਲਦੀਪ ਮਾਣਕ ਦੇ ਪਿੰਡ ਜਲਾਲ, ਜੋ ਕਿ ਜ਼ਿਲ੍ਹਾ ਬਠਿੰਡਾ ਦਾ ਪਿੰਡ ਹੈ, ਵਿਖੇ ਉਸ ਸਮੇਂ ਗਹਿਰੇ ਸੋਗ ਦੀ ਲਹਿਰ ਦੌੜ ਗਈ, ਜਦੋਂ ਪਿੰਡ ਵਾਸੀਆਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਪਿੰਡ ਦੇ ਮਾਸਟਰ ਸ਼ਾਮ ਲਾਲ ਜੀ ਦੇ ਸਪੁੱਤਰ 'ਪਿੰਟੂ' ਦਾ ਕੈਨੇਡਾ ਦੀ ਧਰਤੀ ਦੇ ਸ਼ਹਿਰ ਸਰੀ ਵਿਖੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। [illegible] ਕਾਰੋਬਾਰੀ ਸੀ, ਜਿਸ ਦੀ ਗੋਲੀ ਮਾਰ ਕੇ ਹੱਤਿਆ ਕੀਤੀ ਗਈ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਮਾਸਟਰ ਸ਼ਾਮ ਲਾਲ ਦਾ ਪਰਿਵਾਰ ਬਹੁਤ ਹੀ ਸ਼ਰੀਫ ਪਰਿਵਾਰ ਸੀ, ਇਨ੍ਹਾਂ ਦਾ ਇੱਥੇ ਵੀ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ ਸੀ।

# ਅਕਾਲੀ ਉਮੀਦਵਾਰ ਨੂੰ ਵੱਡੀ ਲੀਡ ਦਿਵਾਉਣ ਲਈ ਸੰਜੀਤ ਸਿੰਘ ਸੰਨੀ ਗਿੱਲ ਵੱਲੋਂ ਪ੍ਰਚਾਰ ਜ਼ੋਰਾਂ 'ਤੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਲੁਧਿਆਣਾ ਪੱਛਮੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੀ ਚੋਣ ਵਿੱਚ [illegible] ਘੁੰਮਣ ਇੱਕ ਹਰਮਨ ਪਿਆਰੇ ਆਗੂ ਹਨ ਤੇ ਉਹ ਲੋਕ ਮਨਾਂ ਵਿੱਚ ਹਮੇਸ਼ਾ ਵਸਦੇ ਹਨ ਤੇ ਹਰ ਇਕ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੁੰਦੇ ਹਨ। ਲੁਧਿਆਣਾ ਪੱਛਮੀ ਦੇ ਲੋਕ ਉਨ੍ਹਾਂ 'ਤੇ ਪੂਰਾ ਵਿਸ਼ਵਾਸ ਕਰਦੇ ਹਨ। ਇਸ ਲਈ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਵੱਡੀ [illegible] ਹੈ। ਹਰ ਵਿਅਕਤੀ ਆਪਣੇ ਘਰੋਂ ਬਾਹਰ ਜਾਣ ਤੋਂ ਡਰਦਾ ਹੈ ਕਿ ਪਤਾ ਨਹੀਂ ਕਿੱਥੇ ਲੁੱਟਿਆ ਜਾਵੇ। ਸੰਜੀਤ ਸਿੰਘ ਸੰਨੀ ਗਿੱਲ ਨੇ ਕਿਹਾ ਕਿ ਸੂਬੇ ਦਾ ਵਿਕਾਸ ਇੱਕੋ ਇੱਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਕਰਵਾ ਸਕਦੀ ਹੈ ਅਤੇ ਜੋ ਵਿਕਾਸ ਪੰਜਾਬ [illegible] ਵਾਲਾ, ਦੇਬ ਅਸੀਸ ਮਲਿਕ ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ, ਸੁਖਬੀਰ ਸਿੰਘ ਗਿੱਲ ਹਲਕਾ ਪ੍ਰਧਾਨ ਯੂਥ ਅਕਾਲੀ ਦਲ, ਬਲਵੀਰ ਸਿੰਘ ਮੌੜ, ਗੁਰਚਰਨ ਸਿੰਘ ਬਿੱਟੂ, ਦਰਸ਼ਨ ਸਿੰਘ ਸਿੱਧੂ, ਜਸਨੂਰ ਗਿੱਲ ਆਦਿ ਹਾਜ਼ਰ ਸਨ।

## ਟੈਕਨੀਕਲ ਸਰਵਿਸਿਜ਼ ਯੂਨੀਅਨ ਦੀ ਸਟੇਟ ਕਮੇਟੀ ਦੀ ਮੀਟਿੰਗ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਟੈਕਨੀਕਲ ਸਰਵਿਸਜ਼ ਯੂਨੀਅਨ ਦੀ ਸਟੇਟ ਕਮੇਟੀ ਦੀ ਮੀਟਿੰਗ ਪ੍ਰਧਾਨ ਸਾਥੀ ਰਤਨ ਸਿੰਘ ਮਜਾਰੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਕੀਤੀ ਗਈ। [illegible]


**ਉੱਤਰ ਰੇਲਵੇ**

**ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ ਇਲੈਕਟ੍ਰੌਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ**

[illegible]

| ਲ. ਨੰ. | ਨਿਵਿਦਾ ਨੰ. | ਮਾਲ ਦਾ ਵੇਰਵਾ | ਮਾਤਰਾ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|
| 1. | 62255131 | D Frame Assembly (Fabricated) for end wall of BVCM wagon as per ASRW Drg. S.No. 01 to 05, (Ref. Drg. WD-17039-S-06) with glass wool (spec. IS-8183/1993 or latest). | 960 Nos. | 10-07-25 |

ਨਿਵਿਦਾ ਸ਼ਰਤਾਂ:- ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇੱਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।

ਟੈਂਡਰ ਨੋਟਿਸ ਨੰ.:-03/2025-26 ਮਿਤੀ 11.06.2025 1753/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਡਾ. ਬਲਜੀਤ ਕੌਰ ਵੱਲੋਂ ਹਲਕੇ ਦੇ ਵਿਕਾਸ ਕਾਰਜਾਂ ਦੀ ਸਮੀਖਿਆ



**ਸ੍ਰੀ ਮੁਕਤਸਰ ਸਾਹਿਬ/ਮਲੋਟ (ਸ਼ਮਿੰਦਰ ਪਾਲ/ਓਮ ਪ੍ਰਕਾਸ਼ ਸ਼ੇਖੂ/ਪੂਜਾ)**-ਪੰਜਾਬ ਦੇ ਸਮਾਜਿਕ, ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਅਤੇ ਹਲਕਾ ਮਲੋਟ ਤੋਂ ਵਿਧਾਇਕ ਡਾ. ਬਲਜੀਤ ਕੌਰ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸ੍ਰੀ ਮੁਕਤਸਰ ਸਾਹਿਬ ਵਿਖੇ ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਦੀ ਅਗਵਾਈ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਕਾਸ ਕੰਮਾਂ ਤੇ ਭਲਾਈ ਸਕੀਮਾਂ ਦੀ ਸਮੀਖਿਆ ਲਈ ਮੀਟਿੰਗ ਕੀਤੀ।ਇਸ ਮੌਕੇ ਕੈਬਨਿਟ ਮੰਤਰੀ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਪ੍ਰੋਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਦੀ ਹਦਾਇਤ ਕੀਤੀ।ਇਸ ਮੌਕੇ ਹਲਕੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਵੱਲੋਂ ਆਪੋ-ਆਪਣੇ ਇਲਾਕਿਆਂ ਦੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ ਬਹੁਤੇ ਮਸਲਿਆਂ ਦਾ ਮੌਕੇ 'ਤੇ ਹੀ ਹੱਲ ਕਰਨ ਲਈ ਕੈਬਨਿਟ ਮੰਤਰੀ ਵੱਲੋਂ ਅਧਿਕਾਰੀਆਂ ਨੂੰ ਹਦਾਇਤ ਜਾਰੀ ਕੀਤੀ ਗਈ।ਇਸ ਮੌਕੇ ਕੈਬਨਿਟ ਮੰਤਰੀ ਵੱਲੋਂ ਪਿਛਲੀ ਮੀਟਿੰਗ ਦੌਰਾਨ ਦਿੱਤੀਆਂ ਹਦਾਇਤਾਂ 'ਤੇ ਕੀਤੇ ਗਏ ਅਮਲ ਸਬੰਧੀ ਵੀ ਫੀਡਬੈਕ ਲਈ ਤੇ ਅਧੂਰੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਹਲਕੇ ਅੰਦਰ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਤੇਜ਼ ਗਤੀ ਨਾਲ ਪੂਰਾ ਕਰਨ ਨਿਰਦੇਸ਼ ਦਿੱਤੇ।ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਮਲੋਟ ਹਲਕੇ ਦੇ ਪਿੰਡਾਂ ਦੇ ਛੱਪੜਾਂ ਤੇ ਨਿਕਾਸੀ ਨਾਲਿਆਂ ਦੀ ਸਾਫ਼-ਸਫ਼ਾਈ ਸਬੰਧੀ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਕਿ ਜਲਦੀ ਤੋਂ ਜਲਦੀ ਛੱਪੜਾਂ ਦੀ ਸਫ਼ਾਈ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਪਿੰਡਾਂ ਦੇ ਸੁੰਦਰੀਕਰਨ ਵਿੱਚ ਵਾਧਾ ਹੋਣ ਦੇ ਨਾਲ-ਨਾਲ ਲੋਕਾਂ ਨੂੰ ਬਿਮਾਰੀਆਂ ਤੋਂ ਵੀ ਬਚਿਆ ਜਾ ਸਕੇ।ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਦਾ ਪੂਰਾ ਧਿਆਨ ਹਲਕਾ ਮਲੋਟ ਨੂੰ ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਵਿਕਾਸ ਪੱਖੋਂ ਮੂਹਰਲੀਆਂ ਸਫਾਂ ਵਿੱਚ ਲਿਆਉਣ 'ਤੇ ਕੇਂਦਰਿਤ ਹੈ।ਹਲਕੇ ਦੇ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਢਿੱਲ ਤੇ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਹਲਕਾ ਵਾਸੀਆਂ ਨੂੰ ਬਿਹਤਰੀਨ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਇਸ ਮੌਕੇ ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਨੇ ਜ਼ਿਲ੍ਹਾ ਪ੍ਰਸ਼ਾਸਨ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਰ ਵਰਗ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ ਢਿੱਲੋਂ, ਐੱਸ.ਡੀ.ਐੱਮ. ਮਲੋਟ ਜਸਪਾਲ ਸਿੰਘ ਬਰਾੜ, ਐੱਸ.ਡੀ.ਐੱਮ. ਸ੍ਰੀ ਮੁਕਤਸਰ ਸਾਹਿਬ ਬਲਜੀਤ ਕੌਰ, ਮੁੱਖ ਮੰਤਰੀ ਫੀਲਡ ਅਫ਼ਸਰ ਰੁਪਾਲੀ ਟੰਡਨ, ਮਾਰਕਿਟ ਕਮੇਟੀ ਮਲੋਟ ਦੇ ਚੇਅਰਮੈਨ ਜਸ਼ਨ ਬਰਾੜ, ਕੈਬਨਿਟ ਮੰਤਰੀ ਦੇ ਨਿੱਜੀ ਸਹਾਇਕ ਅਰਸ਼ਦੀਪ ਸਿੰਘ ਸਿੱਧੂ ਤੇ ਸ਼ਿੰਦਰਪਾਲ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਹਾਜ਼ਰ ਸਨ।

## ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਉੱਚਾ ਹੋਇਆ : ਚੱਠਾ

**ਧੂਰੀ (ਮੋਹਿਤ ਗਰਗ ਬਿੰਨੀ ਗਰਗ)**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪਿਛਲੇ ਕਈ ਦਹਾਕਿਆਂ ਤੋਂ ਬੰਦ ਪਈਆਂ ਨਹਿਰਾਂ ਤੇ ਖਾਲਾਂ ਨੂੰ ਬਹਾਲ ਕਰਨ ਨਾਲ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਣ ਲੱਗ ਪਿਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪਹਿਲਾਂ ਖੇਤਾਂ ਲਈ ਨਹਿਰੀ ਪਾਣੀ 21 ਫ਼ੀਸਦੀ ਵਰਤਿਆ ਜਾਂਦਾ ਸੀ, ਜੋ ਹੁਣ 84 ਫ਼ੀਸਦੀ ਵਰਤਿਆ ਜਾਣ ਲੱਗਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾਈ ਆਗੂ ਸਤਿੰਦਰ ਸਿੰਘ ਚੱਠਾ ਨੇ ਕੀਤਾ। ਉਨ੍ਹਾਂ ਕਿਹਾ ਕਿ ਸਿੰਚਾਈ ਵਿਭਾਗ ਦੇ ਮਾਹਿਰਾਂ ਨੂੰ ਚੱਲ ਰਹੇ ਝੋਨੇ ਦੀ ਬਿਜਾਈ ਦੇ ਸੀਜ਼ਨ ਲਈ ਨਹਿਰੀ ਪਾਣੀ ਦੀ ਸਪਲਾਈ ਵਿੱਚ ਮਹੱਤਵਪੂਰਨ ਵਾਧੇ ਦੀ ਉਮੀਦ ਹੈ, ਜਿਸ ਨਾਲ ਇਸ ਸਾਲ ਔਸਤਨ ਰੋਜ਼ਾਨਾ ਪ੍ਰਵਾਹ 26,000 ਕਿਊਸਿਕ ਤੋਂ ਵਧ ਕੇ 36,000 ਕਿਊਸਿਕ ਹੋ ਜਾਵੇਗਾ। ਇਸ ਵਧੀ ਹੋਈ ਸਪਲਾਈ ਨਾਲ ਜ਼ਮੀਨ ਹੇਠਲੇ ਪਾਣੀ 'ਤੇ ਨਿਰਭਰਤਾ ਘਟੇਗੀ, ਜਿਸ ਸਦਕਾ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਉੱਚਾ ਹੋਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਹਿਰੀ ਪਾਣੀ ਦੀ ਸਪਲਾਈ ਲਈ ਜੋ ਉਪਰਾਲੇ ਕੀਤੇ ਗਏ ਹਨ, ਉਹ ਲਾਮਿਸਾਲ ਹਨ। ਮਾਨ ਨੇ ਨਹਿਰੀ ਪਾਣੀ ਨੂੰ ਟੇਲਾਂ ਤੱਕ ਪਹੁੰਚਾ ਕੇ ਕਿਸਾਨੀ ਨੂੰ ਬਹੁਤ ਵੱਡਾ ਲਾਭ ਪੁਚਾਇਆ ਹੈ। ਉਨ੍ਹਾਂ ਕਿਹਾ ਕਿ ਚਾਹੇ ਸੂਬੇ ਵਿੱਚ ਨਹਿਰੀ ਪਾਣੀ ਦੀ ਸੁਚੱਜੀ ਵਰਤੋਂ ਦੀ ਗੱਲ ਹੋਵੇ ਜਾਂ ਹਰਿਆਣਾ ਨੂੰ ਪੰਜਾਬ ਦਾ ਵਾਧੂ ਪਾਣੀ ਜਾਣ ਤੋਂ ਰੋਕਣ ਦਾ ਮਸਲਾ ਹੋਵੇ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਾਣੀਆਂ ਦੇ ਅਸਲ ਰਾਖੇ ਦੀ ਭੂਮਿਕਾ ਨਿਭਾਈ ਹੈ।

# ਦਸ ਰੋਜ਼ਾ ਸਿਨਰਜੀ ਸਮਰ ਕੈਂਪ ਦੀ ਸਮਾਪਤੀ ਦਾ ਜਸ਼ਨ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿਲਵਰ ਓਕਸ ਸਕੂਲ ਰਾਮਪੁਰਾ ਰੋਡ ਬਠਿੰਡਾ ਵਿਖੇ ਚੱਲ ਰਹੇ 10 ਰੋਜ਼ਾ ਸਿਨਰਜੀ ਸਮਰ ਕੈਂਪ ਦੀ ਸਮਾਪਤੀ ਸਮਾਰੋਹ ਦਾ ਜਸ਼ਨ ਮਨਾਇਆ ਗਿਆ। ਇਸ ਜਸ਼ਨ ਦੀ ਸ਼ਾਨ ਰਹੇ ਸਿਲਵਰ ਓਕਸ ਸਕੂਲਾਂ ਦੇ ਚੇਅਰਮੈਨ ਇੰਦਰਜੀਤ ਸਿੰਘ ਬਰਾੜ ਤੇ ਗਿਆਨ ਮੰਥਨ ਦੇ ਨਿਰਦੇਸ਼ਕਾ ਬਰਨਿੰਦਰ ਪਾਲ ਸੇਖੋਂ ਬੱਚਿਆਂ ਦੁਆਰਾ ਕੀਤੀ ਗਈ ਅਣਥੱਕ ਮਿਹਨਤ ਦੌਰਾਨ ਉਨ੍ਹਾਂ ਦੇ ਸਰਵਪੱਖੀ ਵਿਕਾਸ, ਅੰਦਰੂਨੀ ਹੁਨਰਾਂ, ਛੋਟੇ-ਛੋਟੇ ਹੱਥਾਂ ਨਾਲ ਬਣਾਈਆਂ ਵਸਤਾਂ, ਬੱਚਿਆਂ ਦੇ ਸਿੱਖਣ ਉਤਸ਼ਾਹ ਦੀ ਬਖ਼ੂਬੀ ਗਵਾਹੀ ਭਰ ਰਹੀਆਂ ਸਨ। ਚੇਅਰਮੈਨ ਬਰਾੜ ਨੇ ਬੱਚਿਆਂ ਦੇ ਹੁਨਰਾਂ ਦੀ ਪ੍ਰਦਰਸ਼ਨੀ ਦੀ ਸ਼ਲਾਘਾ ਕਰਦਿਆਂ ਬੱਚਿਆਂ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਇਹ ਸਮਰ ਕੈਂਪ ਸਿਰਫ ਮਨੋਰੰਜਨ ਲਈ ਨਾ ਹੋ ਕੇ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਪੋਰਟਸ ਕੁਆਰਡੀਨੇਟਰ ਨਵਦੀਪ ਸਿੰਘ ਵੱਲੋਂ ਤਨਦੇਹੀ ਨਾਲ ਕੀਤੀ ਗਈ ਮਿਹਨਤ ਦੀ ਪ੍ਰਸੰਸਾ ਕਰਦੇ ਹੋਏ ਭਵਿੱਖ ਵਿੱਚ ਅਜਿਹੇ ਹੋਰ ਵਿਕਾਸਸ਼ੀਲ ਪ੍ਰੋਗਰਾਮ ਉਲੀਕਣ ਦੀ ਉਮੀਦ ਜਤਾਈ। ਸਿਲਵਰ ਓਕਸ ਸਕੂਲ ਉਤਸੁਕਤਾ ਨਾਲ ਭਵਿੱਖ ਦੀਆਂ ਪਹਿਲਕਦਮੀਆਂ ਦੀ ਉਡੀਕ ਕਰਦਾ ਹੈ, ਖਾਸ ਤੌਰ 'ਤੇ ਸਿਲਵਰ ਓਕਸ ਸਪੋਰਟਸ ਅਕੈਡਮੀ ਦੁਆਰਾ, ਜੋ ਵਿਦਿਆਰਥੀਆਂ ਵਿੱਚ ਖੇਡਾਂ ਦੀ ਉੱਤਮਤਾ ਨੂੰ ਉਤਸ਼ਾਹਤ ਕਰਨ ਲਈ ਤਿਆਰ ਕੀਤਾ ਇੱਕ ਨਵਾਂ ਪ੍ਰੋਗਰਾਮ ਹੈ। ਬਾਅਦ ਵਿੱਚ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਛਾਇਆ ਵਿਨੋਚਾ ਨੇ ਇੰਦਰਜੀਤ ਸਿੰਘ ਬਰਾੜ, ਡਾਇਰੈਕਟਰ ਬਰਨਿੰਦਰ ਪਾਲ ਸੇਖੋਂ, ਵਿਦਿਆਰਥੀਆਂ ਤੇ ਹੋਰ ਮਹਿਮਾਨਾਂ ਦਾ ਆਪਣੀ ਵਡਮੁੱਲੀ ਹਾਜ਼ਰੀ ਨਾਲ ਸਮਾਪਤੀ ਸਮਾਰੋਹ ਦੀ ਸ਼ੋਭਾ ਵਧਾਉਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਬੱਚਿਆਂ ਦੁਆਰਾ ਕੀਤੀਆਂ ਡਾਂਸ, ਸੰਗੀਤ ਪੇਸ਼ਕਾਰੀਆਂ ਨੇ ਸਟੇਜ ਨੂੰ ਰੌਚਕ ਬਣਾਉਣ ਦੇ ਨਾਲ-ਨਾਲ ਉਨ੍ਹਾਂ ਰਾਹੀਂ ਸਮਰ ਕੈਂਪ ਦੌਰਾਨ ਸਿੱਖੀਆਂ ਕਲਾਕਾਰੀਆਂ ਦੀ ਸਾਫ ਗਵਾਹੀ ਦਿੱਤੀ।

# ਸੁੱਖ ਹਸਪਤਾਲ ਵਿਖੇ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸੈਮੀਨਾਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਮਿਸਟਰ ਦੀਪਕ ਸਿੱਬਲ ਜੱਜ, ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਤੇ ਕਾਰਜਕਾਰੀ ਚੇਅਰਮੈਨ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਮਿਸ ਨਵਜੋਤ ਕੌਰ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਸਰਬਜੀਤ ਸਿੰਘ ਧਾਲੀਵਾਲ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਦੀ ਅਗਵਾਈ ਹੇਠ ਮਿਸ ਕਿਰਨ ਜਯੋਤੀ ਸੀ.ਜੇ.ਐੱਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਵੱਲੋਂ ਨਾਲਸਾ ਸਕੀਮ ਡਾਅਨ (ਭਾਵ ਡਰੱਗ ਅਵੇਰਨੈੱਸ ਵੈੱਲਨੈੱਸ ਐਂਡ ਨੈਵੀਗੇਸ਼ਨ) 2025 ਦੇ ਤਹਿਤ ਸੁੱਖ ਹਸਪਤਾਲ ਮੋਗਾ ਵਿਖੇ ਜਾਗਰੂਕਤਾ ਪ੍ਰੋਗਰਾਮ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਰਜੇਸ਼ ਸ਼ਰਮਾ ਪੈਨਲ ਐਡਵੋਕੇਟ, ਪੁਲਸ ਵਿਭਾਗ ਤੋਂ ਏ.ਐੱਸ.ਆਈ. ਕੇਵਲ ਸਿੰਘ ਤੇ ਸਿਹਤ ਵਿਭਾਗ ਮੋਗਾ ਤੋਂ ਡਾ. ਸ਼੍ਰੀਕਾਂਤ ਐੱਲ ਖਰਕਟੇ (ਮਨੋਰੋਗ) ਮੌਜੂਦ ਸਨ। ਮਿਸ ਕਿਰਨ ਜਯੋਤੀ ਸੀ. ਜੇ. ਐੱਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਨੇ ਦੱਸਿਆ ਕਿ ਇਸ ਸਕੀਮ/ਮੁਹਿੰਮ ਦਾ ਮਕਸਦ ਲੋਕਾਂ ਵਿੱਚ ਇਹ ਸੰਦੇਸ਼ ਪਹੁੰਚਾਉਣਾ ਹੈ ਕਿ ਸਾਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ, ਕਿਉਂਕਿ ਨਸ਼ੇ ਕਰਨ ਨਾਲ ਸਿਰਫ ਇੱਕ ਵਿਅਕਤੀ ਦੀ ਜ਼ਿੰਦਗੀ ਹੀ ਬਰਬਾਦ ਨਹੀਂ ਹੁੰਦੀ, ਬਲਕਿ ਸਾਰਾ ਪਰਿਵਾਰ ਹੀ ਉੱਜੜ ਜਾਂਦਾ ਹੈ ਅਤੇ ਸਮਾਜ 'ਤੇ ਵੀ ਇਸ ਦਾ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਅਪੀਲ ਕੀਤੀ ਕਿ ਸਾਨੂੰ ਨਸ਼ਾ ਕਰਨ ਤੋਂ ਬਚਣਾ ਚਾਹੀਦਾ ਹੈ ਤੇ ਜੇਕਰ ਕੋਈ ਨਸ਼ਾ ਕਰ ਰਿਹਾ ਹੈ ਤਾਂ ਉਸ ਨੂੰ ਡੀ ਐਡੀਕਸ਼ਨ ਸੈਂਟਰ ਬਾਰੇ ਦੱਸਿਆ ਜਾਵੇ ਅਤੇ ਨਸ਼ਾ ਵੇਚਣ ਵਾਲਿਆਂ ਖਿਲਾਫ ਪੁਲਸ ਨੂੰ ਜਾਰੀ ਕੀਤੇ ਹੋਏ ਟੋਲ ਫਰੀ ਨੰਬਰ 75270-00165 ਉੱਪਰ ਜਾਣਕਾਰੀ ਦਿੱਤੀ ਜਾਵੇ ਅਤੇ ਸ਼ਿਕਾਇਤ ਕਰਨ ਵਾਲੇ ਦੀ ਜਾਣਕਾਰੀ ਗੁਪਤ ਰੱਖੀ ਜਾਵੇਗੀ। ਇਸ ਤੋਂ ਇਲਾਵਾ ਏ.ਐੱਸ.ਆਈ. ਕੇਵਲ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਨਸ਼ੇ ਬਹੁਤ ਵਧ ਚੁੱਕੇ ਹਨ, ਜੇਕਰ ਇਨ੍ਹਾਂ ਨੂੰ ਨਾ ਰੋਕਿਆ ਗਿਆ ਤਾਂ ਇਹ ਆਉਣ ਵਾਲੀ ਪੀੜ੍ਹੀ ਲਈ ਬਹੁਤ ਹੀ ਘਾਤਕ ਸਿੱਧ ਹੋਣਗੇ। ਇਸ ਮੌਕੇ ਡਾ: ਸ਼੍ਰੀਕਾਂਤ ਐੱਲ ਖਰਕਟੇ ਨੇ ਦੱਸਿਆ ਕਿ ਜੇਕਰ ਕੋਈ ਨਸ਼ੇ ਦਾ ਆਦੀ ਹੋ ਚੁੱਕਿਆ ਹੈ, ਉਸ ਦਾ ਨਸ਼ਾ ਵਗੈਰਾ ਛੁਡਾਉਣ ਲਈ ਜ਼ਿਲ੍ਹਾ ਮੋਗਾ ਵਿਖੇ 18 ਨਸ਼ਾ ਛੁਡਾਊ ਕੇਂਦਰ (ਓਟ ਸੈਂਟਰ) ਖੋਲ੍ਹੇ ਗਏ ਹਨ, ਜਿੱਥੇ ਮੁਫਤ ਦਵਾਈ ਮੁਹੱਈਆ ਕਰਵਾਈ ਜਾਂਦੀ ਹੈ।


**AXIS BANK** AXIS Bank Ltd. Branch Address: "2nd and 3rd Floor, Property No.7-E, Malhar Road, Sarabha Nagar, Ludhiana -141001
Registered Office: 'Trishul', 3rd Floor, opposite Samartheswar Temple, Law garden, Ellisbridge, Ahmedabad- 380006

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਪਬਲਿਕ ਨੋਟਿਸ**

ਇਹ ਜਨਤਾ ਦੀ ਜਾਣਕਾਰੀ ਹਿੱਤ ਨੋਟਿਸ ਹੈ ਕਿ ਹੇਠਾਂ ਵਰਨਣ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ (ਗਰੰਟਰਾਂ) ਨੇ ਬੈਂਕ ਕੋਲੋਂ ਪ੍ਰਾਪਤ ਕੀਤੀ ਕਰਜ਼ਾ ਸਹੂਲਤ ਉਪਰ ਬਣਦੇ ਵਿਆਜ ਅਤੇ ਮੂਲ ਦੋਵਾਂ ਨੂੰ ਮੋੜਨ ਵਿੱਚ ਅਨੇਕਾਂ ਗਲਤੀਆਂ ਕੀਤੀਆਂ ਹਨ। ਅਜਿਹੇ ਵਿੱਚ ਕਰਜ਼ਿਆਂ ਨੂੰ ਨਾਨ-ਪਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕੀਤਾ ਜਾ ਚੁੱਕਾ ਹੈ। ਕਰਜ਼ਦਾਰ (ਕਰਜ਼ਦਾਰਾਂ) ਨੂੰ ਉਨ੍ਹਾਂ ਦੇ ਆਖਰੀ ਮਲੂਮ ਪਤਿਆਂ ਉਪਰ ਉਪਰੋਕਤ ਵਰਨਣ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਭੇਜੇ ਗਏ ਸਨ, ਪਰ ਇਹ ਨੋਟਿਸ ਬਿਨਾਂ ਸੇਵਾਵਾਂ ਵਾਪਸ ਆ ਗਏ।

| ਲੜੀ ਨੰਬਰ | ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ ਦਾ ਨਾਂਅ | ਨੋਟਿਸ ਦੀ ਮਿਤੀ / ਐੱਨ ਪੀ ਏ ਦੀ ਮਿਤੀ / ਨੋਟਿਸ ਅਨੁਸਾਰ ਬਕਾਇਆ ਰਕਮ |
|---|---|---|
| 1. | 1. ਸ੍ਰੀ ਕੁਲਵਿੰਦਰ ਸਿੰਘ ਪੁੱਤਰ ਸ੍ਰੀ ਬਲਵਿੰਦਰ ਸਿੰਘ ਮਕਾਨ ਨੰਬਰ 36, ਗਲੀ ਨੰਬਰ 2, ਮਜੀਠਾ ਰੋਡ ਮੂਨ ਐਵੇਨਿਊ ਅੰਮ੍ਰਿਤਸਰ-143001<br>2. ਸ੍ਰੀਮਤੀ ਪਰਮਜੀਤ ਕੌਰ ਪਤਨੀ ਕੁਲਵਿੰਦਰ ਸਿੰਘ ਹਾਊਸ ਨੰ 36, ਗਲੀ ਨੰ 2, ਮਜੀਠਾ ਰੋਡ ਮੂਨ ਐਵੇਨਿਊ ਅੰਮ੍ਰਿਤਸਰ-143001 | 15-May-2025<br>01-May-2025<br>ਰੁ. 31,90,472.62/- (ਇਕੱਤੀ ਲੱਖ ਨੱਬੇ ਹਜ਼ਾਰ ਚਾਰ ਸੌ ਬਹੱਤਰ ਰੁਪਏ ਬਾਹਠ ਪੈਸੇ ਕੇਵਲ) |
| | ਜਾਇਦਾਦਾਂ ਦਾ ਵੇਰਵਾ : ਬੈਨਾਮਾ ਨੰ. 10903 ਮਿਤੀ 20-10-2011 ਰਾਹੀਂ ਕੁਲਵਿੰਦਰ ਸਿੰਘ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ ਪ੍ਰਾਈਵੇਟ ਪਲਾਟ ਨੰ. 36, ਰਕਬਾ 150 ਵਰਗ ਗਜ਼ (30 ਫੁੱਟ×45 ਫੁੱਟ), ਖਸਰਾ ਨੰ. 11//22, 23 ਮਿਨ, ਖਸਰਾ ਨੰ. 11//23 ਖੱਤਾ/ਖਤੌਨੀ ਨੰ. 51/83, ਜਮ੍ਹਾਂਬੰਦੀ ਸਾਲ 2007-2008, ਰੱਖ ਸ਼ਿਕਾਰਗਾਹ, ਅਬਾਦੀ ਪਾਲਮ ਵਿਹਾਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਪਲਾਟ ਨੰ. 37, ਪੱਛਮ : ਪਲਾਟ ਨੰ. 35, ਉੱਤਰ : ਗਲੀ, ਦੱਖਣ : ਪਲਾਟ ਨੰ. 28, 29 | |
| 2. | 1. ਸ੍ਰੀ ਹਰਪ੍ਰੀਤ ਸਿੰਘ ਪੁੱਤਰ ਸ੍ਰੀ ਪਿਆਰਾ ਸਿੰਘ ਨੇੜੇ ਬਾਈਪਾਸ ਰੋਡ, ਵਾਰਡ ਨੰ 5 ਗਿਆਨ ਕਲੋਨੀ ਪਾਤੜਾਂ, ਪੰਜਾਬ-147105<br>2. ਸ੍ਰੀਮਤੀ ਸ਼ਿੰਦਰਪਾਲ ਕੌਰ ਮਾਰਫਤ ਸ੍ਰੀ ਪਿਆਰਾ ਸਿੰਘ ਨੇੜੇ ਬਾਈਪਾਸ ਰੋਡ, ਵਾਰਡ ਨੰ 5 ਗਿਆਨ ਕਲੋਨੀ ਪਾਤੜਾਂ, ਪੰਜਾਬ 147105 | 27-May-2025<br>01-May-2025<br>ਰੁ. 57,91,208/- (ਸਤਵੰਜਾ ਲੱਖ ਇਕੰਨਵੇਂ ਹਜ਼ਾਰ ਦੋ ਸੌ ਅੱਠ ਰੁਪਏ ਕੇਵਲ) |
| | ਜਾਇਦਾਦਾਂ ਦਾ ਵੇਰਵਾ : ਬੈਨਾਮਾ ਨੰ. 2022-23/83/1/1868 ਮਿਤੀ 14-09-2022 ਅਨੁਸਾਰ ਸ੍ਰੀ ਹਰਪ੍ਰੀਤ ਸਿੰਘ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ 0 ਕਨਾਲ 7 ਮਰਲੇ (30×60) 200 ਵਰਗ ਗਜ਼, ਖੇਵਟ/ਖਤੌਨੀ ਨੰ. 546/547 ਮਿਨ/1383, ਖਸਰਾ ਨੰ. 50//9 (8-0) 50//10 (8-0), 50//11 (8-0), 50//20 (8-0), ਕਿੱਤੇ 4, 7/640, ਜੋ ਕਿ ਕੁਲ ਜ਼ਮੀਨ ਰਕਬਾ 32 ਕਨਾਲ 0 ਮਰਲੇ ਦਾ 0 ਕਨਾਲ 7 ਮਰਲੇ ਹਿੱਸਾ, ਜਮ੍ਹਾਂਬੰਦੀ ਸਾਲ 2016-2017, ਗਿਆਨ ਕਾਲੋਨੀ, ਪਾਤੜਾਂ, ਜ਼ਿਲ੍ਹਾ ਪਟਿਆਲਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਖੁਦ ਮਾਲਕ, ਪੱਛਮ : ਖੁਦ ਮਾਲਕ, ਉੱਤਰ : ਖੁਦ ਮਾਲਕ, ਦੱਖਣ : ਗਲੀ। | |
| 3. | 1. ਸ੍ਰੀ ਜਗਤਾਰ ਸਿੰਘ ਪੁੱਤਰ ਸੁਰਜਨ ਸਿੰਘ (ਕਰਜ਼ਦਾਰ ਅਤੇ ਰਹਿਣਕਾਰ) ਆਈ ਟੀ ਆਈ ਦੇ ਸਾਹਮਣੇ, ਸਰਹਾਲੀ ਰੋਡ ਵਾਰਡ ਨੰ. 12, ਪੱਟੀ ਜ਼ਿਲ੍ਹਾ ਤਰਨਤਾਰਨ ਪੰਜਾਬ-143416. 2. ਸ੍ਰੀਮਤੀ ਮਨਜੀਤ ਕੌਰ ਪਤਨੀ ਜਗਤਾਰ ਸਿੰਘ (ਕਰਜ਼ਦਾਰ ਅਤੇ ਰਹਿਣਕਾਰ) ਆਈ ਟੀ ਆਈ ਦੇ ਸਾਹਮਣੇ, ਸਰਹਾਲੀ ਰੋਡ ਵਾਰਡ ਨੰ. 12, ਪੱਟੀ ਜ਼ਿਲ੍ਹਾ ਤਰਨਤਾਰਨ ਪੰਜਾਬ-143416. 3. ਸ੍ਰੀਮਤੀ ਨੀਲਮਦੀਪ ਕੌਰ ਸੰਧੂ ਪਤਨੀ ਗੁਰਪ੍ਰਤਾਪ ਸਿੰਘ ਸੰਧੂ (ਸਹਿ-ਕਰਜ਼ਦਾਰ) # ਫਲੈਟ ਨੰਬਰ 93/ਬੀ, ਸ਼ਿਵਾਲਿਕ ਐਵੇਨਿਊ ਸੰਨੀ ਐਨਕਲੇਵ, ਸੈਕਟਰ 125 ਜੰਡਪੁਰ ਰੋਡ, ਖਰੜ, ਐਸ.ਏ.ਐਸ. ਨਗਰ (ਮੁਹਾਲੀ) ਪੰਜਾਬ-140301. 4. ਸ੍ਰੀ ਗੁਰਪ੍ਰਤਾਪ ਸਿੰਘ ਸੰਧੂ ਪੁੱਤਰ ਜਗਤਾਰ ਸਿੰਘ (ਸਹਿ-ਕਰਜ਼ਦਾਰ) # ਫਲੈਟ ਨੰਬਰ 93/ਬੀ, ਸ਼ਿਵਾਲਿਕ ਐਵੇਨਿਊ ਸੰਨੀ ਐਨਕਲੇਵ, ਸੈਕਟਰ 125 ਜੰਡਪੁਰ ਰੋਡ, ਖਰੜ, ਐਸ.ਏ.ਐਸ. ਨਗਰ (ਮੋਹਾਲੀ) ਪੰਜਾਬ-140301 | 12-May-2025<br>20-April-2025<br>ਰੁ. 25,62,547/- (ਪੰਝੀ ਲੱਖ ਬਾਹਠ ਹਜ਼ਾਰ ਪੰਜ ਸੌ ਸੰਤਾਲੀ ਰੁਪਏ ਕੇਵਲ) |
| | ਜਾਇਦਾਦ ਦਾ ਵੇਰਵਾ : ਜਗਤਾਰ ਸਿੰਘ ਪੁੱਤਰ ਸੁਰਜਨ ਸਿੰਘ ਅਤੇ ਮਨਜੀਤ ਕੌਰ ਪਤਨੀ ਜਗਤਾਰ ਸਿੰਘ ਦੇ ਨਾਂਅ 'ਤੇ ਰਿਹਾਇਸ਼ੀ ਜਾਇਦਾਦ ਰਕਬਾ 50 ਵਰਗ ਗਜ਼ ਫਲੈਟ ਨੰ. 93, ਪਹਿਲੀ ਮੰਜ਼ਲ, ਬਲਾਕ ਸੀ, ਰਕਬਾ 00 ਕਨਾਲ 1-2/3 ਮਰਲੇ ਖੇਵਟ/ਖਤੌਨੀ ਨੰ. 7/8, ਖਸਰਾ ਨੰ. 10/13 (8-0) 6/2 (2-4), 7 (8-0), 8 (8-0), 14 (8-0), 15 (6-6), 26 (0-9), 11/11 (0-2), ਕਿੱਤੇ 8, ਜ਼ਮੀਨ ਰਕਬਾ 41 ਕਨਾਲ 1 ਮਰਲਾ, 5/2463 ਦਾ ਹੱਦ ਹਿੱਸਾ, ਜੋ 00 ਕਨਾਲ 1-2/3 ਮਰਲੇ ਹੈ, ਸ਼ਿਵਾਲਿਕ ਐਵੇਨਿਊ, ਪਿੰਡ ਝੂੰਗੀਆਂ, ਹੱਦਬਸਤ 29, ਤਹਿਸੀਲ ਖਰੜ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੁਹਾਲੀ ਦਾ ਉੱਚਿਤ ਗਿਰਵੀਨਾਮਾ। ਹੱਦਾਂ : ਉੱਤਰ : ਐੱਨ ਏ, ਦੱਖਣ : ਐੱਨ ਏ, ਪੂਰਬ : ਐੱਨ ਏ, ਪੱਛਮ : ਐੱਨ ਏ। | |

ਇਸ ਲਈ, ਇਹ ਜਨਤਕ ਸੂਚਨਾ ਸਿੱਧੇ ਪੱਤਰ ਵਿਹਾਰ ਦੀ ਜਗ੍ਹਾ ਜਾਰੀ ਕੀਤੀ ਜਾਂਦੀ ਹੈ।
ਕਰਜ਼ਦਾਰ (ਕਰਜ਼ਦਾਰਾਂ) ਅਤੇ/ਜਾਂ ਉਨ੍ਹਾਂ ਦੇ ਗਰੰਟਰ (ਗਰੰਟਰਾਂ) ਜਿੱਥੇ ਲਾਗੂਯੋਗ, ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਨਿਕਲਦੀ ਰਕਮ ਜਮ੍ਹਾਂ ਕਰਵਾਉਣ ਦਾ ਸੱਦਾ ਦਿੱਤਾ ਜਾਂਦਾ ਹੈ। ਅਜਿਹਾ ਕਰਨ ਵਿੱਚ ਨਾਕਾਮ ਰਹਿਣ ਦੀ ਸੂਰਤ ਵਿੱਚ ਸਕਿਓਰਟਾਈਜੇਸ਼ਨ ਐਂਡ ਰਿਕੰਸਟਰਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਸਕਿਓਰਿਟੀ ਇੰਟਰੈਸਟ ਐਕਟ, 2002 ਸੈਕਸ਼ਨ 13 ਦੇ ਸਬ-ਸੈਕਸ਼ਨ (4) ਦੇ ਤਹਿਤ 60 ਦਿਨਾਂ ਦਾ ਸਮਾਂ ਲੰਘ ਜਾਣ ਤੋਂ ਬਾਅਦ ਅਗਲੀਆਂ ਕਾਰਵਾਈਆਂ ਕੀਤੀਆਂ ਜਾਣਗੀਆਂ। ਕਰਜ਼ਦਾਰਾਂ ਨੂੰ ਆਪਣੇ ਸਕਿਓਰਡ ਐਸਟਸ ਦੇ ਪੁਨਰਗ੍ਰਹਿਣ ਲਈ ਆਪਣੇ ਅਧਿਕਾਰਾਂ ਵਾਸਤੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦਾ ਵਿਸ਼ੇਸ਼ ਹਵਾਲਾ ਦਿੱਤਾ ਜਾਂਦਾ ਹੈ।
ਮਿਤੀ : 13-06-2025, ਸਥਾਨ : ਪੰਜਾਬ ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ



ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
**Punjab & Sind Bank** (A Govt. of India Undertaking)
B/O:- International Banking Division, Gill Road, Millerganj, Ludhiana. Phone: 0161- 5068062,63

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ ਬੈਂਕ ਤੋਂ ਲਈਆਂ ਕਰਜ਼ਾ ਸਹੂਲਤਾਂ ਦੀ ਮੂਲ ਰਕਮ ਅਤੇ ਵਿਆਜ ਦੀ ਅਦਾਇਗੀ ਕਰਨ 'ਚ ਅਸਫਲ ਰਹੇ ਹਨ ਅਤੇ ਇਹ ਕਰਜ਼ਾ ਸਹੂਲਤਾਂ ਨਾਨ-ਪ੍ਰਫਾਰਮਿੰਗ ਐੱਸਟਸ 'ਚ ਤਬਦੀਲ ਹੋ ਗਈਆਂ ਹਨ। ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ। ਬੇਸ਼ੱਕ ਕੁਝ ਮਾਮਲਿਆਂ 'ਚ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ ਅਤੇ ਕੁਝ ਹੋਰ ਮਾਮਲਿਆਂ 'ਚ ਪ੍ਰਾਪਤੀ ਰਸੀਦਾਂ ਹਾਸਲ ਨਹੀਂ ਹੋਈਆਂ, ਅਜਿਹੇ 'ਚ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਨ੍ਹਾਂ ਨੂੰ ਉਹੀ ਜਾਣਕਾਰੀ ਦਿੱਤੀ ਗਈ ਹੈ।

| ਬਰਾਂਚ, ਕਰਜ਼ਦਾਰਾਂ/ਗਰੰਟਰਾਂ/ ਭਾਈਵਾਲਾਂ/ ਰਹਿਣਕਾਰ ਦਾ ਨਾਂਅ | ਰਹਿਣ ਕੀਤੇ ਐੱਸਟਸ ਦਾ ਵੇਰਵਾ | ਨਾਨ-ਪ੍ਰਫਾਰਮਿੰਗ ਐੱਸਟ (ਐੱਨ ਪੀ ਏ ਦੀ ਮਿਤੀ) | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ |
|---|---|---|---|---|
| (1) (ਕਰਜ਼ਦਾਰ) ਮੈਸ: ਗੁਜਰੀ ਇੰਡਸਟਰੀਜ਼ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ, ਹੇਠਲੀ ਮੰਜ਼ਲ, 1, ਦੋਰਾਹਾ, ਪਾਇਲ ਰੋਡ, ਕੌਰ ਸੈਨ ਸਪਿਨਿੰਗ ਮਿੱਲਜ਼ ਲਿਮਟਿਡ, ਪਿੰਡ ਅੜੈਚਾਂ, ਪਾਇਲ, ਲੁਧਿਆਣਾ, ਪਿੰਨ ਕੋਡ-141416, ਨਾਲ ਹੀ : ਮਕਾਨ ਨੰ. 588, ਗਲੀ ਨੰ. 1, ਨਿਰੰਕਾਰੀ ਮੁਹੱਲਾ, ਓਵਰਲਾਕ ਰੋਡ, ਮਿੱਲਰਗੰਜ, ਐੱਸ ਓ ਲੁਧਿਆਣਾ, ਪੰਜਾਬ-141003 (2) (ਡਾਇਰੈਕਟਰ/ਗਰੰਟਰ) : ਸ੍ਰੀ ਅਵਤਾਰ ਸਿੰਘ ਪੁੱਤਰ ਅਤਰ ਸਿੰਘ, ਮਕਾਨ ਨੰ. 588, ਗਲੀ ਨੰ. 1, ਨਿਰੰਕਾਰੀ ਮੁਹੱਲਾ, ਓਵਰਲਾਕ ਰੋਡ, ਮਿੱਲਰਗੰਜ, ਐੱਸ ਓ ਲੁਧਿਆਣਾ, ਪੰਜਾਬ-141003 (3) (ਡਾਇਰੈਕਟਰ/ਗਰੰਟਰ) ਸ੍ਰੀਮਤੀ ਜਸਵੀਰ ਕੌਰ ਪਤਨੀ ਅਵਤਾਰ ਸਿੰਘ ਮਕਾਨ ਨੰ. 588, ਗਲੀ ਨੰ. 1, ਨਿਰੰਕਾਰੀ ਮੁਹੱਲਾ, ਓਵਰਲਾਕ ਰੋਡ, ਮਿੱਲਰਗੰਜ, ਐੱਸ ਓ ਲੁਧਿਆਣਾ ਪੰਜਾਬ-141003 (4) (ਡਾਇਰੈਕਟਰ/ਗਰੰਟਰ) ਸ੍ਰੀ ਕਰਨਵੀਰ ਸਿੰਘ ਪੁੱਤਰ ਅਵਤਾਰ ਸਿੰਘ, ਮਕਾਨ ਨੰ. 588, ਗਲੀ ਨੰ. 1, ਨਿਰੰਕਾਰੀ ਮੁਹੱਲਾ, ਓਵਰਲਾਕ ਰੋਡ, ਮਿੱਲਰਗੰਜ, ਐੱਸ ਓ ਲੁਧਿਆਣਾ, ਪੰਜਾਬ -141003 | ਮੈਸ: ਗੁਜਰੀ ਇੰਡਸਟਰੀਜ਼, ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਹੇਠਲੀ ਮੰਜ਼ਲ 1, ਦੋਰਾਹਾ ਪਾਇਲ ਰੋਡ, ਕੌਰ ਸੈਨ ਸਪਿਨਿੰਗ ਮਿੱਲਜ਼ ਲਿਮਟਿਡ, ਪਿੰਡ ਅੜੈਚਾਂ, ਪਾਇਲ, ਲੁਧਿਆਣਾ, ਪਿੰਨ ਕੋਡ-141416 | 25.02-2025 | 23-05-2025 | ਰੁਪਏ 1,02,67, 896.15 ਜੋ ਕਿ ਇੱਕ ਕਰੋੜ ਦੋ ਲੱਖ ਸਤਾਹਠ ਹਜ਼ਾਰ ਅੱਠ ਸੌ ਛਿਆਨਵੇਂ ਰੁਪਏ ਅਤੇ ਪੰਦਰਾਂ ਪੈਸੇ ਕੇਵਲ ਹੈ, 30.04.2025 ਤੱਕ ਵਿਆਜ ਸ਼ਾਮਲ। |

ਧਿਆਨ ਦਿੱਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (8) ਦੀਆਂ ਵਿਵਸਥਾਵਾਂ ਤਹਿਤ ਤੁਹਾਨੂੰ ਸਕਿਉਰਡ ਐੱਸਟਸ ਦੀ ਵਿਕਰੀ ਜਾਂ ਅਸਾਈਨਮੈਂਟ, ਪਟੇ ਰਾਹੀਂ ਤਬਦੀਲ, ਨਿੱਜੀ ਸੰਧੀ ਜਾਂ ਜਨਤਾ ਤੋਂ ਟੈਂਡਰ ਜਾਂ ਕੁਟੇਸ਼ਨਾਂ ਦੇ ਸੱਦੇ ਜਾਂ ਜਨਤਕ ਨਿਲਾਮੀ ਵਾਸਤੇ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਬੈਂਕ ਵੱਲੋਂ ਸਹਿਣ ਕੀਤੇ ਗਏ ਖਰਚੇ, ਚਾਰਜਿਜ਼ ਅਤੇ ਸਾਰੀਆਂ ਲਾਗਤਾਂ ਸਮੇਤ ਬੈਂਕ ਦੇ ਬਕਾਏ ਅਦਾ ਕਰਨ 'ਤੇ ਪੁਨਰਗ੍ਰਹਿਣ ਦਾ ਅਧਿਕਾਰ ਪ੍ਰਾਪਤ ਹੈ। ਉਪਰੋਕਤ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਦਰਸਾਈ ਰਕਮ ਅਦਾ ਕਰਨ ਦੀ ਸਲਾਹ ਦਿੱਤੀ ਗਈ ਹੈ, ਅਸਫਲ ਰਹਿਣ 'ਤੇ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦਾ ਸਮਾਂ ਗੁਜ਼ਰ ਜਾਣ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਐਕਟ 2002 ਦੀਆਂ ਵਿਵਸਥਾਵਾਂ ਤਹਿਤ ਅਗਲੇ ਕਦਮ ਉਠਾਏ ਜਾਣਗੇ।
ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੀ ਪ੍ਰਾਪਤੀ 'ਤੇ ਉਪਰੋਕਤ ਦਰਸਾਈਆਂ ਸਕਿਉਰਟੀਜ਼ ਦੇ ਨਿਪਟਾਰੇ ਜਾਂ ਸੌਦੇਬਾਜ਼ੀ ਸੰਬੰਧੀ ਬੈਂਕ ਦੀ ਸਹਿਮਤੀ ਦੇ ਬਿਨਾਂ ਆਮ ਕਾਰੋਬਾਰ ਦੇ ਕੋਰਸ ਦੇ ਇਲਾਵਾ ਤੁਹਾਡੇ 'ਤੇ ਪਾਬੰਦੀ ਹੈ।
ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਇਸ ਸੈਕਸ਼ਨ ਦੀ ਕੋਈ ਉਲੰਘਣਾ ਦੇ ਗੰਭੀਰ ਨਤੀਜੇ ਹੋ ਸਕਦੇ ਹਨ।
ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਸੰਬੰਧਤ ਬਰਾਂਚ ਤੋਂ ਨੋਟਿਸ ਦੀ ਕਾਪੀ ਪ੍ਰਾਪਤ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।
ਮਿਤੀ : 12.06.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

13 Jun Page-8.qxd 6/12/2025 10:47 PM Page 1



# ਭਗਤ ਕਬੀਰ ਦੇ ਸੰਦੇਸ਼ ਦਾ ਮੌਜੂਦਾ ਯੁੱਗ 'ਚ ਬੇਹੱਦ ਮਹੱਤਵ : ਮੋਹਿੰਦਰ ਭਗਤ

**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)**- ਭਗਤ ਕਬੀਰ ਜੀ ਮਹਾਨ ਸਮਾਜ ਸੁਧਾਰਕ ਸਨ, ਜਿਨ੍ਹਾਂ ਨੇ ਸਮੁੱਚੀ ਮਾਨਵਤਾ ਨੂੰ ਸੱਚ, ਪਿਆਰ, ਅਹਿੰਸਾ, ਸਦਾਚਾਰ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ, ਜਿਸ ਦੀ ਮੌਜੂਦਾ ਪਦਾਰਥਵਾਦੀ ਯੁੱਗ ਵਿਚ ਬੇਹੱਦ ਮਹੱਤਤਾ ਹੈ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਮੋਹਿੰਦਰ ਭਗਤ ਨੇ ਸਥਾਨਕ ਸਤਿਗੁਰੂ ਕਬੀਰ ਮੁੱਖ ਮੰਦਰ ਭਾਰਗਵ ਨਗਰ ਵਿਖੇ ਭਗਤ ਕਬੀਰ ਜੀ ਦੇ 627ਵੇਂ ਪ੍ਰਕਾਸ਼ ਦਿਵਸ ਮੌਕੇ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਰਾਜ ਪੱਧਰੀ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਜੁੜੀਆਂ ਸੰਗਤਾਂ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਅਤੇ ਮੇਅਰ ਵਿਨੀਤ ਧੀਰ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਭਗਤ ਕਬੀਰ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਹਮੇਸ਼ਾ ਹੀ ਆਵਾਮ ਦਾ ਮਾਰਗ ਦਰਸ਼ਨ ਕਰਦੀ ਰਹੇਗੀ ਜੋ ਕਿ ਜਾਤ, ਨਸਲ ਅਤੇ ਧਰਮ ਤੋਂ ਉਪਰ ਉਠਣ ਦਾ ਸੁਨੇਹਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਭਗਤ ਕਬੀਰ ਜੀ ਦਾ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਬੀਰ ਸਾਹਿਬ ਦੀ ਬਾਣੀ ਸਾਨੂੰ ਸ਼ੁੱਧ ਵਿਚਾਰਧਾਰਾ ਦਾ ਸੰਦੇਸ਼ ਦਿੰਦੀ ਹੈ ਜਿਸ ਤੋਂ ਸਿੱਖਿਆ ਲੈ ਕੇ ਅਸੀਂ ਆਪਣਾ ਜੀਵਨ ਸਫ਼ਲ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਭਗਤ ਕਬੀਰ ਜੀ ਨੇ ਸਮਾਜ ਵਿਚ ਸਮਾਜਿਕ ਬੁਰਾਈਆਂ ਜਾਤੀ ਪ੍ਰਥਾ, ਛੂਤ-



ਛਾਤ ਅਤੇ ਉਚ-ਨੀਚ ਦੇ ਖ਼ਾਤਮੇ ਲਈ ਲੰਬਾ ਸੰਘਰਸ਼ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਭਗਤ ਕਬੀਰ ਜੀ ਸਮੇਤ ਸਾਰੇ ਧਰਮਾਂ ਦੇ ਗੁਰੂਆਂ-ਪੀਰਾਂ ਵੱਲੋਂ ਦਰਸਾਏ ਗਏ ਸਾਂਝੀਵਾਲਤਾ ਅਤੇ ਸਮਾਜਿਕ ਨਿਆਂ ਦੇ ਮਾਰਗ 'ਤੇ ਚਲਦਿਆਂ ਸਮੂਹ ਵਰਗਾਂ ਦੀ ਭਲਾਈ ਲਈ ਭਰਪੂਰ ਉਪਰਾਲੇ ਕਰ ਰਹੀ ਹੈ। ਇਸ ਮੌਕੇ ਉਨ੍ਹਾਂ ਆਪਣੇ ਅਖਤਿਆਰੀ ਫੰਡ ਵਿਚੋਂ ਮੰਦਰ ਕਮੇਟੀ ਨੂੰ 25 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਪ੍ਰਸਿੱਧ ਗਾਇਕ ਮਾਸ਼ਾ ਅਲੀ ਅਤੇ ਹੋਰਨਾਂ ਕਲਾਕਾਰਾਂ ਨੇ ਭਜਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਆਪ ਆਗੂ ਦਿਨੇਸ਼ ਢੱਲ, ਐਸ.ਡੀ.ਐਮ. ਜਲੰਧਰ-2 ਸ਼ਾਇਰੀ ਮਲਹੋਤਰਾ, ਤਹਿਸੀਲਦਾਰ ਪਰਵੀਨ ਕੁਮਾਰ ਸਿੰਗਲਾ, ਸਤਿਗੁਰੂ ਕਬੀਰ ਸਭਾ ਭਾਰਗਵ ਨਗਰ ਦੇ ਚੇਅਰਮੈਨ ਸਤੀਸ਼ ਭਗਤ ਬਿੱਲਾ, ਪ੍ਰਧਾਨ ਰਾਕੇਸ਼ ਕੁਮਾਰ ਭਗਤ, ਉੱਪ ਪ੍ਰਧਾਨ ਰਵੀ ਕੁਮਾਰ, ਕੈਸ਼ੀਅਰ ਦੁਸ਼ਿਅੰਤ ਭਗਤ, ਚੇਅਰਮੈਨ ਅੰਮ੍ਰਿਤਪਾਲ ਸਿੰਘ, ਸੰਜੀਵ ਭਗਤ, ਸੁਦੇਸ਼ ਭਗਤ, ਰਜਨੀਸ਼ ਚੱਢਾ, ਸ਼ੋਭਾ ਭਗਤ, ਅਜੇ ਅੰਜੂ, ਬਲਵਿੰਦਰ ਬਿੱਟੂ, ਸੋਮ ਨਾਥ, ਬੰਟੀ, ਅਜੇ ਨੰਨੂ, ਜਸਵੰਤ ਪੰਮਾ, ਦੀਪਕ, ਰਮਨ ਗੋਲੂ, ਅਸ਼ਵਨੀ ਬਿੱਟੂ, ਅਸ਼ਵਨੀ ਬੱਬੂ, ਬਲਦੇਵ ਰਾਜ, ਸੁਦੇਸ਼, ਸੌਰਵ ਸੇਠ, ਬਬਲੀ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਹਾਜ਼ਰ ਸਨ।

# ਭਗਤ ਕਬੀਰ ਦੇ ਦੋਹੇ ਅੱਜ ਵੀ ਸਮਾਜ ਤੇ ਮਾਨਵੀ ਜੀਵਨ ਲਈ ਪ੍ਰਸੰਗਿਕ : ਕਟਾਰੀਆ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਇੱਥੇ ਭਗਤ ਕਬੀਰ ਜੀ ਦੇ ਪ੍ਰਕਾਸ਼ ਉਤਸਵ ਮੌਕੇ ਭਗਤ ਕਬੀਰ ਵੈਲਫੇਅਰ ਫਾਊਂਡੇਸ਼ਨ ਵੱਲੋਂ ਚੰਡੀਗੜ੍ਹ ਗਰੁੱਪ ਆਫ ਕਾਲਜਿਜ਼ ਲਾਂਡਰਾਂ ਕਰਵਾਏ ਸੂਬਾ ਪੱਧਰੀ ਸੈਮੀਨਾਰ 'ਚ ਸ਼ਿਰਕਤ ਕਰਦਿਆਂ ਕਿਹਾ ਕਿ ਭਗਤ ਕਬੀਰ ਜੀ ਦੀ ਦੋਹਾ ਰੂਪ ਬਾਣੀ ਅਤੇ ਸਿੱਖਿਆਵਾਂ ਅਜੋਕੇ ਸਮਾਜਿਕ ਹਾਲਾਤਾਂ ਅਤੇ ਮਾਨਵੀ ਜੀਵਨ ਲਈ ਪੂਰਨ ਰੂਪ ਵਿੱਚ ਪ੍ਰਸੰਗਿਕ ਹਨ।ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਦੇ ਵਾਰਾਣਸੀ (ਕਾਸ਼ੀ) ਵਿੱਚ ਜਨਮੇ ਇਹ ਮਹਾਨ ਸੰਤ ਨੇ ਸੰਤ-ਮਹਾਂਪੁਰਖਾਂ ਦੀ ਸੰਗਤ ਤੋਂ ਅਨੁਭਵ ਦੇ ਆਧਾਰ 'ਤੇ ਗਿਆਨ ਪ੍ਰਾਪਤ ਕੀਤਾ। ਇਸੇ ਲਈ ਸੈਂਕੜੇ ਸਾਲਾਂ ਬਾਅਦ ਵੀ ਉਨ੍ਹਾਂ ਦੀਆਂ ਸਿੱਖਿਆਵਾਂ ਆਮ ਲੋਕਾਂ, ਸਮਾਜ ਅਤੇ ਬੁੱਧੀਜੀਵੀਆਂ ਵਿੱਚ ਬਰਾਬਰ ਅਸਰਦਾਰ ਹਨ। ਉਨ੍ਹਾਂ ਕਿਹਾ ਕਿ ਭਗਤ ਕਬੀਰ ਜੀ ਭਗਤੀ ਲਹਿਰ ਦੇ ਇੱਕ ਪ੍ਰਮੁੱਖ ਥੰਮ੍ਹ ਸਨ, ਜੋ ਪਰਮਾਤਮਾ ਪ੍ਰਤੀ ਪਿਆਰ ਅਤੇ ਸ਼ਰਧਾ 'ਤੇ ਕੇਂਦ੍ਰਿਤ ਸੀ। ਕਬੀਰ ਜੀ ਨੂੰ ਸੰਤ ਰਾਮਾਨੰਦ ਅਤੇ ਸ਼ੇਖ ਤਾਕੀ ਵਰਗੇ ਗੁਰੂਆਂ ਤੋਂ ਅਧਿਆਤਮਕ ਮਾਰਗਦਰਸ਼ਨ ਪ੍ਰਾਪਤ ਹੋਇਆ।ਉਨ੍ਹਾਂ ਕਿਹਾ ਕਿ ਜਿਸ ਸਮੇਂ ਸੰਤ ਕਬੀਰ ਪ੍ਰਗਟ ਹੋਏ, ਉਹ ਸਮਾਂ ਭਾਰਤ ਵਿੱਚ ਵਿਦੇਸ਼ੀ ਹਮਲਾਵਰਾਂ ਦੁਆਰਾ ਹਮਲਿਆਂ, ਕਤਲੇਆਮ ਅਤੇ ਲੁੱਟਮਾਰ ਦਾ ਸਮਾਂ ਸੀ। ਅਜਿਹੇ ਮੁਸ਼ਕਲ ਮਾਹੌਲ ਵਿੱਚ, ਕਬੀਰ ਸਾਹਿਬ ਖੁਦ ਲੋਕਾਂ ਵਿੱਚ ਵਿਸ਼ਵਾਸ, ਪਿਆਰ ਅਤੇ ਸਦਭਾਵਨਾ ਦਾ ਸੰਦੇਸ਼ ਫੈਲਾਉਣ ਲਈ ਜਾਂਦੇ ਸਨ। ਉਹ ਲੋਕਾਂ ਨਾਲ ਸਿੱਧਾ ਸੰਚਾਰ ਕਰਦੇ ਸਨ। ਉਸ ਸਮੇਂ, ਵਿਤਕਰੇ, ਜਾਤੀਵਾਦ ਅਤੇ ਛੂਤ-ਛਾਤ ਦੀ ਡੂੰਘੀ ਨੀਂਦ ਵਿੱਚ ਡੁੱਬੇ ਲੋਕਾਂ ਨੂੰ ਜਗਾਉਣ ਲਈ ਅਜਿਹਾ ਕਰਨਾ ਅਤਿ ਜ਼ਰੂਰੀ ਸੀ। ਰਾਜਪਾਲ ਕਟਾਰੀਆ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਬੜੇ ਭਾਗਾਂ ਵਾਲੇ ਸਮਝਦੇ ਹਨ ਕਿ ਉਹ ਅੱਜ ਭਗਤ ਕਬੀਰ ਜੀ ਦੇ ਜਨਮ ਦਿਵਸ ਮੌਕੇ ਭਗਤ ਕਬੀਰ ਵੈਲਫੇਅਰ ਫਾਊਂਡੇਸ਼ਨ (ਰਜਿ.) ਦੀ ਤਰਫੋਂ ਸ੍ਰੀ ਹਰੀ ਸ਼ਰਨਮ ਸੇਵਾ ਸੰਸਥਾਨ ਦੇ ਸਹਿਯੋਗ ਨਾਲ ਰੱਖੇ ਗਏ ਪ੍ਰੋਗਰਾਮ ਦਾ ਹਿੱਸਾ ਬਣ ਸਕੇ ਹਨ। ਸੈਂਟਰਲ ਯੂਨੀਵਰਸਿਟੀ ਧਰਮਸ਼ਾਲਾ ਦੇ ਵਾਈਸ ਚਾਂਸਲਰ ਡਾ. ਕੁਲਦੀਪ ਅਗਨੀਹੋਤਰੀ ਨੇ ਕਿਹਾ ਕਿ ਭਗਤ ਕਬੀਰ ਜੀ ਨੇ ਮੱਧਕਾਲ ਦੇ ਵਿੱਚ ਵੀ ਰਾਜਿਆਂ-ਮਹਾਰਾਜਿਆਂ ਦੀ ਮੌਜੂਦਗੀ ਦੇ ਵਿੱਚ ਸਪਸ਼ਟ ਅਤੇ ਨਿਡਰਤਾ ਨਾਲ ਕਿਹਾ ਕਿ ਸ਼ਬਦਾਂ ਦੇ ਅੰਦਰ ਅਰਥ ਹੁੰਦੇ ਹਨ ਅਤੇ ਅਰਥਾਂ ਦੇ ਪਿੱਛੇ ਜਾ ਕੇ ਹੀ ਜੀਵਨ ਦੀ ਸਚਾਈ ਲੱਭੀ ਜਾ ਸਕਦੀ ਹੈ। ਇਸ ਮੌਕੇ ਤੇ ਚੰਡੀਗੜ੍ਹ ਗਰੁੱਪ ਆਫ ਕਾਲਜਿਜ਼ ਦੇ ਪ੍ਰਧਾਨ ਰਸ਼ਪਾਲ ਸਿੰਘ ਧਾਲੀਵਾਲ, ਬਾਲ ਮੁਕੰਦ ਸ਼ਰਮਾ ਚੇਅਰਮੈਨ ਪੰਜਾਬ ਸਟੇਟ ਫੂਡ ਕਮਿਸ਼ਨ, ਗੁਰਪ੍ਰੀਤ ਸਿੰਘ ਜੀ.ਪੀ., ਸਾਬਕਾ ਵਿਧਾਇਕ ਬੱਸੀ ਪਠਾਣਾ, ਪਰਮਜੀਤ ਕੌਰ ਲਾਂਡਰਾਂ (ਸਾਬਕਾ ਚੇਅਰਪਰਸਨ ਪੰਜਾਬ ਰਾਜ ਮਹਿਲਾ ਕਮਿਸ਼ਨ), ਸੰਜੀਵ ਵਸ਼ਿਸ਼ਟ, ਸੁਖਵਿੰਦਰ ਸਿੰਘ ਗੋਲਡੀ, ਕੁਲਜੀਤ ਸਿੰਘ ਬੇਦੀ ਡਿਪਟੀ ਮੇਅਰ ਮੋਹਾਲੀ, ਐਡਵੋਕੇਟ ਗਗਨਪ੍ਰੀਤ ਸਿੰਘ ਬੈਂਸ, ਸਾਬਕਾ ਕੌਂਸਲਰ ਗੁਰਮੁਖ ਸਿੰਘ ਸੋਹਲ, ਫੂਲਰਾਜ ਸਿੰਘ- ਸਟੇਟ ਐਵਾਰਡੀ ਅਤੇ ਜਸਵੀਰ ਕੌਰ ਅਤਲੀ ਵੀ ਹਾਜ਼ਰ ਸਨ।

# ਹਰਿਆਣਾ 'ਚ ਅਨੁਸੂਚਿਤ ਜਾਤੀਆਂ ਦੀ ਭਲਾਈ ਨਾਲ ਜੁੜੇ ਉਪਾਵਾਂ ਦੀ ਸਮੀਖਿਆ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਡਾ. ਫੱਗਨ ਸਿੰਘ ਕੁਲਸਤੇ ਦੀ ਅਗਵਾਈ ਹੇਠ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀ ਭਲਾਈ ਸਬੰਧੀ ਸੰਸਦੀ ਕਮੇਟੀ ਨੇ ਅੱਜ ਚੰਡੀਗੜ੍ਹ ਵਿੱਚ ਅਧਿਐਨ ਦੌਰਾ ਕੀਤਾ। ਇਸ ਅਧਿਐਨ ਦੌਰੇ ਦੌਰਾਨ ਸੰਸਦੀ ਕਮੇਟੀ ਨੇ ਮੁੱਖ ਸਕੱਤਰ ਅਨੁਰਾਗ ਰਸਤੋਗੀ ਸਮੇਤ ਹਰਿਆਣਾ ਸਰਕਾਰ ਦੇ ਹੋਰ ਸੀਨੀਅਰ ਅਧਿਕਾਰੀਆਂ ਦੇ ਨਾਲ ਸੂਬੇ ਵਿੱਚ ਅਨੁਸੂਚਿਤ ਜਾਤੀਆਂ ਦੀ ਸਮਾਜਿਕ-ਆਰਥਿਕ ਅਤੇ ਵਿਦਿਅਕ ਸਥਿਤੀ ਦੇ ਬਾਰੇ ਚਰਚਾ ਕੀਤੀ। ਇਸ ਦੌਰਾਨ ਸੂਬੇ ਵਿੱਚ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਚਲਾਈ ਜਾ ਰਹੀ ਵੱਖ-ਵੱਖ ਕੇਂਦਰ ਅਤੇ ਸੂਬਾ ਪ੍ਰਾਯੋਜਿਤ ਯੋਜਨਾਵਾਂ 'ਤੇ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਸੰਸਦੀ ਕਮੇਟੀ ਵੱਲੋਂ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਜ਼ੁਲਮ ਨਿਵਾਰਣ), ਐਕਟ, 1989 ਤਹਿਤ ਦਰਜ ਮਾਮਲਿਆਂ ਅਤੇ ਬਦਲਾਅ ਉਪਾਆਂ 'ਤੇ ਵੀ ਚਰਚਾ ਕੀਤੀ ਗਈ। ਕਮੇਟੀ ਦੇ ਹੋਰ ਮੈਂਬਰਾਂ ਵਿੱਚ ਅਨਿਲ ਫਿਰੋਜਿਆ, ਡਾ. ਮੱਲੂ ਰਵੀ, ਸ੍ਰੀਮਤੀ ਪ੍ਰਤਿਮਾ ਮੰਡਲ, ਅਰੁਣ ਕੁਮਾਰ, ਐਡਵੋਕੇਟ ਚੰਦਰ ਸ਼ੇਖਰ, ਅਲਫ੍ਰੇਡ ਕਨਨਗਾਨੀ ਐਸ. ਆਰਥਰ, ਦੇਵੇਂਦਰ ਪ੍ਰਤਾਪ ਸਿੰਘ, ਮਿਲੇਸ਼ ਕੁਮਾਰ, ਫੂਲੋ ਦੇਵੀ ਨੇਤਾਮ, ਜਗਨਨਾਥ ਸਰਕਾਰ ਮੌਜੂਦ ਸਨ।

# ਆਨਰੇਰੀ ਸਕੱਤਰ ਰਾਕੇਸ਼ ਸੂਦ ਨੂੰ ਮਿਲਿਆ ਆਊਟ ਸਟੈਂਡਿੰਗ ਰੋਟੇਰੀਅਨ ਐਵਾਰਡ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਰੋਟਰੀ ਇੰਟਰਨੈਸ਼ਨਲ (ਡਿਸਟ੍ਰਿਕਟ 3070) ਦੇ ਗਵਰਨਰ ਰੋਟੇਰੀਅਨ ਡਾ. ਪੀ. ਐਸ. ਗਰੋਵਰ ਨੇ ਰੋਟਰੀ ਕਲੱਬ ਫਗਵਾੜਾ ਜੈਮਸ ਦੇ ਆਨਰੇਰੀ ਸਕੱਤਰ ਰਾਕੇਸ਼ ਸੂਦ ਨੂੰ ਰੋਟਰੀ ਸਾਲ 2024-25 ਦੌਰਾਨ ਕਲੱਬ ਵਲੋਂ ਕੀਤੇ ਸਮਾਜ ਸੇਵਾ ਦੇ ਕੰਮਾਂ 'ਚ ਮੋਹਰੀ ਭੂਮਿਕਾ ਨਿਭਾਉਣ ਲਈ ਆਊਟ ਸਟੈਂਡਿੰਗ ਰੋਟੇਰੀਅਨ ਐਵਾਰਡ ਨਾਲ ਸਨਮਾਨਤ ਕੀਤਾ ਹੈ। ਆਊਟ ਸਟੈਂਡਿੰਗ ਰੋਟੇਰੀਅਨ ਰਾਕੇਸ਼ ਸੂਦ ਨੇ ਕਿਹਾ ਕਿ ਉਹ ਆਊਟ ਸਟੈਂਡਿੰਗ ਰੋਟੇਰੀਅਨ ਦਾ ਖਿਤਾਬ ਪ੍ਰਾਪਤ ਕਰਕੇ ਮਾਣ ਮਹਿਸੂਸ ਕਰ ਰਹੇ ਹਨ। ਉਨ੍ਹਾਂ ਨੇ ਡਿਸਟ੍ਰਿਕਟ ਗਵਰਨਰ ਡਾ. ਗਰੋਵਰ ਤੋਂ ਇਲਾਵਾ ਕਲੱਬ ਦੇ ਪ੍ਰਧਾਨ ਪਵਨ ਕੁਮਾਰ ਕਾਲੜਾ ਦਾ ਉਨ੍ਹਾਂ ਨੂੰ ਕਲੱਬ ਦੇ ਸਕੱਤਰ ਵਜੋਂ ਸਨਮਾਨਜਨਕ ਅਹੁਦੇ 'ਤੇ ਕੰਮ ਕਰਨ ਦਾ ਮੌਕਾ ਦੇਣ ਲਈ ਵੀ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਕਲੱਬ ਦੇ ਸਾਰੇ ਸੀਨੀਅਰ ਰੋਟੇਰੀਅਨ ਸਾਥੀਆਂ ਦੇ ਵੀ ਧੰਨਵਾਦੀ ਹਨ, ਜਿਨ੍ਹਾਂ ਨੇ ਹਮੇਸ਼ਾ ਉਨ੍ਹਾਂ ਨੂੰ ਲੋੜ ਸਮੇਂ ਯੋਗ ਮਾਰਗ ਦਰਸ਼ਨ ਦਿੱਤਾ। ਰਾਕੇਸ਼ ਸੂਦ ਨੇ ਕਲੱਬ ਦੇ ਸਾਰੇ ਮੈਂਬਰਾਂ ਦਾ ਵੀ ਸਹਿਯੋਗ ਲਈ ਧੰਨਵਾਦ ਕੀਤਾ ਹੈ।

# ਪੈਨਸ਼ਨਰਾਂ ਵੱਲੋਂ ਕੈਂਟ ਮੰਡਲ ਬੜਿੰਗਾਂ ਦੇ ਦਫ਼ਤਰ ਅੱਗੇ ਧਰਨਾ

**ਜਲੰਧਰ (ਰਾਜੇਸ਼ ਥਾਪਾ)**- ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੀ ਪੈਨਸ਼ਨਰ ਐਸੋਸੀਏਸ਼ਨ ਦੇ ਪੈਨਸ਼ਨਰਾਂ ਵੱਲੋਂ ਬਹੁਤ ਵੱਡੀ ਗਿਣਤੀ ਵਿੱਚ ਅੱਤ ਦੀ ਗਰਮੀ ਵਿੱਚ ਦੂਰ ਦੂਰ ਪਿੰਡਾਂ ਤੋਂ ਆ ਕੇ ਕੈਂਟ ਮੰਡਲ ਬੜਿੰਗਾ ਦੇ ਦਫ਼ਤਰ ਅੱਗੇ ਡਵੀਜ਼ਨ ਪੱਧਰ ਦਾ



ਧਰਨਾ ਦਿੱਤਾ। ਇਹ ਧਰਨਾ ਸੂਬਾ ਕਮੇਟੀ ਦੇ ਐਲਾਨੇ ਸੰਘਰਸ਼ ਪ੍ਰੋਗਰਾਮ ਦੇ ਮੁਤਾਬਕ ਦਿੱਤਾ ਗਿਆ ਕਿਉਂਕਿ ਪੰਜਾਬ ਸਰਕਾਰ ਅਤੇ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਵੱਲੋਂ ਪੈਨਸ਼ਨਰਾਂ ਦੇ ਪੈਨਸ਼ਨਾਂ ਦੇ ਬਕਾਏ ਮਹਿੰਗਾਈ ਭੱਤੇ ਦੇ ਬਕਾਏ ਅਤੇ ਲੀਵ ਇਨ ਕੈਸ਼ਮੈਂਟ ਦੇ ਬਕਾਏ ਪੈਨਸ਼ਨਰਾਂ ਨੂੰ ਦੇਣ ਦਾ ਜੋ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਪਰ ਡਵੀਜ਼ਨ ਦਫਤਰਾਂ ਵਿੱਚ ਇਹ ਬਕਾਏ ਜਾਰੀ ਨਹੀਂ ਕੀਤੇ ਜਾ ਰਹੇ ਇਸ ਦਾ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਗਿਆ। ਇਸ ਲਈ ਪੈਨਸ਼ਨਰ ਆਗੂਆਂ ਨੇ ਵਧੀਕ ਨਿਗਰਾਨ ਇੰਜੀਨੀਅਰ ਕੈਂਟ ਮੰਡਲ ਤੋਂ ਮੰਗ ਕੀਤੀ ਕਿ ਬਕਾਏ ਛੇਤੀ ਤੋਂ ਛੇਤੀ ਪੈਨਸ਼ਨਰਾਂ ਦੇ ਖਾਤੇ ਵਿੱਚ ਪਾਏ ਜਾਣ। ਇਸ ਧਰਨੇ ਵਿੱਚ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਅਤੇ ਜਲੰਧਰ ਸਰਕਲ ਦੇ ਪ੍ਰਧਾਨ ਸ੍ਰੀ ਸ਼ਿਰੀ ਰਾਮ ਜੱਗੀ, ਸਰਕਲ ਆਗੂ ਪ੍ਰੇਮ ਲਾਲ, ਜੋਗਿੰਦਰ ਪਾਲ, ਅਵਤਾਰ ਸਿੰਘ, ਵਿਜੇ ਕੁਮਾਰ ਡਵੀਜ਼ਨ ਆਗੂ ਸੁਰਿੰਦਰ ਸਿੰਘ, ਸ਼ਿੰਗਾਰਾ ਸਿੰਘ, ਜਗਨਨਾਥ, ਗੁਰਦਰਸ਼ਨ ਸਿੰਘ, ਹਰਦੀਪ ਸਿੰਘ ਅਤੇ ਕਈ ਹੋਰ ਬੁਲਾਰਿਆਂ ਨੇ ਵੀ ਸੰਬੋਧਨ ਕੀਤਾ। ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਬਣਾਏ ਗਏ ਨਵੇਂ ਕਾਨੂੰਨ ਫਾਇਨੈਂਸ ਐਕਟ 2025 ਦਾ ਡਟ ਕੇ ਵਿਰੋਧ ਕੀਤਾ, ਕਿਉਂਕਿ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਆਉਣ ਵਾਲੇ ਸਮੇਂ ਵਿੱਚ ਵਿੱਚ ਪੈਨਸ਼ਨਾਂ ਵਿੱਚ ਅਤੇ ਮਹਿੰਗਾਈ ਭੱਤੇ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਤੋਂ ਵੀ ਮੰਗ ਕੀਤੀ ਕਿ ਉਹ ਪੈਨਸ਼ਨਰਾਂ ਦੀਆਂ ਬਾਕੀ ਮੰਗਾਂ ਨੂੰ ਵੀ ਲਾਗੂ ਕਰੇ। ਅੰਤ ਵਿੱਚ ਧਰਨੇ ਦੀ ਪ੍ਰਧਾਨਗੀ ਕਰ ਰਹੇ ਅਵਤਾਰ ਸਿੰਘ ਮੀਤ ਪ੍ਰਧਾਨ ਨੇ ਆਏ ਪੈਨਸ਼ਨਰਾਂ ਦਾ ਧੰਨਵਾਦ ਕੀਤਾ।

# ਪੰਜਾਬ ਸਬ-ਜੂਨੀਅਰ ਲੜਕੀਆਂ ਦੀ ਹਾਕੀ ਟੀਮ ਦੇ ਚੋਣ ਟਰਾਇਲ ਭਲਕੇ

**ਜਲੰਧਰ (ਸ਼ੈਲੀ ਐਲਬਰਟ)**- ਹਾਕੀ ਇੰਡੀਆ ਵਲੋਂ ਝਾਰਖੰਡ ਦੇ ਸ਼ਹਿਰ ਰਾਂਚੀ ਵਿਖੇ 3 ਜੁਲਾਈ ਤੋਂ 14 ਜੁਲਾਈ ਤੱਕ ਕਰਵਾਈ ਜਾਣ ਵਾਲੀ 15ਵੀਂ ਹਾਕੀ ਇੰਡੀਆ ਸਬ-ਜੂਨੀਅਰ ਰਾਸ਼ਟਰੀ ਮਹਿਲਾ ਹਾਕੀ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਵਾਲੀ ਪੰਜਾਬ ਮਹਿਲਾ ਹਾਕੀ ਟੀਮ ਦੀ ਚੋਣ ਲਈ ਚੋਣ ਟਰਾਇਲ 14 ਜੂਨ ਨੂੰ ਸਵੇਰੇ 8 ਵਜੇ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਜਲੰਧਰ ਵਿਖੇ ਕਰਵਾਏ ਜਾਣਗੇ। ਇਸ ਸਬੰਧੀ ਹਾਕੀ ਪੰਜਾਬ ਦੇ ਪ੍ਰਧਾਨ ਨਿਤਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਨੇ ਦੱਸਿਆ ਕਿ ਇਨ੍ਹਾਂ ਚੋਣ ਟਰਾਇਲਾਂ ਵਿੱਚ ਇਕ ਜਨਵਰੀ 2009 ਤੋਂ ਬਾਅਦ ਜਨਮੀਆਂ ਪੰਜਾਬ ਨਾਲ ਸਬੰਧਤ ਖਿਡਾਰਨਾਂ ਹੀ ਭਾਗ ਲੈ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣ ਟਰਾਇਲਾਂ ਵਿੱਚ ਭਾਗ ਲੈਣ ਵਾਲੀਆਂ ਖਿਡਾਰਨਾਂ ਚੋਣ ਟਰਾਇਲਾਂ ਸਮੇਂ ਆਪਣੇ ਅਸਲ ਆਧਾਰ ਕਾਰਡ ਲੈ ਕੇ ਆਉਣ।ਬਿਨਾਂ ਅਸਲ ਆਧਾਰ ਕਾਰਡ ਵਾਲੀਆਂ ਖਿਡਾਰਨਾਂ ਨੂੰ ਚੋਣ ਟਰਾਇਲਾਂ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ। ਚੁਣੀਆਂ ਗਈਆਂ ਖਿਡਾਰਨਾਂ ਦਾ ਕੋਚਿੰਗ ਕੈਂਪ ਲਗਾਇਆ ਜਾਵੇਗਾ।

# ਲੋਕ ਕਈ-ਕਈ ਘੰਟਿਆਂ ਦੇ ਅਣਐਲਾਨੇ ਬਿਜਲੀ ਕੱਟਾਂ ਤੋਂ ਪ੍ਰੇਸ਼ਾਨ



**ਜ਼ੀਰਕਪੁਰ (ਵਿਨੈ ਕੁਮਾਰ ਜੈਨ)**— ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਡੇਰਾਬੱਸੀ ਹਲਕੇ ਦੇ ਸਾਬਕਾ ਵਿਧਾਇਕ ਐਨ.ਕੇ. ਸ਼ਰਮਾ ਨੇ ਬਿਜਲੀ ਸਪਲਾਈ ਦੇ ਮੁੱਦੇ 'ਤੇ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਦਿਆਂ ਕਿਹਾ ਹੈ ਕਿ ਲੋਕਾਂ ਨੂੰ ਮੁਫਤ ਬਿਜਲੀ ਦਾ ਝਾਂਸਾ ਦੇਣ ਵਾਲੀ ਸਰਕਾਰ ਨੇ ਪੰਜਾਬ ਨੂੰ ਬਿਜਲੀ ਮੁਕਤ ਕਰ ਦਿੱਤਾ ਹੈ। ਗੇਟਵੇ ਆਫ ਪੰਜਾਬ ਦੇ ਨਾਂਅ ਵਜੋਂ ਮਸ਼ਹੂਰ ਜ਼ੀਰਕਪੁਰ ਵਿੱਚ ਕਈ-ਕਈ ਘੰਟੇ ਬਿਜਲੀ ਨਹੀਂ ਆ ਰਹੀ ਹੈ। ਲੋਕਾਂ ਦਾ ਜੀਣਾ ਔਖਾ ਹੋ ਗਿਆ ਹੈ। ਜੀਰਕਪੁਰ ਵਿੱਚ ਇੱਥੇ 31 ਵਾਰਡਾਂ ਦੇ ਨੁਮਾਇੰਦੇ ਬਿਜਲੀ ਦੀ ਸਮੱਸਿਆ ਨੂੰ ਲੈ ਕੇ ਸਾਬਕਾ ਵਿਧਾਇਕ ਕੋਲ ਪਹੁੰਚੇ। ਗ੍ਰੀਨ ਹੋਮ ਸੋਸਾਇਟੀ ਦੇ ਪ੍ਰਧਾਨ ਬਾਬਾ ਰਾਮ ਜੰਜੂਆ ਨੇ ਦੱਸਿਆ ਕਿ ਉਨ੍ਹਾਂ ਦੀ ਸੋਸਾਇਟੀ ਵਿੱਚ 12-12 ਘੰਟੇ ਬਿਜਲੀ ਕੱਟ ਲੱਗ ਰਹੇ ਹਨ। ਸੁਣਵਾਈ ਕਰਨ ਵਾਲਾ ਕੋਈ ਨਹੀਂ ਹੈ। ਢਕੋਲੀ ਤੋਂ ਆਏ ਦਿਨੇਸ਼ ਭਾਰਦਵਾਜ ਨੇ ਕਿਹਾ ਕਿ ਮੋਬਾਈਲ ਐਪ ਜਾਂ ਔਨਲਾਈਨ ਸ਼ਿਕਾਇਤ ਕਰਨ ਤੋਂ ਬਾਅਦ ਕਾਲ ਸੈਂਟਰ ਵਾਲੇ ਤਿੰਨ ਘੰਟੇ ਤੱਕ ਉਸਨੂੰ ਅੱਗੇ ਟ੍ਰਾਂਸਫਰ ਨਹੀਂ ਕਰਦੇ। ਆਫਲਾਈਨ ਸ਼ਿਕਾਇਤ ਕਰਨ ਲਈ ਇੱਥੇ ਕੋਈ ਏਕੀਕ੍ਰਿਤ ਕੇਂਦਰ ਨਹੀਂ ਬਣਾਇਆ ਗਿਆ ਹੈ। ਅਮੋਲਕ ਇਨਕਲੇਵ ਨਿਵਾਸੀ ਅਮਨਦੀਪ ਸੈਣੀ ਅਤੇ ਕਈ ਹੋਰਾਂ ਨੇ ਦੱਸਿਆ ਕਿ ਹਾਲ ਹੀ ਵਿੱਚ ਨਾਭਾ ਸਾਹਿਬ ਦੇ ਐਰੋ ਹੋਮ ਵਿੱਚ ਤਿੰਨ ਦਿਨਾਂ ਲਈ ਬਿਜਲੀ ਸਪਲਾਈ ਠੱਪ ਰਹੀ। ਲੋਕਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ, ਸਾਬਕਾ ਵਿਧਾਇਕ ਨੇ ਕਿਹਾ ਕਿ ਸਾਲ 2017 ਵਿੱਚ ਜ਼ੀਰਕਪੁਰ ਦੀ ਆਬਾਦੀ 2.5 ਲੱਖ ਸੀ ਜੋ ਵੱਧ ਕੇ 6.5 ਲੱਖ ਹੋ ਗਈ ਹੈ। ਇਸਦੇ ਬਾਵਜੂਦ ਨਾ ਤਾਂ ਇੱਥੇ ਨਵੇਂ ਗਰਿੱਡ ਲਗਾਏ ਗਏ ਹਨ ਅਤੇ ਨਾ ਹੀ ਨਵੇਂ ਟ੍ਰਾਂਸਫਾਰਮਰ ਦਾ ਪ੍ਰਬੰਧ ਕੀਤਾ ਗਿਆ ਹੈ। ਬਿਜਲੀ ਨਾ ਹੋਣ ਕਾਰਨ ਲੋਕਾਂ ਨੂੰ ਪੀਣ ਵਾਲਾ ਪਾਣੀ ਵੀ ਨਹੀਂ ਮਿਲ ਰਿਹਾ ਹੈ। ਸ਼ਰਮਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਮੁਫਤ ਬਿਜਲੀ ਦੇ ਨਾਂਅ 'ਤੇ ਗੁੰਮਰਾਹ ਕੀਤਾ ਜਾ ਰਿਹਾ ਹੈ।

# ਵਾਰਡ ਨੰਬਰ 47 'ਚ ਲਗਾਇਆ ਜਾਵੇਗਾ ਨਵਾਂ ਟਿਊਬਵੈੱਲ : ਜਿੰਪਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਸਥਾਨਕ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 47 ਵਿੱਚ 31.50 ਲੱਖ ਰੁਪਏ ਦੀ ਲਾਗਤ ਨਾਲ ਟਿਊਬਵੈੱਲ ਲਗਾਉਣ ਦੇ ਕੰਮ ਦਾ ਸ਼ੁਭ ਆਰੰਭ ਕੀਤਾ। ਇਸ ਮੌਕੇ ਉਨ੍ਹਾਂ ਸਥਾਨਕ ਨਿਵਾਸੀਆਂ ਅਤੇ ਨਿਗਮ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਕੰਮ ਦੀ ਸ਼ੁਰੂਆਤ ਕੀਤੀ। ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਜਨਤਾ ਨੂੰ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਪਾਣੀ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਹ ਟਿਊਬਵੈੱਲ ਵਾਰਡ ਨੰਬਰ 47 ਵਿੱਚ ਲਗਾਇਆ ਜਾ ਰਿਹਾ ਹੈ ਜਿਸ ਨਾਲ ਹਜ਼ਾਰਾਂ ਲੋਕਾਂ ਨੂੰ ਪੀਣ ਵਾਲੇ ਸਾਫ਼ ਪਾਣੀ ਦੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਸਰਕਾਰ ਸਮੇਂ ਸਿਰ ਯੋਜਨਾਵਾਂ ਬਣਾ ਰਹੀ ਹੈ ਅਤੇ ਉਨ੍ਹਾਂ ਨੂੰ ਲਾਗੂ ਕਰਨਾ ਵੀ ਯਕੀਨੀ ਬਣਾ ਰਹੀ ਹੈ ਤਾਂ ਜੋ ਲੋਕਾਂ ਨੂੰ ਗਰਮੀਆਂ ਦੇ ਮੌਸਮ ਵਿੱਚ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਇਸ ਟਿਊਬਵੈੱਲ ਦੇ ਸ਼ੁਰੂ ਹੋਣ ਨਾਲ ਇਲਾਕੇ ਵਿੱਚ ਪਾਣੀ ਸਪਲਾਈ ਪ੍ਰਣਾਲੀ ਮਜ਼ਬੂਤ ਹੋਵੇਗੀ ਅਤੇ ਪਾਣੀ ਦੀ ਸਮੱਸਿਆ ਕਾਫ਼ੀ ਹੱਦ ਤੱਕ ਹੱਲ ਹੋ ਜਾਵੇਗੀ। ਜਿੰਪਾ ਨੇ ਕਿਹਾ ਕਿ ਸ਼ਹਿਰ ਦੇ ਹੋਰ ਵਾਰਡਾਂ ਵਿੱਚ ਵੀ ਜਿੱਥੇ ਲੋੜ ਹੈ ਉਥੇ ਟਿਊਬਵੈੱਲਾਂ ਜਾਂ ਪਾਣੀ ਨਾਲ ਸਬੰਧਤ ਹੋਰ ਪ੍ਰੋਜੈਕਟਾਂ 'ਤੇ ਕੰਮ ਚੱਲ ਰਿਹਾ ਹੈ।ਜਿੰਪਾ ਨੇ ਲੋਕਾਂ ਨੂੰ ਪਾਣੀ ਦੀ ਸੰਭਾਲ ਦੀ ਦਿਸ਼ਾ ਵਿੱਚ ਸਹਿਯੋਗ ਕਰਨ ਅਤੇ ਸਰਕਾਰੀ ਜਾਇਦਾਦਾਂ ਦੀ ਦੇਖਭਾਲ ਨੂੰ ਆਪਣੀ ਜ਼ਿੰਮੇਵਾਰੀ ਸਮਝਣ ਦਾ ਸੱਦਾ ਦਿੱਤਾ। ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਅਤੇ ਗੁਣਵੱਤਾ ਨਾਲ ਪੂਰਾ ਕਰਨ ਲਈ ਵਚਨਬੱਧ ਹੈ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਡਿਪਟੀ ਮੇਅਰ ਰਣਜੀਤ ਚੌਧਰੀ, ਕੌਂਸਲਰ ਬਿਮਲਾ ਦੇਵੀ, ਨੀਲਮ ਵਾਲੀਆ, ਆਰਵ ਵਾਲੀਆ, ਤਰਨ ਸਾਹਨੀ, ਹਰਿੰਦਰਪਾਲ ਸਿੰਘ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਲੰਮੀ ਕਾਨੂੰਨੀ ਲੜਾਈ ਲੜਨ ਦੇ ਬਾਵਜੂਦ ਧਨਾਢ ਪਰਵਾਰ ਵੱਲੋਂ ਸਰਪਲਸ ਜ਼ਮੀਨ 'ਤੇ ਤਾਰਬੰਦੀ ਕਰਕੇ ਕਬਜ਼ਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਨੇੜਲੇ ਪਿੰਡ ਢੁਲਾਲ ਵਿਖੇ 100 ਸਾਲ ਤੋਂ ਵਧ ਕਬਜ਼ੇ ਵਾਲੀ ਜ਼ਮੀਨ 'ਤੇ ਜ਼ਬਰੀ ਕਬਜ਼ੇ ਦੀ ਨੀਅਤ ਨਾਲ ਤਾਰਬੰਦੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜ੍ਹਤ ਕਿਸ਼ਨ ਸਿੰਘ (75) ਨੇ ਦਸਿਆ ਕਿ ਉਹ ਇੱਥੇ ਹੀ ਜੰਮਿਆ ਹੈ। ਉਸ ਦੇ ਬਾਪ- ਦਾਦੇ ਇਹ ਜ਼ਮੀਨ ਵਾਹੁੰਦੇ ਰਹੇ ਹਨ। ਲੰਘੇ ਦਿਨੀਂ ਪਿੰਡ ਦੇ ਧਨਾਢ ਪਰਵਾਰ ਨੇ 25-30 ਵਿਅਕਤੀ ਲਿਆਂਦੇ। ਉਨ੍ਹਾਂ ਜ਼ਬਰੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਤਾਰਬੰਦੀ ਕੀਤੀ। ਉਸ ਦੇ ਮਾਲ ਡੰਗਰ ਨੂੰ ਵੀ ਅੰਦਰ ਹੀ ਡੱਕ ਦਿੱਤਾ। ਰਿਹਾਇਸ਼ ਦੇ ਕੋਲ਼ ਕੰਢੇਦਾਰ ਤਾਰ ਲਗਾ ਕੇ ਉਸਦਾ ਆਉਣਾ ਜਾਣਾ ਬੰਦ ਕਰ ਦਿੱਤਾ ਹੈ। ਜ਼ਮੀਨ 'ਚ ਪੀਣ ਵਾਲੇ ਪਾਣੀ ਦਾ ਕੁਨੈਕਸ਼ਨ ਅਤੇ ਤੂੜੀ ਦਾ ਕੁੱਪ ਹੈ। ਪਸ਼ੂਆਂ ਲਈ ਹਰੇ ਪੱਠੇ ਬੀਜੇ ਹੋਏ ਹਨ। ਇਸ ਦੌਰਾਨ ਉਸਦੀ ਹਵੇਲੀ ਨੂੰ ਕਿਸੇ ਨੇ ਅੱਗ ਲਗਾ ਕੇ ਫੂਕ ਦਿੱਤਾ ਹੈ। ਪੀੜ੍ਹਤ ਕਿਸ਼ਨ ਸਿੰਘ ਨੇ ਦਸਿਆ ਕਿ ਪਿੰਡ ਢੁਲਾਲ ਦਾ ਕੁੱਲ ਰੱਕਬਾ 78 ਸਟੈਂਡਰ ਏਕੜ ਹੈ। ਜਿਸ 'ਤੇ ਧਨਾਢ ਪਰਵਾਰ ਆਪਣੀ ਮਾਲਕੀ ਦਸਦਾ ਹੈ। ਪਰ ਮਿਤੀ 2 ਸਤੰਬਰ 1960 ਨੂੰ ਐਗਰੇਰਿਅਨ ਕਲੈਕਟਰ ਦਸੂਹਾ ਨੇ ਧਨਾਢ ਪਰਵਾਰ ਨੂੰ 30 ਸਟੈਂਡਰਡ ਏਕੜ ਦੇ ਮਾਲਕੀ ਹੱਕ ਦਿੱਤੇ ਸਨ। 32 ਸਟੈਂਡਰਡ ਏਕੜ ਰਕਬਾ ਟੀਨੈਂਟ ਪਰੀਜੀਵਲ ਏਰੀਆ (ਮੁਜ਼ਾਹਰਿਆਂ ਨੂੰ) ਅਤੇ 16 ਸਟੈਂਡਰਡ ਏਕੜ ਰਕਬਾ ਬੈਂਡੀ ਏਰੀਆ ਘੋਸ਼ਿਤ ਕੀਤਾ ਸੀ। ਇਸ ਸਬੰਧੀ ਉਨ੍ਹਾਂ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਦਾ ਦਰਵਾਜ਼ਾ ਖੜਕਾਇਆ। ਸਾਲ 12 ਅਪ੍ਰੈਲ 2013 ਮਾਨਯੋਗ ਹਾਈਕੋਰਟ ਨੇ 1953 ਐਕਟ ਤਹਿਤ ਫੈਸਲਾ ਦਿੱਤਾ। ਫੈਸਲੇ ਤਹਿਤ ਧਨਾਢ ਪਰਵਾਰ ਦਾ 30 ਸਟੈਂਡਰਡ ਏਕੜ ਤੋਂ ਵਧ ਜ਼ਮੀਨ 'ਤੇ ਕੋਈ



ਅਧਿਕਾਰ ਨਹੀਂ ਹੈ। ਮੁਜ਼ਾਹਰਿਆਂ ਕੋਲ਼ 32 ਸਟੈਂਡਰਡ ਏਕੜ ਜ਼ਮੀਨ ਹੈ, ਉਹ ਇਸ ਪਰਵਾਰ ਦੇ ਖਾਤੇ ਵਿਚ ਨਹੀਂ ਜਾ ਸਕਦੀ, ਨਾ ਹੀ ਇਹ ਪਰਵਾਰ ਕਿਸੇ ਮੁਜ਼ਾਹਰੇ ਨੂੰ ਜ਼ਮੀਨ 'ਚੋਂ ਬੇ-ਦਖ਼ਲ ਕਰ ਸਕਦਾ ਹੈ। ਹਾਈਕੋਰਟ ਨੇ ਨਿਰਦੇਸ਼ ਦਿੱਤੇ ਕਿ ਜੇਕਰ ਮੁਜ਼ਾਹਰੇ 32 ਸਟੈਂਡਰਡ ਜ਼ਮੀਨ ਨੂੰ ਖਰੀਦਣ ਦੀ ਅਰਜ਼ੀ ਨਹੀਂ ਦਿੰਦੇ ਤਾਂ ਇਹ ਜ਼ਮੀਨ ਪੰਜਾਬ ਸਰਕਾਰ ਸਰਪਲਸ ਪੂਲ ਵਿਚ ਪਾ ਕੇ ਟੇਕ ਓਵਰ ਕਰ ਸਕਦੀ ਹੈ।ਪਿੰਡ ਦੇ ਸਾਬਕਾ ਸਰਪੰਚ ਜਸਵਿੰਦਰ ਸਿੰਘ ਅਤੇ ਨੌਜਵਾਨ ਆਗੂ ਸੁਸ਼ੀਲ ਪਟਿਆਲ ਨੇ ਦਸਿਆ ਕਿ ਵਿਰੋਧੀ ਧਿਰ ਨੇ ਹਾਈਕੋਰਟ ਦੇ ਫੈਸਲੇ ਖ਼ਿਲਾਫ਼ ਸੁਪਰੀਮ ਕੋਰਟ 'ਚ ਅਪੀਲ ਕੀਤੀ ਸੀ। ਜੋ ਕਿ ਪਹਿਲੀ ਸੁਣਵਾਈ 'ਚ ਹੀ ਜੱਜ ਸਾਹਿਬ ਨੇ ਖਾਰਜ ਕਰ ਦਿੱਤੀ ਸੀ। ਸਰਪਲਸ 32 ਸਟੈਂਡਰਡ ਜ਼ਮੀਨ 'ਤੇ 20-25 ਪਰਵਾਰ ਕਾਬਜ਼ ਹਨ। 1977 ਤੱਕ ਇਨ੍ਹਾਂ ਪਰਵਾਰਾਂ ਦੇ ਨਾਂਅ 'ਤੇ ਜਮ੍ਹਾਂਬੰਦੀ ਵੀ ਚੱਲਦੀ ਸੀ। ਪਰ ਧਨਾਢ ਪਰਵਾਰ ਨੇ ਆਪਣੇ ਅਸਰ ਰਸੂਖ ਅਤੇ ਮਹਿਕਮਾ ਮਾਲ ਦੀ ਕਥਿਤ ਮਿਲੀਭੁਗਤ ਨਾਲ ਖਸਰਾ ਗਿਰਦਾਵਰੀਆਂ ਤੁੜਵਾ ਦਿੱਤੀਆਂ। ਜਦ ਕਿ ਹਾਈਕੋਰਟ ਦਾ ਫੈਸਲਾ ਲਾਗੂ ਕਰਵਾਉਣ ਦਾ ਕੇਸ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਲ਼ ਵਿਚਾਰ ਅਧੀਨ ਹੈ। ਹੁਣ ਫਸਲ ਬੀਜਣ ਦਾ ਸਮਾਂ ਹੈ, ਅਤੇ ਧਨਾਢ ਪਰਵਾਰ ਨੇ ਜ਼ਬਰੀ ਕਿਸ਼ਨ ਸਿੰਘ, ਯਸ਼ਪਾਲ ਸਿੰਘ (52) ਅਤੇ ਸੁਰੇਸ਼ ਕੁਮਾਰ (55) ਦੀ ਕਰੀਬ 25 ਕਨਾਲ ਜ਼ਮੀਨ 'ਤੇ ਤਾਰਬੰਦੀ ਕਰਕੇ ਉਨ੍ਹਾਂ ਨੂੰ ਬੇਦਖ਼ਲ ਕਰ ਦਿੱਤਾ ਹੈ। ਪੀੜ੍ਹਤਾਂ ਨੇ ਇਸ ਸਬੰਧੀ ਆਪਣੀ ਸ਼ਿਕਾਇਤ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਅਤੇ ਸਥਾਨਕ ਪੁਲਸ ਕੋਲ ਦਿੱਤੀ ਸੀ। ਡਿਪਟੀ ਕਮਿਸ਼ਨਰ ਨੇ ਮਾਮਲੇ ਦੀ ਜਾਂਚ ਸਬੰਧਤ ਐਸਡੀਐਮ ਨੂੰ ਸੌਂਪਣ ਦੀ ਗੱਲ ਕਹੀ ਸੀ।\ ਨਾਇਬ ਤਹਿਸੀਲਦਾਰ ਤਲਵਾੜਾ ਰਾਕੇਸ਼ ਅਗਰਵਾਲ ਨੇ ਦਸਿਆ ਕਿ ਉਕਤ ਮਾਮਲੇ ਸਬੰਧੀ ਉਨ੍ਹਾਂ ਮੌਕਾ ਦੇਖ ਰਿਪੋਰਟ ਬਣਾ ਕੇ ਐਸਡੀਐਮ ਮੁਕੇਰੀਆਂ ਨੂੰ ਭੇਜ ਦਿੱਤੀ ਹੈ।ਪੀੜਤ ਪਰਵਾਰਾਂ ਨੇ ਤਾਰਬੰਦੀ ਹਟਾਉਣ ਅਤੇ ਧਨਾਢ ਪਰਿਵਾਰ ਖ਼ਿਲਾਫ਼ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਹੈ। ਸੁਣਵਾਈ ਨਾ ਹੋਣ ਅਤੇ ਇਨਸਾਫ਼ ਨਾ ਮਿਲਣ 'ਤੇ ਸੰਘਰਸ਼ ਦੀ ਚੇਤਾਵਨੀ ਦਿੱਤੀ ਹੈ।

# ਬਸਪਾ 18 ਤੋਂ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਅੰਦੋਲਨ ਸ਼ੁਰੂ ਕਰੇਗੀ : ਕਰੀਮਪੁਰੀ



**ਹੁਸ਼ਿਆਰਪੁਰ (ਓ ਪੀ ਰਾਣਾ)** ਸਤਿਗੁਰੂ ਰਵਿਦਾਸ ਜੀ ਦੇ ਚਰਨਛੋਹ ਇਤਿਹਾਸਕ ਅਸਥਾਨ ਸ੍ਰੀ ਖੁਰਾਲਗੜ ਸਾਹਿਬ ਵਿਖੇ ਬਹੁਜਨ ਸਮਾਜ ਪਾਰਟੀ ਅਤੇ ਸੰਗਤਾਂ ਦਾ ਭਾਰੀ ਇਕੱਠ ਹੋਇਆ, ਜਿਸ ਵਿੱਚ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਅਤੇ ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ ਪੰਜਾਬ ਅਤੇ ਬਸਪਾ ਲੀਡਰਸ਼ਿਪ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਡਾ. ਕਰੀਮਪੁਰੀ ਨੇ ਪੰਜਾਬ ਵਾਸੀਆਂ ਨੂੰ "ਪੰਜਾਬ ਸੰਭਾਲੋ ਮੁਹਿੰਮ' ਤਹਿਤ 18 ਜੂਨ ਨੂੰ ਸ੍ਰੀ ਖੁਰਾਲਗੜ ਸਾਹਿਬ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਕੇ ਪੰਜਾਬ ਦੇ ਸਮੂਹ ਸੰਤਾਂ, ਮਹਾਂਪੁਰਸ਼ਾਂ ਦੇ ਸਹਿਯੋਗ ਨਾਲ ਬਹੁਜਨ ਸਮਾਜ ਪਾਰਟੀ "ਪੰਜਾਬ ਸੰਭਾਲੋ ਮੁਹਿੰਮ" ਤਹਿਤ ਨਸ਼ਿਆਂ, ਬੇਰੁਜ਼ਗਾਰੀ, ਮਹਿੰਗਾਈ,ਦੋਗਲੀ ਸਿੱਖਿਆ ਨੀਤੀ ਦੇ ਵਿਰੋਧ 'ਚ ਅੰਦੋਲਨ ਸ਼ੁਰੂ ਕਰੇਗੀ । 18 ਜੂਨ ਨੂੰ ਵੱਡਾ ਇਕੱਠ ਕਰਕੇ ਸ੍ਰੀ ਖੁਰਾਲਗੜ ਤੋਂ ਗੜ੍ਹਸ਼ੰਕਰ ਤੱਕ ਵਿਸ਼ਾਲ ਰੋਸ ਮਾਰਚ ਹੋਵੇਗਾ। ਇਤਿਹਾਸਕ ਪਵਿੱਤਰ ਧਰਤੀ ਸ੍ਰੀ ਖੁਰਾਲਗੜ ਸਾਹਿਬ ਵਿਚੋਂ ਸ਼ਰਾਬ ਦਾ ਠੇਕਾ ਤੇ ਨਜਾਇਜ ਬ੍ਰਾਂਚਾਂ ਬੰਦ ਕਰਾਉਣ ਲਈ ਗੜ੍ਹਸ਼ੰਕਰ ਵਿਖੇ ਰੋਸ ਮਾਰਚ ਕੀਤਾ ਜਾਵੇਗਾ।

# ਪੀਰ ਬਾਬਾ ਰੌਸ਼ਨ ਸ਼ਾਹ ਚਿਸ਼ਤੀ ਦਾ ਸਾਲਾਨਾ ਜੋੜ ਮੇਲਾ ਮਨਾਇਆ

**ਬੰਗਾ (ਅਵਤਾਰ ਕਲੇਰ)** ਦਰਬਾਰ ਰੌਜ਼ਾ ਸ਼ਰੀਫ ਤਕੀਆ ਪੀਰ ਬਾਬਾ ਰੋਸ਼ਨ ਸ਼ਾਹ ਚਿਸ਼ਤੀ ਜੱਸੋਮਜਾਰਾ ਵਿਖੇ ਸਾਲਾਨਾ ਮੇਲਾ ਗੱਦੀ ਨਸ਼ੀਨ ਸਾਈਂ ਸੁਰਜੀਤ ਸ਼ਾਹ ਚਿਸ਼ਤੀ ਦੀ



ਰਹਿਨੁਮਾਈ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਵੱਖ ਵੱਖ ਦਰਬਾਰਾਂ ਤੋਂ ਸਾਈਂ ਮੰਨੇ ਸ਼ਾਹ ਕਾਦਰੀ ਬੀੜ ਸਾਰੰਗਵਾਲ, ਬਾਬਾ ਸਰੂਪ ਸ਼ਾਹ ਮੱਲਾਂ ਸੋਡੀਆਂ, ਬਾਬਾ ਬਲਦੇਵ ਸ਼ਾਹ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਗੁਰਮੇਜ ਮੇਹਲੀ, ਕੌਰ ਸਿਸਟਰਜ਼, ਬਲਵਿੰਦਰ ਬਿੱਲਾ, ਦੀਪ ਸ਼ਿੰਦਾ, ਮੋਹਣ ਮਾਹੀ, ਕਮਲ ਕਟਾਣੀਆ ਤੋਂ ਇਲਾਵਾ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਗੱਦੀਨਸ਼ੀਨ ਸਾਈਂ ਸੁਰਜੀਤ ਸ਼ਾਹ ਅਤੇ ਪ੍ਰਬੰਧਕਾਂ ਵੱਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਦਰਬਾਰ ਤੇ ਠੰਢਾ ਮਿੱਠਾ ਜਲ ਅਤੇ ਲੰਗਰ ਅਤੁੱਟ ਵਰਤਾਇਆ ਗਿਆ।

# ਕੁੱਲ ਹਿੰਦ ਕਿਸਾਨ ਸਭਾ ਦੇ ਸਰਗਰਮ ਮੈਂਬਰਾਂ ਦੀ ਮੀਟਿੰਗ 16 ਨੂੰ ਭਲਾਣ ਵਿਖੇ

**• 22 ਨੂੰ ਐਲਗਰਾ ਪੁਲ ਦੇ ਮਸਲੇ 'ਤੇ ਇਲਾਕੇ ਦੇ ਲੋਕਾਂ ਦਾ ਹੋਵੇਗਾ ਭਾਰੀ ਇਕੱਠ**

**ਨੰਗਲ (ਸੁਰਜੀਤ ਸਿੰਘ)**- ਕੁੱਲ ਹਿੰਦ ਕਿਸਾਨ ਸਭਾ ਦੇ ਸਰਗਰਮ ਵਰਕਰਾਂ ਦੀ ਮੀਟਿੰਗ 16 ਜੂਨ ਨੂੰ ਭਲਾਣ ਵਿਖੇ ਕੀਤੀ ਜਾ ਰਹੀ ਹੈ। ਇਸ ਸਬੰਧੀ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਇਲਾਕਾ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਅਤੇ ਦਲਜੀਤ ਸਿੰਘ ਫੌਜੀ ਨੇ ਦੱਸਿਆ ਕਿ ਤਹਿਸੀਲ ਨੰਗਲ ਦੇ ਕੁੱਲ ਹਿੰਦ ਕਿਸਾਨ ਸਭਾ ਦੇ ਸਰਗਰਮ ਵਰਕਰਾਂ ਦੀ ਇੱਕ ਭਰਵੀਂ ਮੀਟਿੰਗ 16 ਜੂਨ ਨੂੰ 10 ਵਜੇ ਭਲਾਣ ਵਿਖੇ ਕੀਤੀ ਜਾ ਰਹੀ ਹੈ। ਇਸ ਮੀਟਿੰਗ ਨੂੰ ਸੰਬੋਧਨ ਕਰਨ ਲਈ



ਸੂਬਾਈ ਆਗੂ ਗੁਰਨੇਕ ਸਿੰਘ ਭੱਜਲ, ਦਰਸ਼ਨ ਸਿੰਘ ਮੱਟੂ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਆਗੂਆਂ ਨੇ ਦੱਸਿਆ ਕਿ ਪਿਛਲੇ ਕਰੀਬ ਦੋ ਸਾਲਾਂ ਤੋਂ ਐਲਗਰਾ ਦਾ ਪੁਲ ਬੰਦ ਕੀਤਾ ਗਿਆ ਹੈ ਜਿਸ ਕਾਰਨ ਇਲਾਕੇ ਦੇ ਕਰੀਬ 100 ਤੋਂ ਉੱਪਰ ਪਿੰਡਾਂ ਦੇ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਪੁਲ ਇੱਕ ਤਰ੍ਹਾਂ ਨਾਲ ਮਾਈਨਿੰਗ ਦੀ ਭੇਟ ਚੜ੍ਹ ਗਿਆ ਹੈ ਕਿਉਂਕਿ ਪੁਲ ਦੇ ਦੋਵੇਂ ਪਾਸੇ ਵੱਡੀ ਪੱਧਰ ਤੇ ਗੈਰ ਕਾਨੂੰਨੀ ਮਾਈਨਿੰਗ ਹੋਈ ਹੈ ਤੇ ਹੁਣ ਵੀ ਹੋ ਰਹੀ ਹੈ। ਪ੍ਰਸ਼ਾਸਨ ਸਰਕਾਰੀ ਤੰਤਰ ਅੱਗੇ ਬੇਵੱਸ ਨਜ਼ਰ ਆ ਰਿਹਾ ਹੈ। ਇਲਾਕੇ ਵਿੱਚ ਗੈਰ ਕਾਨੂੰਨੀ ਮਾਈਨਿੰਗ ਨੇ ਇੱਕ ਤਰ੍ਹਾਂ ਨਾਲ ਇਲਾਕੇ ਨੂੰ ਬਰਬਾਦ ਕਰਨ ਦਾ ਸਮੇਂ ਦੇ ਹਾਕਮਾਂ ਨੇ ਅਨੋਖਾ ਢੰਗ ਲੱਭ ਲਿਆ ਹੈ। ਸਮੇਂ ਦੇ ਹਾਕਮਾਂ ਨੇ ਆਪਣੇ ਚਹੇਤਿਆਂ ਨੂੰ ਗੈਰ ਕਾਨੂੰਨੀ ਮਾਈਨਿੰਗ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ। ਉਕਤ ਕਿਸਾਨ ਆਗੂਆਂ ਨੇ ਇਲਾਕੇ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਆਪਣੇ ਹੱਕਾਂ ਲਈ ਲਾਮਬੰਦ ਹੋਣ ਤੇ ਪੁਲ ਨੂੰ ਠੀਕ ਕਰਨ ਲਈ ਕੀਤੇ ਜਾ ਰਹੇ ਸੰਘਰਸ਼ ਦੇ 'ਚ 22 ਜੂਨ ਨੂੰ ਸਵੇਰੇ 9 ਵਜੇ ਐਲਗਰਾਂ ਪੁਲ 'ਤੇ ਪੁੱਜਿਆ ਜਾਵੇ। ਕਿਸਾਨ ਆਗੂਆਂ ਨੇ ਕਿਹਾ ਕਿ ਕੁੱਲ ਹਿੰਦ ਕਿਸਾਨ ਸਭਾ ਨੇ ਆਜ਼ਾਦੀ ਦੀ ਲੜਾਈ ਦੇ ਸਮੇਂ 'ਚ ਵੱਡਾ ਰੋਲ ਅਦਾ ਕੀਤਾ ਤੇ ਆਜ਼ਾਦੀ ਤੋਂ ਬਾਅਦ ਕਿਸਾਨੀ ਮੰਗਾਂ ਲਈ ਅਨੇਕਾਂ ਸੰਘਰਸ਼ ਲੜ ਕੇ ਪ੍ਰਾਪਤੀਆਂ ਕੀਤੀਆਂ। ਇਸ ਮੀਟਿੰਗ ਦੀ ਤਿਆਰੀ ਲਈ ਅੱਜ ਵਿਸ਼ੇਸ਼ ਤੌਰ 'ਤੇ ਗਿਆਨੀ ਰਾਮਪਾਲ ਸਿੰਘ ਭਲਾਣ, ਸੂਬੇਦਾਰ ਕੁਲਵੰਤ ਸਿੰਘ, ਸਰਪੰਚ ਜਸਪਾਲ ਸ਼ਰਮਾ, ਸਾਬਕਾ ਸਰਪੰਚ ਬਲਮ ਸਿੰਘ, ਪਟਵਾਰੀ ਹਰਸਾ ਬੇਲਾ ਨਾਲ ਸੰਪਰਕ ਕੀਤਾ ਗਿਆ ਤੇ 16 ਜੂਨ ਦੀ ਮੀਟਿੰਗ ਨੂੰ ਕਾਮਯਾਬ ਕਰਨ ਦਾ ਸੁਨੇਹਾ ਦਿੱਤਾ ਗਿਆ। ਕਿਸਾਨ ਆਗੂਆਂ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਕਿਸਾਨੀ ਮਸਲਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਤੇ ਤਹਿਸੀਲ ਨੰਗਲ ਦੀ ਕਮੇਟੀ ਦੀ ਸਥਾਪਨਾ ਕੀਤੀ ਜਾਵੇਗੀ।

# ਕਾਰੋਬਾਰ ਦੇ ਵਿਕਾਸ ਲਈ ਤਕਨੀਕ ਦਾ ਗਿਆਨ ਤੇ ਵਰਤੋਂ ਜ਼ਰੂਰੀ : ਮਦਨ ਕੋਰੋਟਾਣੀਆ

**ਫਗਵਾੜਾ (ਡਾ. ਰਮਨ, ਢੱਡੇ)**- ਸਰਬ ਨੌਜਵਾਨ ਸਭਾ ਅਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਵਲੋਂ ਸਭਾ ਅਤੇ ਸੁਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਥਾਨਕ ਸਕੀਮ ਨੰਬਰ 3 ਹੁਸ਼ਿਆਰਪੁਰ ਰੋਡ 'ਤੇ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਵਿਖੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ.ਪੀ.ਯੂ.) ਵਲੋਂ ਵਿਸ਼ਵ ਨਿਵੇਸ਼ਕ ਹਫ਼ਤਾ 2025 'ਡਿਜੀਟਲ ਟੈਕਨਾਲੋਜੀ' ਦੇ ਤਹਿਤ ਕਾਰੋਬਾਰੀ ਵਿਕਾਸ ਵਿਸ਼ੇ 'ਤੇ ਇੱਕ ਸੈਮੀਨਾਰ ਕੀਤਾ ਗਿਆ। ਇਸ ਦੌਰਾਨ ਮੁੱਖ ਬੁਲਾਰੇ ਵਜੋਂ ਪਹੁੰਚੇ ਪ੍ਰੋਫੈਸਰ ਅਨੂਪ ਮੋਹੰਤੀ ਨੇ ਵੋਕੇਸ਼ਨਲ ਸੈਂਟਰ ਦੀਆਂ 70 ਸਿਖਿਆਰਥਣ ਲੜਕੀਆਂ ਨੂੰ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਮਹਿਲਾ ਸਸ਼ਕਤੀਕਰਨ ਦੇ ਵਿਸ਼ੇ ਤਹਿਤ ਯੋਜਨਾਬੱਧ ਤਰੀਕੇ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਘੱਟ ਨਿਵੇਸ਼ ਨਾਲ ਕਾਰੋਬਾਰ ਕਿਵੇਂ ਸ਼ੁਰੂ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਸਿਖਿਆਰਥਣਾਂ ਨੂੰ ਏ.ਆਈ. ਟੂਲਸ ਰਾਹੀਂ ਬ੍ਰਾਂਡਿੰਗ ਬਾਰੇ ਵੀ ਜਾਣਕਾਰੀ ਦਿੱਤੀ। ਇਸ ਦੌਰਾਨ ਮੁੱਖ ਮਹਿਮਾਨ ਸਮਾਜ ਸੇਵਕ ਮਦਨ ਲਾਲ ਕੋਰੋਟਾਨੀਆ ਨੇ ਕਿਹਾ ਕਿ ਕਾਰੋਬਾਰੀ ਵਿਕਾਸ ਲਈ ਤਕਨੀਕ ਦਾ ਗਿਆਨ ਅਤੇ ਇਸ ਦੀ ਵਰਤੋਂ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਅੱਜ ਕੱਲ੍ਹ ਆਪਣੇ ਕਾਰੋਬਾਰ ਨੂੰ ਪ੍ਰਮੋਟ ਕਰਨ ਲਈ ਡਿਜੀਟਲ ਤਕਨਾਲੋਜੀਆਂ, ਜਿਵੇਂ ਕਿ ਸੋਸ਼ਲ ਮੀਡੀਆ ਮਾਰਕੀਟਿੰਗ, ਈਮੇਲ ਮਾਰਕੀਟਿੰਗ, ਆਦਿ ਦੀ ਵਰਤੋਂ ਕਰਨਾ ਬਹੁਤ ਆਸਾਨ ਹੋ ਗਿਆ ਹੈ, ਜਿਸ ਦਾ ਫਾਇਦਾ ਉਠਾਉਣਾ ਚਾਹੀਦਾ ਹੈ। ਅੰਤ ਵਿੱਚ ਪ੍ਰਧਾਨ ਸੁਖਵਿੰਦਰ ਸਿੰਘ ਨੇ ਲਵਲੀ ਯੂਨੀਵਰਸਿਟੀ ਦਾ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਸੈਂਟਰ ਅਜਿਹੇ ਸੈਮੀਨਾਰਾਂ ਦੇ ਆਯੋਜਨ ਵਿੱਚ ਪੂਰਾ ਸਮਰਥਨ ਦਿੰਦਾ ਰਹੇਗਾ। ਇਸ ਮੌਕੇ ਗੁਲਸ਼ਨ ਕਪੂਰ, ਮੈਡਮ ਤਨੂ, ਮੈਡਮ ਗੁਰਜੀਤ ਕੌਰ, ਮੈਡਮ ਨਵਜੋਤ ਕੌਰ, ਮੈਡਮ ਆਸ਼ੂ ਬੱਗਾ, ਮੈਡਮ ਸਪਨਾ ਸ਼ਾਰਦਾ, ਜੈਸਮੀਨ, ਬਲਜੀਤ, ਮਨਪ੍ਰੀਤ, ਅਮਨਪ੍ਰੀਤ, ਸਿਮਰਨਜੀਤ, ਹਰਮਨ, ਤਮੰਨਾ, ਸਲੋਨੀ, ਸਿਮਰਨ, ਕੰਵਲਪ੍ਰੀਤ, ਰਮਨ, ਸਰੀਨਾ, ਜਸਪ੍ਰੀਤ, ਕਾਮਿਨੀ, ਸੁੰਦਰਸ਼ੀਲਾ, ਨੇਹਾ, ਨਿਸ਼ਾ ਆਦਿ ਹਾਜ਼ਰ ਸਨ।



# ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਬਨੂੜ ਵਿਖੇ ਪਲੇਸਮੈਂਟ ਕੈਂਪ ਅੱਜ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਕ੍ਰਿਸ਼ਨ ਗਰਗ)**- ਪੰਜਾਬ ਸਰਕਾਰ ਦੇ ਮਿਸ਼ਨ ਘਰ ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਐਸ.ਏ.ਐਸ ਨਗਰ ਵੱਲੋਂ 13 ਜੂਨ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਐਸ.ਡੀ. ਕਾਲਜ, ਬਨੂੜ ਵਿਖੇ ਕੀਤਾ ਜਾ ਰਿਹਾ ਹੈ, ਜਿਸ ਦਾ ਸਮਾਂ ਸਵੇਰੇ 10:00 ਵਜੇ ਤੋਂ ਦੁਪਹਿਰ 3 ਵਜੇ ਤੱਕ ਹੋਵੇਗਾ। ਡੀ.ਬੀ.ਈ.ਈ. ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਜਿਸ ਵਿੱਚ 13 ਜੂਨ (ਸ਼ੁੱਕਰਵਾਰ) ਨੂੰ ਪਲੇਸਮੈਂਟ ਕੈਂਪ ਆਯੋਜਨ ਕੀਤਾ ਜਾਣਾ ਹੈ। ਇਸ ਕੈਂਪ ਵਿੱਚ ਆਈ.ਸੀ.ਆਈ.ਸੀ.ਆਈ ਬੈਂਕ (ਆਈ ਪ੍ਰੋਸੈੱਸ), ਐਕਸਿਸ, ਆਈ.ਡੀ.ਐੱਫ.ਸੀ, ਐੱਸ.ਬੀ.ਆਈ (ਤੀਜੀ ਪਾਰਟੀ), ਲੁਧਿਆਣਾ ਬੈਵਰੇਜ (ਕੋਕਾ ਕੋਲਾ), ਐਵੀਏਟਰਜ਼ ਹੱਬ, ਫੋਨ ਪੇ (ਕੋਇਸ ਕੋਰਪੋਰੇਸ਼ਨ), ਪ੍ਰੋਟਾਕ ਸੋਲਿਊਸ਼ਨਜ਼ ਅਤੇ ਐੱਮ ਜੀ ਬੇਕਰਜ਼ (ਨਿੱਕ ਬੇਕਰਜ਼) (ਵਰਚੂਅਲ) ਵੱਲੋਂ ਸੇਲਜ਼ ਐਗਜ਼ੀਕਿਊਟਿਵ ਇਨ ਹੋਮ ਲੋਨ, ਕਾਮਰਸ਼ੀਅਲ ਕਾਰਡ, ਬੀ.ਡੀ.ਈ, ਬ੍ਰਾਂਚ ਰਿਲੇਸ਼ਨਸ਼ਿਪ ਐਗਜ਼ੀਕਿਊਟਿਵ, ਪ੍ਰਾਈਮਰੀ ਸੇਲਜ਼ ਰਿਪਰਜ਼ੈਂਨਟੇਟਿਵ, ਏਅਰ ਹੋਸਟਿਜ਼/ਕੈਬਿਨ ਕਰੂਅ, ਗ੍ਰਾਊਂਡ ਸਟਾਫ ਰਿਜ਼ਰਵੇਸ਼ਨ/ਟਿਕਟਿੰਗ/ਕਸਟਮਰ ਸਰਵਿਸ, ਟੈਲੀ-ਕਾਲਰ (2) ਕਰੀਅਰ ਕਾਊਂਸਲਰ (1), ਐੱਚ.ਆਰ ਇੰਨਟਰਨ (1), ਬਿਜ਼ਨਸ ਡਿਵੈਲਪਮੈਂਟ ਐਗਜ਼ੀਕਿਊਟਿਵ, ਕਸਟਮਰ ਕੇਅਰ ਐਗਜ਼ੀਕਿਊਟਿਵ/ ਅਕਾਊਂਟਸ ਐਗਜ਼ੀਕਿਊਟਿਵ ਐਸਿਸਟੈਂਟ ਮੈਨੇਜਰਜ਼, ਕੌਫੀ ਮਾਸਟਰ, ਬ੍ਰੈੱਡ ਸੈਕਸ਼ਨ, ਕਾਨਟੀਨੈਂਟਲ ਸ਼ੈੱਫ, ਕਿਚਨ ਹੈੱਲਪਰ, ਕੈਸ਼ੀਅਰ, ਵੇਟਰ ਅਤੇ ਹਾਊਸ ਕੀਪਿੰਗ ਦੀਆਂ ਆਸਾਮੀਆਂ ਲਈ ਭਰਤੀ ਕੀਤੀ ਜਾਵੇਗੀ। ਭਰਤੀ ਕੀਤੇ ਗਏ ਪ੍ਰਾਰਥੀਆਂ ਦੀ ਤਨਖਾਹ ਕੰਪਨੀ ਅਨੁਸਾਰ 11000 ਤੋਂ 25000 ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਜ਼ਿਲ੍ਹਾ ਐਸ.ਏ.ਐਸ ਨਗਰ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਭਾਗ ਲੈ ਸਕਦੇ ਹਨ। ਪ੍ਰਾਰਥੀਆਂ ਦੀ ਉਮਰ 18 ਤੋਂ 30 ਸਾਲ ਤੱਕ ਹੋਵੇਗੀ ਅਤੇ ਘੱਟੋ ਘੱਟ ਯੋਗਤਾ ਦਸਵੀਂ, ਬਾਰਵ੍ਹੀ, ਬੀ.ਕਾਮ, ਗਰੈਜੂਏਸ਼ਨ ਲੋੜੀਂਦੀ ਹੈ। ਪ੍ਰਾਰਥੀ ਆਪਣੀ ਯੋਗਤਾ ਦੇ ਅਸਲ ਸਰਟੀਫਿਕੇਟ, ਆਧਾਰ ਕਾਰਡ ਅਤੇ ਪੈਨਕਾਰਡ ਨਾਲ ਲੈ ਕੇ ਆਉਣ ਤਾਂ ਕਿ ਪ੍ਰਾਰਥੀਆਂ ਦੀ ਮੌਕੇ 'ਤੇ ਹੀ ਰਜਿਸਟ੍ਰੇਸ਼ਨ ਕਰਵਾਈ ਜਾ ਸਕੇ। ਇਸ ਤੋਂ ਇਲਾਵਾ ਪ੍ਰਾਰਥੀ ਸਮੇਤ ਫਾਰਮਲ ਡਰੈੱਸ ਵਿੱਚ ਸਮੇਂ ਸਿਰ ਆਉਣ ਦੀ ਖੇਚਲ ਕਰਨ।

# ਦੁੱਖ ਨਿਵਾਰਨ ਸਭਾ 15, 19 ਤੇ 22 ਜੂਨ ਨੂੰ

**ਕਪੂਰਥਲਾ (ਪ੍ਰੀਤ ਸੰਗੋਜਲਾ)** ਦ ਓਪਨ ਡੋਰ ਚਰਚ ਖੋਜੇਵਾਲਾ ਵਿਖੇ ਸੰਗਤ ਨੂੰ ਪ੍ਰਭੂ ਯਿਸ਼ੂ ਮਸੀਹ ਦੇ ਨਾਮ ਵਿੱਚ ਪ੍ਰਮਾਤਮਾ ਨਾਲ ਜੋੜਨ ਦੇ ਮਕਸਦ ਨਾਲ ਦੁੱਖ ਨਿਵਾਰਣ ਸਭਾ 15 ਜੂਨ ਦਿਨ ਐਤਵਾਰ,19 ਜੂਨ ਦਿਨ ਵੀਰਵਾਰ ਅਤੇ 22 ਜੂਨ ਦਿਨ ਐਤਵਾਰ ਨੂੰ ਤਿੰਨ ਦਿਨ ਹੋਵੇਗੀ। ਇਨਾਂ ਤਿੰਨ ਦਿਨਾਂ ਚ ਖਾਸ ਪ੍ਰਾਥਨਾਵਾਂ ਹੋਣਗੀਆਂ। ਇਨਾਂ ਤਿੰਨੋ ਦਿਨ ਮੁੱਖ ਪਾਸਟਰ ਹਰਪ੍ਰੀਤ ਦਿਓਲ ਆਈਆਂ ਸੰਗਤਾਂ ਦੀ ਜ਼ਿੰਦਗੀ ਚ ਚਲ ਰਹੀ ਉੱਥਲ-ਪੁੱਥਲ, ਦੁੱਖ ਤਕਲੀਫ ਦਾ ਨਿਵਾਰਣ ਪ੍ਰਭੂ ਯਿਸ਼ੂ ਮਸੀਹ ਜੀ ਦੇ ਨਾਮ ਵਿੱਚ ਕਰਨਗੇ। ਇਸ ਮੌਕੇ ਪਾਸਟਰ ਹਰਪ੍ਰੀਤ ਦਿਓਲ ਨੇ ਕਿਹਾ ਕਿ ਇਨਸਾਨ ਜਦੋ ਮਾਂ ਦੇ ਪੇਟ ਚ ਹੁੰਦਾ ਹੈ ਤੇ ਕੁਦਰਤ ਨੂੰ ਯਾਦ ਕਰਦਿਆਂ ਕਹਿੰਦਾ ਹੈ ਕਿ ਮੇਰੇ ਪਰਮੇਸ਼ਵਰ ਮੈਨੂੰ ਇਕ ਵਾਰ ਮਾਤਾ ਦੇ ਗਰਭ ਰੂਪੀ ਕੈਦ ਵਿੱਚੋਂ ਮੁਕਤ ਕਰ ਭਾਵ ਮਾਂ ਦੇ ਪੇਟ ਚੋ ਬਾਹਰ ਨਿਕਾਲ। ਮੈਂ ਤੁਹਾਡਾ ਦਿਨ ਰਾਤ ਸ਼ੁਕਰਾਨਾ ਕਰਿਆ ਕਰੂਗਾਂ। ਬੱਸ ਇਕ ਵਾਰ ਮੈਨੂੰ ਇਸ ਗੰਦਗੀ,ਚੋ ਬਾਹਰ ਕੱਢੋ। ਜਦੋ ਮਨੁੱਖ ਨੂੰ ਪਰਮੇਸ਼ਵਰ ਤੰਦਰੁਸਤ ਜੀਵਨ ਦੇ ਕੇ ਮਾਂ ਦੇ 9 ਮਹੀਨੇ ਦੇ ਗਰਭ ਚੋ ਬਾਹਰ ਕਢ ਦਿੰਦਾ ਹੈ ਭਾਵ ਉਸਨੂੰ ਧਰਤੀ ਤੇ ਪੈਦਾ ਕਰ ਦਿੰਦਾ ਹੈ ਤਾਂ ਫਿਰ ਓਹੀ ਮਨੁੱਖ ਜੋ ਪਰਮੇਸ਼ਵਰ ਅੱਗੇ ਤਰਲੇ ਮਾਰਦਾ ਸੀ ਤੇ ਹੁਣ ਪੈਦਾ ਹੋਣ ਬਾਦ ਕਹਿੰਦਾ ਪਰਮੇਸ਼ਵਰ ਤੂੰ ਕੌਣ ਹੈਂ।ਬੱਸ ਐਥੋਂ ਹੀ ਮਨੁੱਖ ਦੇ ਦੁੱਖਾਂ ਦੀ ਦਾਸਤਾਨ ਸ਼ੁਰੂ ਹੋ ਜਾਂਦੀ ਹੈ ਭਾਵ ਜਦੋ ਜਦੋ ਮਨੁੱਖ ਪਰਮੇਸ਼ਵਰ,ਅਕਾਲ ਪੁਰਖ,ਪ੍ਰਭੂ ਤੋਂ ਬੇਮੁੱਖ ਹੋਇਆ ਹੈ ਓਦੋ ਓਦੋ ਇਨਸਾਨ ਆਪਣੇ ਦੁੱਖਾਂ ਦਾ ਕਾਰਨ ਆਪ ਬਣਿਆ ਹੈ। ਪਾਸਟਰ ਦਿਓਲ ਜੀ ਨੇ ਕਿਹਾ ਕਿ ਦੁੱਖ ਨਿਵਾਰਣ ਸਭਾ ਚ ਜੋ ਇੰਨਸਾਨ ਪਰਮੇਸ਼ਵਰ ਤੋਂ ਬੇਮੁੱਖ ਹੋਏ ਹਨ ਓਹਨਾ ਮਨੁੱਖੀ ਸ਼ਰੀਰਾਂ ਨੂੰ ਆਤਮਿਕ ਤੋਰ ਤੇ ਪਰਮੇਸ਼ਵਰ ਨਾਲ ਜੋੜਨਾ ਹੈ ਅਗਰ ਪਰਮੇਸ਼ਵਰ ਦੀ ਬੰਦਗੀ ਚ ਅਸੀਂ ਸਾਰੇ ਦਿਨ ਰਾਤ ਦੇ 24 ਘੰਟੇ ਵੀ ਨਾਮ ਜਪ ਚ ਲਗਾ ਦੇਈਏ ਤੇ ਉਹ ਵੀ ਬਹੁਤ ਘੱਟ ਹਨ ਕਿਉਂਕਿ ਮਨੁੱਖੀ ਸ਼ਰੀਰ ਜੋ ਸਾਨੂੰ ਮਿਲਿਆ ਹੈ ਉਸ ਨਾਯਾਬ ਚੀਜ਼ ਦਾ ਕੋਈ ਮੁੱਲ ਨਹੀਂ ਹੈ ਇਸ ਦਾ ਦੇਣਾ ਅਸੀਂ ਕਦੇ ਵੀ ਦੇ ਨਹੀਂ ਸਕਦੇ। ਬਸ ਇਨਸਾਨ ਦੇ ਜੀਵਨ ਚ ਦੁੱਖਾਂ ਦਾ ਨਿਵਾਰਨ ਪਰਮੇਸ਼ਵਰ ਦੇ ਨਾਮ ਲੈਣ ਨਾਲ ਹੀ ਹੋਵੇਗਾ ਪਰਮੇਸ਼ਵਰ ਦੇ ਦਿਖਾਏ ਰਸਤੇ ਤੇ ਚਲਕੇ ਹਰੇਕ ਇਨਸਾਨ ਆਪਣਾ ਜੀਵਨ ਸਫਲ ਕਰੇ ਇਸ ਲਈ ਸਾਰੀ ਸੰਗਤ ਵੱਧ ਚੜਕੇ ਦੁੱਖ ਨਿਵਾਰਣ ਸਭਾ ਚ ਪੁੱਜਕੇ ਆਪਣਾ ਜੀਵਨ ਸਫਲ ਕਰੇ।

# ਸਿਖਿਆਰਥੀਆਂ ਦੇ ਹੁਨਰ ਨੂੰ ਨਿਖਾਰਣ ਲਈ ਕਰਵਾਏ ਸਕਿੱਲ ਮੁਕਾਬਲੇ



**ਜਲੰਧਰ (ਸੁਰਿੰਦਰ ਕੁਮਾਰ)**- ਸਿਖਿਆਰਥੀਆਂ ਦੇ ਹੁਨਰ ਨੂੰ ਨਿਖਾਰਨ ਲਈ ਸਥਾਨਕ ਸਰਕਾਰੀ ਆਈ.ਟੀ.ਆਈ. ਮੇਹਰਚੰਦ ਵਿਖੇ ਹੁਨਰ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਜ਼ਿਲ੍ਹਾ ਜਲੰਧਰ ਅਤੇ ਸ਼ਹੀਦ ਭਗਤ ਸਿੰਘ ਨਗਰ ਦੀਆਂ 12 ਆਈ.ਟੀ.ਆਈਜ਼ ਦੇ 14 ਟਰੇਡਾਂ ਦੇ ਸਿਖਿਆਰਥੀਆਂ ਨੇ ਭਾਗ ਲਿਆ ਗਿਆ।ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖ਼ਲਾਈ ਬਿਊਰੋ ਦੇ ਡਿਪਟੀ ਡਾਇਰੈਕਟਰ ਨੀਲਮ ਮਹੇ ਨੇ ਦੱਸਿਆ ਕਿ ਆਈ.ਟੀ.ਆਈ. ਮੇਹਰਚੰਦ ਨੇ ਟਰਨਰ, ਆਰ.ਏ.ਸੀ., ਇਲੈਕਟ੍ਰੀਸ਼ਨ, ਟਰੈਕਟਰ ਮਕੈਨਿਕ, ਆਈ.ਟੀ. ਆਈ. ਸੂੰਢ ਨੇ ਇਲੈਕਟ੍ਰਾਨਿਕਸ ਮਕੈਨਿਕ, ਆਈ.ਟੀ.ਆਈ. ਆਦਮਪੁਰ ਨੇ ਮਸ਼ੀਨਿਸਟ, ਆਈ.ਟੀ.ਆਈ. ਨਵਾਂ ਸ਼ਹਿਰ ਨੇ ਵੈਲਡਰ ਅਤੇ ਆਈ.ਟੀ.ਆਈ. (ਇਸਤਰੀ) ਜਲੰਧਰ ਨੇ ਲੜਕੀਆਂ ਦੇ ਫੈਸ਼ਨ ਡਿਜ਼ਾਈਨਿੰਗ ਟਰੇਡ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਡਿਪਟੀ ਡਾਇਰੈਕਟਰ ਨੀਲਮ ਮਹੇ, ਸਹਾਇਕ ਡਾਇਰੈਕਟਰ ਸ਼ਕਤੀ ਸਿੰਘ, ਪ੍ਰਿੰਸੀਪਲ ਆਈ.ਟੀ.ਆਈ. ਮੇਹਰਚੰਦ ਜਸਮਿੰਦਰ ਸਿੰਘ, ਪ੍ਰਿੰਸੀਪਲ ਰੁਪਿੰਦਰ ਕੌਰ ਅਤੇ ਮੈਸ. ਸੰਤ ਵਾਲਵਜ਼ ਦੇ ਡਾਇਰੈਕਟਰ ਅਰਵਿੰਦ ਧੂਮਲ ਵੱਲੋਂ ਜੇਤੂ ਸਿਖਿਆਰਥੀਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਗਈ। ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੀਆਂ ਹਦਾਇਤਾਂ 'ਤੇ ਆਈ.ਟੀ.ਆਈਜ਼ ਦੇ ਸਿਖਿਆਰਥੀਆਂ ਨੂੰ ਪੂਰੀ ਲਗਨ ਤੇ ਮਿਹਨਤ ਨਾਲ ਹੁਨਰ ਸਿਖ਼ਲਾਈ ਕੋਰਸਾਂ ਨੂੰ ਮੁਕੰਮਲ ਕਰਨ ਲਈ ਪ੍ਰੇਰਿਤ ਕੀਤਾ ਗਿਆ।

# ਸਰਘੀ ਕਲਾ ਕੇਂਦਰ ਦੇ 35ਵੇਂ ਸਥਾਪਨਾ ਦਿਵਸ ਦਾ ਆਯੋਜਨ 15 ਨੂੰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸਾਢੇ ਤਿੰਨ ਦਹਾਕਿਆਂ ਤੋਂ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਨਾਟਕਕਾਰ ਸੰਜੀਵਨ ਸਿੰਘ ਦੀ ਰਹਿਨੁਮਾਈ ਹੇਠ ਕਾਰਜ਼ਸੀਲ ਸਰਘੀ ਕਲਾ ਕੇਂਦਰ ਦੇ 35ਵੇਂ ਸਥਾਪਨਾ ਦਿਵਸ ਦੇ 15 ਜੂਨ ਨੂੰ ਸਵੇਰੇ 10.30 ਵਜੇ ਉੱਤਮ ਸਵੀਟਸ ਸੈਕਟਰ 68 ਮੁਹਾਲੀ ਵਿਖੇ ਆਯੋਜਨ ਦੌਰਾਨ ਸਰਘੀ ਪਰਵਾਰ ਦੇ ਨਾਟਕਰਮੀ ਅਤੀਤ ਦੇ ਸਫ਼ਰ ਨੂੰ ਚੇਤੇ ਕਰਨ ਅਤੇ ਅਗਲੇਰੇ ਸਫ਼ਰ ਦੀ ਤਿਆਰੀ ਲਈ ਜੁੜ ਬੈਠਣਗੇ।ਇਹ ਜਾਣਕਾਰੀ ਸਰਘੀ ਕਲਾ ਕੇਂਦਰ ਦੇ ਜਨਰਲ ਸਕੱਤਰ ਕੁੱਕੂ ਦੀਵਾਨ ਅਤੇ ਪ੍ਰਚਾਰ ਸਕੱਤਰ ਰੰਜੀਵਨ ਸਿੰਘ ਨੇ ਦਿੰਦੇ ਦੱਸਿਆ ਕਿ ਸਰਘੀ ਕਲਾ ਕੇਂਦਰ ਦੇ ਮੁਢਲੇ ਸਰਪ੍ਰਸਤ ਪੰਜਾਬੀ ਲੇਖਕ ਸੰਤੋਖ ਸਿੰਘ ਧੀਰ (ਸਵਰਗੀ), ਇਪਟਾ ਪੰਜਾਬ ਦੇ ਬਾਨੀ ਨਾਟਕਰਮੀ ਤੇਰਾ ਸਿੰਘ ਚੰਨ (ਸਵਰਗੀ) ਅਤੇ ਪੰਜਾਬੀ ਨਾਟਕ ਰਾਹੀਂ ਲੋਕਾਈ ਦੀ ਬਾਤ ਪਾਉਣ ਵਾਲੇ ਗੁਰਸ਼ਰਨ ਭਾਅ ਜੀ (ਸਵਰਗੀ) ਸਰਪ੍ਰਸਤ ਸਨ। ਉਨ੍ਹਾਂ ਅੱਗੇ ਕਿਹਾ ਕਿ ਸਰਘੀ ਕਲਾ ਕੇਂਦਰ ਹੁਣ ਤੱਕ ਲੋਕ ਮਸਲਿਆਂ ਤੇ ਸਮਾਜਿਕ ਸਰੋਕਾਰਾਂ ਦਾ ਜ਼ਿਕਰ ਤੇ ਫ਼ਿਕਰ ਕਰਦੇ ਸੰਜੀਵਨ ਸਿੰਘ ਦੇ ਲਿਖੇ ਅਤੇ ਨਿਰਦੇਸ਼ਤ ਦੋ ਦਰਜਨ ਦੇ ਕਰੀਬ ਨਾਟਕਾਂ ਦਾ ਦੇਸ਼- ਵਿਦੇਸ਼ ਵਿਚ ਅਨੇਕਾਂ ਮੰਚਣ ਕਰ ਚੁੱਕਾ ਹੈ।ਸਰਘੀ ਕਲਾ ਕੇਂਦਰ ਨਾਲ ਹੁਣ ਤੱਕ 300 ਸੌ ਦੇ ਕਰੀਬ ਰੰਗਕਰਮੀ ਸਮੇਂ ਸਮੇਂ ਮੰਚ ਉੱਤੇ ਅਤੇ ਮੰਚ ਪਿੱਛੇ ਆਪਣਾ ਮਹੱਤਵਪੂਰਨ ਯੋਗਦਾਨ ਪਾ ਚੁੱਕੇ ਹਨ।

# ਸਾਲਾਨਾ ਜੋੜ ਮੇਲਾ ਬਾਬਾ ਅਨਾਇਤ ਮੁਰਕੀ ਸ਼ਾਹ 15 ਤੇ 16 ਨੂੰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਇਸ ਸਾਲ ਵੀ 55ਵਾਂ ਸਲਾਨਾ ਜੋੜ ਮੇਲਾ ਬਾਬਾ ਅਨਾਇਤ ਮੁਰਕੀ ਸ਼ਾਹ (ਬਰਨੇ) ਨੇੜੇ ਸੂਰਜ ਕੁੰਡ ਜਾਡਲਾ ਰੋਡ ਰਾਹੋਂ ਵਿਖੇ ਇਲਾਕੇ ਦੇ



ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ਜੋ ਕਿ 15 ਅਤੇ 16 ਜੂਨ ਨੂੰ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾਵੇਗਾ। ਜਾਣਕਾਰੀ ਦਿੰਦੇ ਹੋਏ ਗੱਦੀਨਸ਼ੀਨ ਮਾਸਟਰ ਮਹਿੰਦਰ ਸ਼ਾਹ ਨੇ ਦੱਸਿਆ ਕਿ 14 ਤਰੀਕ ਨੂੰ ਮਹਿੰਦੀ ਦੀ ਰਸਮ ਕੀਤੀ ਜਾਏਗੀ ਅਤੇ 15 ਤਰੀਕ ਨੂੰ ਕਵਾਲੀਆਂ, ਚਿਰਾਗ, ਚਾਦਰ ਅਤੇ ਝੰਡੇ ਦੀ ਰਸਮ ਹੋਵੇਗੀ ਅਤੇ 16 ਜੂਨ ਨੂੰ ਸਟੇਜ ਦਾ ਉਦਘਾਟਨ ਐਮ ਐਲ ਏ ਡਾਕਟਰ ਨਛੱਤਰ ਪਾਲ ਹਲਕਾ ਨਵਾਂਸ਼ਹਿਰ ਸਵੇਰੇ 10 ਵਜੇ ਕਰਨਗੇ। ਇਸ ਮੌਕੇ ਪੰਜਾਬ ਦੇ ਪ੍ਰਸਿੱਧ ਕਵਾਲ ਅਤੇ ਨਕਾਲ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਸੂਬੇ 'ਚ ਕਾਰੋਬਾਰੀ ਸੁਰੱਖਿਅਤ ਨਹੀਂ : ਅਜੇ ਮੰਗੂਪੁਰ

**ਬਲਾਚੌਰ ( ਜਸਵਿੰਦਰ ਬੈਂਸ)**- ਪੰਜਾਬ ਅੰਦਰ ਗੈਂਗਸਟਰਾਂ ਦੇ ਹੌਸਲੇ ਬੁਲੰਦ ਹੁੰਦੇ ਜਾ ਰਹੇ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਨੇ ਪੱਤਰਕਾਰ ਭਾਈਚਾਰੇ ਨਾਲ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵੇਲੇ ਇਨ੍ਹਾਂ ਗੈਂਗਸਟਰਾਂ ਨੂੰ ਠੱਲ੍ਹ ਪਾਈ ਜਾ ਚੁੱਕੀ ਸੀ ਪਰੰਤੂ ਮੌਕੇ ਦੀ ਸਰਕਾਰ ਵੇਲੇ ਸੂਬਾ ਪੰਜਾਬ ਅੰਦਰ ਫਿਰ ਤੋਂ ਗੁੰਡਾਰਾਜ ਆਪਣੇ ਪੈਰ ਪਸਾਰ ਰਿਹਾ। ਬੀਤੇ ਦਿਨੀਂ ਹਲਕਾ ਬਲਾਚੌਰ ਦੇ ਪਿੰਡ ਬੀੜ ਕਾਠਗੜ੍ਹ (ਮੰਡੇਰਾਂ) ਵਿਖੇ ਅਣਪਛਾਤਿਆਂ ਵੱਲੋਂ ਰਾਤ 1:00 ਵਜੇ ਅਚਾਰ ਫੈਕਟਰੀ ਵਿਖੇ ਗੋਲੀਆਂ ਚਲਾਈਆਂ ਗਈਆਂ। ਇਸ ਤੋਂ ਪਹਿਲਾਂ ਫੈਕਚਰੀ ਮਾਲਕ ਤੋਂ ਗੁੰਡਿਆਂ ਵੱਲੋਂ ਇੱਕ ਵੱਡੀ ਰਕਮ ਫਿਰੌਤੀ ਦੇ ਰੂਪ ਵਿੱਚ ਮੰਗੀ ਗਈ ਸੀ। ਮਾਲਕ ਵੱਲੋਂ ਇਨਕਾਰ ਕਰਨ ਤੇ ਗੈਂਗਸਟਰਾਂ ਵੱਲੋਂ ਫੈਕਟਰੀ ਉੱਤੇ ਗੋਲੀਆਂ ਚਲਾ ਡਰ ਦਾ ਮਾਹੌਲ ਪੈਦਾ ਕੀਤਾ ਗਿਆ। ਹੈਰਾਨੀ ਦੀ ਗੱਲ ਹੈ ਕਿ ਸਰਕਾਰ ਵੱਲੋਂ ਕੋਈ ਵੀ ਨੁਮਾਇੰਦਾ ਪੀੜਤ ਦੀ ਮਦਦ ਲਈ ਜਾਂ ਸਾਰ ਲੈਣ ਨਹੀਂ ਪਹੁੰਚਿਆ। ਆਪ ਸਰਕਾਰ ਵੇਲੇ ਪੰਜਾਬ ਵਿੱਚ ਕਤਲ, ਫਿਰੌਤੀਆਂ ਦੀਆਂ ਖਬਰਾਂ ਅਸੀਂ ਆਏ ਦਿਨ ਅਖਬਾਰਾਂ ਦੀਆਂ ਸੁਰਖੀਆਂ 'ਤੇ ਦੇਖਦੇ ਰਹਿੰਦੇ ਹਾਂ। ਪੰਜਾਬ ਵਿੱਚ ਕਾਨੂੰਨ ਵਿਵਸਥਾ ਕਾਇਮ ਰੱਖਣ ਵਿੱਚ ਆਪ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਸਰਕਾਰ ਦੀ ਢਿੱਲ ਕਰਕੇ ਹੀ ਇਨ੍ਹਾਂ ਗੁੰਡਿਆਂ, ਬਦਮਾਸ਼ਾਂ ਦੇ ਹੌਸਲੇ ਬੁਲੰਦ ਹੁੰਦੇ ਜਾ ਰਹੇ ਹਨ ਅਤੇ ਗੁੰਡਾਰਾਜ ਵਧਦਾ ਜਾ ਰਿਹੈ। ਜਦ ਕਾਰੋਬਾਰੀ ਸੁਰੱਖਿਅਤ ਨਹੀ ਹੈ ਪੰਜਾਬ ਤਰੱਕੀ ਵੱਲ ਕਿਵੇਂ ਵਧ ਸਕਦਾ ਹੈ। ਅਜੇ ਮੰਗੂਪੁਰ ਨੇ ਸਰਕਾਰ ਨੂੰ ਇਨ੍ਹਾਂ ਗੈਂਗਸਟਰਾਂ ਨੂੰ ਨੱਥ ਪਾਉਣ ਲਈ ਸਖਤ ਕਦਮ ਚੁੱਕਣ ਲਈ ਕਿਹਾ ਅਤੇ ਲੋਕਾਂ ਨੂੰ ਵੀ ਸਭ ਕੁਝ ਸੋਚ ਸਮਝ ਕੇ ਸਰਕਾਰ ਬਣਾਉਣ ਦੀ ਅਪੀਲ ਕੀਤੀ।



# ਐੱਲ ਪੀ ਯੂ ਨੇ ਭਾਰਤ ਦਾ ਪਹਿਲਾ ਗਲੋਬਲੀ ਰੈਡੀ ਚਾਈਲਡ ਐਂਡ ਐਲਡਰ ਕੇਅਰ ਪ੍ਰੋਗਰਾਮ ਲਾਂਚ ਕੀਤਾ

**ਜਲੰਧਰ (ਸ਼ੈਲੀ ਐਲਬਰਟ)**- ਇੱਕ ਮਹੱਤਵਪੂਰਨ ਅਤੇ ਭਵਿੱਖ-ਪ੍ਰਮਾਣਿਤ ਕਦਮ ਵਿੱਚ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਭਾਰਤ ਦਾ ਸਭ ਤੋਂ ਭਵਿੱਖ-ਪ੍ਰਮਾਣਿਤ ਸਿਹਤ ਸੰਭਾਲ ਪ੍ਰੋਗਰਾਮ; ਬਾਲ ਅਤੇ ਬਜ਼ੁਰਗ ਦੇਖਭਾਲ ਵਿੱਚ ਬੀਐਸਸੀ ਅਤੇ ਡਿਪਲੋਮਾ ਕੋਰਸ; ਅਲਾਈਡ ਹੈਲਥ ਸਾਇੰਸ ਸਿੱਖਿਆ ਵਿੱਚ ਇੱਕ ਮੀਲ ਪੱਥਰ ਲਾਂਚ ਕੀਤਾ ਹੈ।ਇਹ ਫੈਸਲਾ ਅਪਲਾਈਡ ਹੈਲਥ ਸਾਇੰਸਿਜ਼ ਵਿੱਚ ਐਲ ਪੀ ਯੂ ਦੀ ਲੀਡਰਸ਼ਿਪ ਨੂੰ ਮਜ਼ਬੂਤ ਕਰਦਾ ਹੈ, ਜਿੱਥੇ ਯੂਨੀਵਰਸਿਟੀ ਪਹਿਲਾਂ ਹੀ ਬੀ ਐਸ ਸੀ ਮੈਡੀਕਲ ਰੇਡੀਓਲੋਜੀ ਅਤੇ ਇਮੇਜਿੰਗ ਤਕਨਾਲੋਜੀ, ਮੈਡੀਕਲ ਲੈਬਾਰਟਰੀ ਤਕਨਾਲੋਜੀ, ਫਿਜ਼ੀਓਥੈਰੇਪੀ ਅਤੇ ਰੈਸਪੀਰੇਟਰੀ ਥੈਰੇਪੀ ਪ੍ਰੋਗਰਾਮ ਪੇਸ਼ ਕਰਦੀ ਹੈ। ਦੁਨੀਆ ਭਰ ਵਿੱਚ ਦੋ ਸਭ ਤੋਂ ਤੇਜ਼ੀ ਨਾਲ ਵਧ ਰਹੇ ਸਿਹਤ ਸੰਭਾਲ ਖੇਤਰਾਂ ਵਿੱਚ 2-ਸਾਲਾ ਡਿਪਲੋਮਾ ਅਤੇ 3-ਸਾਲਾ ਬੀ ਐਸ ਸੀ ਡਿਗਰੀ ਦੇ ਰੂਪ ਵਿੱਚ ਉਪਲਬਧ ਨਵੇਂ ਲਾਂਚ ਕੀਤੇ ਗਏ ਪ੍ਰੋਗਰਾਮ, ਬੱਚਿਆਂ ਅਤੇ ਬਜ਼ੁਰਗਾਂ ਦੀ ਦੇਖਭਾਲ ਵਿੱਚ ਮਹੱਤਵਪੂਰਨ ਕਰਮਚਾਰੀਆਂ ਦੀ ਘਾਟ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਗਏ ਹਨ।ਡਾ. ਮੋਨਿਕਾ ਗੁਲਾਟੀ, ਰਜਿਸਟਰਾਰ, ਐਲ ਪੀ ਯੂ ਅਤੇ ਸੀਨੀਅਰ ਡੀਨ, ਫੈਕਲਟੀ ਆਫ਼ ਅਪਲਾਈਡ ਮੈਡੀਕਲ ਸਾਇੰਸਜ਼ ਨੇ ਕਿਹਾ, 'ਦੇਖਭਾਲ ਕਰਨ ਵਾਲਿਆਂ ਨੂੰ ਹੁਣ ਇੱਕ ਸਹਾਇਕ ਪੇਸ਼ੇ ਵਜੋਂ ਨਹੀਂ ਦੇਖਿਆ ਜਾਂਦਾ; ਇਹ ਇੱਕ ਫਰੰਟਲਾਈਨ ਪੇਸ਼ਾ ਹੈ ਜਿਸ ਲਈ ਹਮਦਰਦੀ ਅਤੇ ਚੰਗੀ ਤਰ੍ਹਾਂ ਜਾਣੂ ਗਿਆਨ ਦੋਵਾਂ ਦੀ ਲੋੜ ਹੁੰਦੀ ਹੈ।ਇਹ ਪ੍ਰੋਗਰਾਮ ਸਿਰਫ਼ ਅਧਿਐਨ ਦਾ ਇੱਕ ਕੋਰਸ ਨਹੀਂ ਹਨ, ਇਹ ਭਵਿੱਖ ਵਿੱਚ ਗਲੋਬਲ ਕਰੀਅਰ, ਸਨਮਾਨਜਨਕ ਸੇਵਾ ਅਤੇ ਲੰਬੇ ਸਮੇਂ ਦੀ ਨੌਕਰੀ ਸੁਰੱਖਿਆ ਦਾ ਪ੍ਰਵੇਸ਼ ਦੁਆਰ ਹਨ ।ਐਲ ਪੀ ਯੂ ਨੇ ਅਕਾਦਮਿਕ ਸੈਸ਼ਨ ਲਈ ਦਾਖਲੇ ਖੋਲ੍ਹ ਦਿੱਤੇ ਹਨ ਅਤੇ ਸੰਭਾਵੀ ਵਿਦਿਆਰਥੀਆਂ ਅਤੇ ਉਦਯੋਗ ਦੇ ਹਿੱਸੇਦਾਰਾਂ ਤੋਂ ਚੰਗਾ ਹੁੰਗਾਰਾ ਮਿਲਿਆ ਹੈ।



# ਡਰਾਈਵਰ ਵੀਰਾਂ ਨੇ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ

**ਨਵਾਂਸ਼ਹਿਰ (ਮਨੋਜ ਲਾਡੀ)** ਨਵਾਂਸ਼ਹਿਰ ਦੇ ਰਾਹੋਂ ਰੋਡ ਸਥਿਤ ਦੋਆਬਾ ਟਰੱਕ ਯੂਨੀਅਨ ਦੇ ਡਰਾਈਵਰ ਵੀਰਾਂ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਡਰਾਈਵਰ ਵੀਰਾਂ ਵੱਲੋਂ ਆਰੰਭਤਾ ਮੌਕੇ ਸ਼ੁਕਰਾਨੇ ਦੀ ਅਰਦਾਸ ਕੀਤੀ ਅਤੇ ਮਿੱਠੇ ਜਲ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਟਰੱਕ ਯੂਨੀਅਨ ਦੇ ਪ੍ਰਧਾਨ ਦਲਬਾਰਾ ਸਿੰਘ ਹੀਰ ਨੇ ਡਰਾਈਵਰ ਵੀਰਾਂ ਸਮੇਤ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਪ੍ਰਕਾਸ਼ ਪੁਰਬ ਅਤੇ ਭਗਤ ਕਬੀਰ ਜੀ ਦੇ ਜਨਮ ਦਿਹਾੜੇ ਦੀ ਸੰਗਤਾਂ ਨੂੰ ਵਧਾਈ ਦਿੱਤੀ। ਹਾਜ਼ਰੀਨ ਵਿਚ ਟਰੱਕ ਯੂਨੀਅਨ ਦੇ ਪ੍ਰਧਾਨ ਦਲਬਾਰਾ ਸਿੰਘ ਹੀਰ ਤੋਂ ਇਲਾਵਾ ਕੁਲਵੰਤ ਸਿੰਘ, ਹਰਜਿੰਦਰ ਸਿੰਘ, ਤਰਲੋਚਨ ਸਿੰਘ, ਪਾਲ ਸਿੰਘ, ਬੁੱਧ ਸਿੰਘ, ਸੰਦੀਪ ਸਿੰਘ, ਮੇਜਰ ਸਿੰਘ, ਸੁਖਵਿੰਦਰ ਸਿੰਘ, ਪ੍ਰੀਤਮ ਸਿੰਘ, ਰਾਜਵਿੰਦਰ ਸਿੰਘ ਤੇ ਸ਼ਹਿਰ ਵਾਸੀ ਸ਼ਾਮਲ ਸਨ।

# ਕੜਕਦੀ ਧੁੱਪ 'ਚ ਮਜ਼ਦੂਰ ਝੋਨਾ ਲਾਉਣ ਲਈ ਮਜਬੂਰ

**ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੱਬੀ)**— ਪਿਛਲੇ ਦਿਨਾਂ ਤੋਂ ਪੈ ਰਹੀ ਕੜਕਦੀ ਧੁੱਪ ਦੇ ਬਾਵਜੂਦ ਇਲਾਕੇ ਵਿੱਚ ਝੋਨਾ ਲਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਮਜ਼ਦੂਰ ਅੰਤਾਂ ਦੀ ਪੈ ਰਹੀ ਗਰਮੀ ਵਿੱਚ ਝੋਨਾ ਲਾਉਣ ਲਈ ਮਜਬੂਰ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਕੁੱਝ ਦਿਨਾਂ ਤੋਂ ਪੰਜਾਬ ਵਿੱਚ ਦਿਨ ਦਾ ਤਾਪਮਾਨ 45 ਡਿਗਰੀ ਨੂੰ ਪਾਰ ਕਰ ਗਿਆ ਹੈ,ਜਿਸ ਕਾਰਨ ਗਰਮੀ ਦਾ ਕਹਿਰ ਵਰਤ ਰਿਹਾ ਹੈ।ਅੱਤ ਦਰਜੇ ਦੀ ਪੈ ਰਹੀ ਗਰਮੀ ਤੋਂ ਬਚਣ ਲਈ ਡਾਕਟਰ ਆਮ ਲੋਕਾਂ ਨੂੰ ਦੁਪਹਿਰ ਸਮੇਂ ਘਰਾਂ 'ਚ ਰਹਿਣ ਲਈ ਸਲਾਹ ਦੇ ਰਹੇ ਹਨ । ਕਿਸਾਨ ਆਗੂ ਭਾਈ ਪਰਮਿੰਦਰ ਸਿੰਘ ਸੇਖੋ ਅਤੇ ਬਲਦੇਵ ਸਿੰਘ ਹਾਫਿਜ਼ਾਬਾਦ ਆਦਿ ਕਿਸਾਨਾਂ ਦੀ ਦਲੀਲ ਹੈ ਕਿ ਜੇਕਰ ਇਨ੍ਹਾਂ ਦਿਨਾਂ ਵਿੱਚ ਝੋਨਾ ਨਾ ਲਗਾਇਆ ਗਿਆ ਤਾਂ ਝੋਨੇ ਦੀ ਫਸਲ ਸਮੇਂ ਸਿਰ ਨਾ ਪੱਕਣ ਕਾਰਣ ਮੰਡੀਆਂ ਵਿੱਚ ਵੇਚਣ ਸਮੇਂ ਸਮੱਸਿਆ ਆ ਜਾਂਦੀ ਹੈ ਅਤੇ ਝੋਨੇ ਦਾ ਝਾੜ ਵੀ ਘੱਟ ਜਾਂਦਾ ਹੈ। ਇਸੇ ਮਜ਼ਬੂਰੀ ਵੱਸ ਕਿਸਾਨਾਂ ਨੂੰ ਕਹਿਰ ਦੀ ਗਰਮੀ ਦੇ ਬਾਵਜੂਦ ਝੋਨਾ ਲਾਉਣਾ ਪੈ ਰਿਹਾ ਹੈ। ਉਪਰੋਂ ਮੀਂਹ ਨਾ ਪੈਣ ਕਾਰਨ ਕਿਸਾਨਾਂ ਨੂੰ ਮੋਟਰਾਂ ਦੇ ਪਾਣੀ ਅਤੇ ਮਹਿੰਗੇ ਭਾਅ ਦਾ ਡੀਜ਼ਲ ਫੂਕ ਕੇ ਹੀ ਖੇਤਾਂ ਵਿੱਚ ਪਾਣੀ ਲਾਉਣਾ ਪੈ ਰਿਹਾ ਹੈ। ਪਿੰਡ ਫਿਰੋਜ਼ਪੁਰ, ਮੁਜਾਫਤ, ਭਲਿਆਣ, ਸੰਧੂਆਂ ਅਤੇ ਸੈਦਪੁਰ ਆਦਿ ਪਿੰਡਾਂ ਦੇ ਖੇਤਾਂ ਵਿੱਚ ਝੋਨਾ ਲਗਾ ਰਹੇ ਮਜ਼ਦੂਰਾਂ ਦੀ ਵਿਥਿਆ ਵੀ ਇਹੋ ਬਿਆਨ ਕਰ ਰਹੀ ਸੀ ਕਿ ਅੰਤਾਂ ਦੀ ਪੈ ਰਹੀ ਗਰਮੀ ਵਿੱਚ ਭਾਵੇਂ ਉਨ੍ਹਾਂ ਦਾ ਸਰੀਰ ਵੀ ਅਰਾਮ ਕਰਨ ਨੂੰ ਕਹਿੰਦਾ ਹੈ,ਪਰ ਘਰ ਦੀਆਂ ਮਜ਼ਬੂਰੀਆਂ ਵੱਸ ਉਨ੍ਹਾਂ ਨੂੰ ਸੂਰਜ ਦੀ ਤਪਸ਼ ਅਤੇ ਖੇਤਾਂ ਦੇ ਗਰਮ ਪਾਣੀ ਵਿੱਚ ਝੋਨਾ ਲਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ । ਦੂਜੇ ਪਾਸੇ ਗਰਮੀ ਦੇ ਕਹਿਰ ਕਾਰਨ ਇੱਥੋਂ ਦੇ ਬਜਾਰਾਂ ਵਿੱਚ ਵੀ ਦੁਕਾਨਦਾਰ ਦੁਪਹਿਰ ਸਮੇਂ ਵਿਹਲੇ ਬੈਠੇ ਰਹਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਖਰੀਦੋ ਫਰੋਖਤ ਕਰਨ ਵਾਲੇ ਗਾਹਕ ਤਾਂ ਹੁਣ ਸ਼ਾਮ ਨੂੰ ਹੀ ਨਿਕਲਦੇ ਹਨ , ਕਿਉਂਕਿ ਸਵੇਰ ਤੋਂ ਹੀ ਗਰਮੀ ਪੂਰੇ ਜ਼ੋਰਾਂ 'ਤੇ ਸ਼ੁਰੂ ਹੋ ਜਾਂਦੀ ਹੈ, ਜਿਸ ਕਾਰਨ ਗਾਹਕ ਘਰਾਂ ਵਿੱਚੋਂ ਨਿਕਲਦੇ ਹੀ ਨਹੀਂ।



# ਗੁਲਾਬ ਕੌਰ ਯਾਦਗਾਰੀ ਮੁਹਿੰਮ ਦੀ ਸਫ਼ਲਤਾ ਲਈ ਦੇਸ਼ ਭਗਤ ਕਮੇਟੀ ਨੇ ਹਾਲ ਨੂੰ ਦਿੱਤਾ ਨਵਾਂ ਮੁਹਾਂਦਰਾ

**ਜਲੰਧਰ** : ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ (1925-2025) ਮੁਹਿੰਮ ਦੀ ਸਿਖ਼ਰ ਪਹਿਲੀ ਨਵੰਬਰ 34ਵਾਂ ਮੇਲਾ ਗ਼ਦਰੀ ਬਾਬਿਆਂ ਦਾ ਯਾਦਗਾਰੀ ਮੀਲ ਪੱਥਰ ਹੋ ਸਕੇ, ਇਸ ਲਈ ਨਿਰੰਤਰ ਮੁਹਿੰਮ ਚਲਾਉਣ ਦੀ ਲੜੀ ਵਜੋਂ ਦੇਸ਼ ਭਗਤ ਯਾਦਗਾਰ ਹਾਲ ਨੂੰ ਮੁਹਿੰਮ ਦਾ ਮਰਕਜ਼ ਸਥਾਪਤ ਕਰਨ ਲਈ ਵਿਸ਼ੇਸ਼ ਕਦਮ ਚੁੱਕੇ ਗਏ। ਪਹਿਲੇ ਕਦਮ ਵਜੋਂ ਗ਼ਦਰੀ ਗੁਲਾਬ ਕੌਰ ਦੇ ਸਮਕਾਲੀ ਸਾਥੀ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ, ਗ਼ਦਰੀ ਗੁਲਾਬ ਕੌਰ ਯਾਦਗਾਰੀ ਹਾਲ, ਬਾਬਾ ਜਵਾਲਾ ਸਿੰਘ ਹਾਲ, ਪ੍ਰੋ. ਬਰਕਤ ਉੱਲਾ ਹਾਲ, ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ, ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ ਦੇ ਜੁੜਵੇਂ ਰੀਡਿੰਗ ਰੂਮ, ਗੰਧਰਵ ਸੈਨ ਕੋਛੜ ਯਾਦਗਾਰੀ ਥੀਏਟਰ 'ਚ ਆਹਲਾ ਦਰਜੇ ਦੀ ਸਾਊਂਡ ਲਗਾਉਣ ਦਾ ਵਡੇਰਾ ਪ੍ਰੋਜੈਕਟ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਉੱਦਮ ਕੀਤਾ ਗਿਆ। ਇਸ ਵਿੱਚ ਵਿੱਤ ਪੱਖੋਂ ਸੁਰਿੰਦਰ ਕੁਮਾਰੀ ਕੋਛੜ ਨੇ ਵਿਸ਼ੇਸ਼ ਯੋਗਦਾਨ ਪਾਇਆ। ਦੇਸ਼ ਭਗਤ ਯਾਦਗਾਰ ਹਾਲ 'ਚ ਵਿਚਾਰ-ਚਰਚਾ ਮਿਲਣੀ, ਫ਼ਿਲਮ ਸ਼ੋਅ, ਕਨਵੈਨਸ਼ਨ, ਕਾਨਫਰੰਸ, ਗੀਤ-ਸੰਗੀਤ ਅਤੇ ਰੰਗਮੰਚ ਲਈ ਪੰਜਾਬ ਭਰ ਦੀਆਂ ਲੋਕ-ਪੱਖੀ ਸੰਸਥਾਵਾਂ ਦੀ ਸੁਵਿਧਾ ਅਤੇ ਲੋੜ ਦੀ ਪੂਰਤੀ ਕਰਨ ਦਾ ਕਾਰਜ ਨੇਪਰੇ ਚਾੜ੍ਹ ਕੇ ਅੱਜ ਕਮੇਟੀ ਨੇ ਬੇਹੱਦ ਖੁਸ਼ੀ ਮਹਿਸੂਸ ਕੀਤੀ। ਬੋਰਡ ਆਫ਼ ਟਰੱਸਟ ਦੀ ਮੀਟਿੰਗ 'ਚ ਲਏ ਫੈਸਲੇ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਬੁੱਧਵਾਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਸਾਰੇ ਹਾਲਾਂ ਵਿੱਚ ਸਾਊਂਡ, ਪਰਦੇ, ਰੰਗ-ਰੋਗਨ, ਰੌਸ਼ਨੀ, ਕੁਰਸੀਆਂ ਅਤੇ ਲੋੜੀਂਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਸਾਰੇ ਕੰਮਾਂ ਨੂੰ ਹੱਥ ਲਿਆ ਗਿਆ। ਉਹਨਾਂ ਇਹ ਵੀ ਦੱਸਿਆ ਕਿ ਬੋਰਡ ਆਫ਼ ਟਰੱਸਟ ਨੇ ਇਸ ਵਡੇਰੇ ਪ੍ਰੋਜੈਕਟ 'ਤੇ ਕੀਤੇ ਖ਼ਰਚਿਆਂ ਦੀ ਪੂਰਤੀ ਲਈ ਅਤੇ ਪੰਜਾਬ ਭਰ ਦੀਆਂ ਵੰਨ-ਸੁਵੰਨੀਆਂ ਸਰਗਰਮੀਆਂ ਲਈ ਆਪਣਾ ਘਰ ਸਮਝ ਕੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਆਉਣ ਨੂੰ ਸੰਸਥਾਵਾਂ ਅਤੇ ਲੋਕ ਮਾਣ ਮਹਿਸੂਸ ਕਰਨ ਲੱਗਣ, ਇਹਨਾਂ ਲੋੜਾਂ ਦੀ ਪੂਰਤੀ ਲਈ ਵਿੱਤੀ ਸਹਾਇਤਾ ਦੀ ਵੀ ਅੱਜ ਵਿਸ਼ੇਸ਼ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਦੇਸ਼-ਬਦੇਸ਼ ਅੰਦਰ ਗ਼ਦਰੀ ਗੁਲਾਬ ਕੌਰ ਵਿਛੋੜੇ ਦੀ 100ਵੇਂ ਵਰ੍ਹੇ ਉਸ ਦੀ ਦੇਣ ਨੂੰ ਸਿਜਦਾ ਕਰਨ ਲਈ ਥਾਓਂ ਥਾਈਂ ਸਮਾਗਮ ਕਰਨ ਅਤੇ ਪਹਿਲੀ ਨਵੰਬਰ ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਵਹੀਰਾਂ ਘੱਤ ਕੇ ਪੁੱਜਣ ਦੀ ਅਪੀਲ ਵੀ ਕੀਤੀ ਹੈ।



# ਬਾਬਾ ਸਾਹਿਬ ਦੇ ਸਟੈਚੂਆਂ ਦੀ ਬੇਅਦਬੀ ਕਰਨ ਵਿਰੁੱਧ ਭੇਜਿਆ ਮੁੱਖ ਮੰਤਰੀ ਨੂੰ ਪੱਤਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਬੀਤੇ ਦਿਨੀਂ ਫਿਲੌਰ ਦੇ ਨੇੜੇ ਪਿੰਡ ਨੰਗਲ ਅਤੇ ਕੋਟ ਫਤੂਹੀ ਦੇ ਨਜ਼ਦੀਕ ਪਿੰਡ ਨੂਰਪੁਰ ਜੱਟਾਂ ਵਿਖੇ ਸਥਾਪਿਤ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂ 'ਤੇ ਕਾਲੇ ਰੰਗ ਦੀ ਸਪਰੇਅ ਮਾਰਨ ਦੀ ਘਟਨਾ ਦੇ ਦੋਸ਼ੀਆਂ ਨੂੰ ਸਖਤ ਸਜਾ ਦੇਣ ਲਈ ਬੇਗਮਪੁਰ ਟਾਈਗਰ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ, ਸੀਨੀਅਰ ਮੀਤ ਸਤੀਸ਼ ਕੁਮਾਰ ਸ਼ੇਰਗੜ੍ਹ ਦੀ ਪ੍ਰਧਾਨਗੀ ਹੇਠ ਏ ਡੀ ਸੀ ਅਮਰਬੀਰ ਕੌਰ ਭੁੱਲਰ ਰਾਹੀਂ ਇੱਕ ਮੰਗ ਪੱਤਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਸਮੁੱਚੇ ਵਿਸ਼ਵ ਭਰ ਦੇ ਅੰਬੇਡਕਰਵਾਦੀ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਵੀ ਡੂੰਘੀ ਸੱਟ ਮਾਰੀ ਹੈ। ਇਸ ਤੋਂ ਪਹਿਲਾਂ ਅੰਮ੍ਰਿਤਸਰ 'ਚ ਵੀ ਬਾਬਾ ਜੀ ਦੇ ਸਟੈਚੂ ਦੀ ਬੇਅਦਬੀ ਕੀਤੀ ਗਈ ਸੀ। ਉਹਨਾਂ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਉਹਨਾਂ ਨੂੰ ਸਖ਼ਤ ਤੋਂ ਸਖ਼ਤ ਸਜਾ ਦਿੱਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜ ਕੁਮਾਰ ਬੱਧਣ ਜ਼ਿਲ੍ਹਾ ਮੀਤ ਪ੍ਰਧਾਨ, ਸੁਖਵਿੰਦਰ ਫਤਿਹਗੜ੍ਹ, ਰਵੀ ਅਤੇ ਸਭੀ ਸੁੰਦਰ ਨਗਰ, ਜੋਤਾ ਜੱਖੂ ਰਹੀਮਪੁਰ, ਰਾਜ ਰਹੀਮਪੁਰ, ਅਨਿਲ ਕੁਮਾਰ ਬੰਟੀ ਪ੍ਰਧਾਨ ਬਲਾਕ ਹਰਿਆਣਾ ਭੂੰਗਾ, ਰਾਜੂ, ਮਨਪ੍ਰੀਤ ਹਰਿਆਣਾ, ਅਰੁਣ ਕੁਮਾਰ ਹਰਿਆਣਾ, ਸਤੀਸ ਹਰਿਆਣਾ, ਸੰਨੀ ਸੀਣਾ, ਭਿੰਦਾ ਸੀਣਾ, ਸੰਦੀਪ ਸੀਣਾ, ਵਿਪਨ ਕੁਮਾਰ ਬਸੀ ਕਲਾਂ,ਵਿਪਨ ਕੁਮਾਰ ਬਿਹਾਲਾ,ਵਿਸ਼ਾਲ ਬਿਹਾਲਾ, ਲਖਵਿੰਦਰ ਬਿਹਾਲਾ, ਲਖਵਿੰਦਰ ਸਿੰਘ, ਵਿਪਨ ਕੁਮਾਰ, ਆਦਿ ਹਾਜ਼ਰ ਸਨ।

# ਕਾਂਗਰਸ ਨੇ ਅੰਮ੍ਰਿਤਪਾਲ ਭੌਂਸਲੇ ਨੂੰ ਬਣਾਇਆ ਨਕੋਦਰ ਹਲਕੇ ਦਾ ਕੋਆਰਡੀਨੇਟਰ

**ਫਿਲੌਰ (ਨਿਰਮਲ)**- ਕਾਂਗਰਸ ਹਾਈਕਮਾਂਡ ਨੇ ਉੱਘੇ ਦਲਿਤ ਸਮਾਜ ਦੇ ਆਗੂ ਅੰਮ੍ਰਿਤਪਾਲ ਭੌਂਸਲੇ ਫਿਲੌਰ ਨੂੰ ਨਕੋਦਰ ਹਲਕੇ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਅੰਮ੍ਰਿਤਪਾਲ ਭੌਂਸਲੇ ਪਹਿਲਾਂ ਪੀਪੀਸੀਸੀ ਵਲੋਂ ਰਾਹੁਲ ਗਾਂਧੀ ਜੀ ਦੀ ਅਗਵਾਈ ਵਿੱਚ ਕੱਢੀ ਗਈ ਭਾਰਤ ਜੋੜੋ ਯਾਤਰਾ ਵਿੱਚ ਕਈ ਮਹੱਤਵਪੂਰਨ ਅਹੁਦਿਆਂ 'ਤੇ ਵਧੀਆ ਸੇਵਾਵਾਂ ਨਿਭਾ ਚੁੱਕੇ ਹਨ। ਭੌਂਸਲੇ 2022 ਵਿੱਚ ਫਿਲੌਰ ਵਿਧਾਨ ਸਭਾ ਤੋਂ ਕਾਂਗਰਸ ਦੀ ਟਿਕਟ ਦੇ ਪ੍ਰਮੁੱਖ ਦਾਅਵੇਦਾਰਾਂ ਵਿੱਚ ਇਕ ਸਨ। ਉਹ ਪਹਿਲਾਂ ਵਿਧਾਨ ਸਭਾ ਹਲਕਾ ਆਦਮਪੁਰ ਦੇ ਕੋਆਰਡੀਨੇਟਰ ਸਨ। ਅੰਮ੍ਰਿਤਪਾਲ ਭੌਂਸਲੇ ਫਿਲੌਰ ਨੇ ਕਿਹਾ ਕਿ ਉਹ ਭਾਰਤ ਦੇ ਸੰਵਿਧਾਨ ਨੂੰ ਬਚਾਉਣ ਲਈ ਸੰਘਰਸਸੀਲ ਹਨ ਅਤੇ ਦੇਸ ਵਿਆਪੀ ਅੰਦੋਲਨ ਵਿੱਚ ਉਹ ਰਾਹੁਲ ਗਾਂਧੀ ਦੀ ਅਗਵਾਈ ਵਿੱਚ ਕੰਮ ਕਰਨਗੇ ਅਤੇ ਪੰਜਾਬ ਅੰਦਰ ਸੱਤਾ ਵਿਚ ਕਾਂਗਰਸ ਦੀ ਵਾਪਸੀ ਲਈ ਲਾਮਬੰਦੀ ਕਰਨਗੇ। ਉਨ੍ਹਾਂ ਕਿਹਾ ਕਿ ਜੇਕਰ ਪਾਰਟੀ ਨੇ ਮੌਕਾ ਦਿੱਤਾ ਤਾਂ ਫਿਲੌਰ ਵਿਧਾਨ ਸਭਾ ਤੋਂ 2027 ਵਿੱਚ ਚੋਣ ਲੜਨਗੇ। ਉਨ੍ਹਾਂ ਅੱਗੇ ਕਿਹਾ ਕਿ ਸੰਗਠਨ ਦੀ ਮਜ਼ਬੂਤੀ ਲਈ ਉਨ੍ਹਾਂ ਨੂੰ ਆਦਮਪੁਰ ਤੋਂ ਬਾਅਦ ਨਕੋਦਰ ਵਿਧਾਨ ਸਭਾ ਭੇਜਿਆ ਗਿਆ ਹੈ ਉਹ ਤਨਦੇਹੀ ਨਾਲ ਕੰਮ ਕਰਨਗੇ। ਨਕੋਦਰ ਹਲਕੇ ਦੇ ਕੋਆਰਡੀਨੇਟਰ ਨਿਯੁਕਤ ਕੀਤੇ ਜਾਣ ਉਪਰੰਤ ਅੰਮ੍ਰਿਤਪਾਲ ਭੌਂਸਲੇ ਨੇ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਆਦਮਪੁਰ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਅਤੇ ਕੈਪਟਨ ਸੰਦੀਪ ਸੰਧੂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।



# ਅਲਾਟੀਆਂ ਨੂੰ ਮਿਲੀ ਵੱਡੀ ਰਾਹਤ, ਇਨਹਾਂਸਮੈਂਟ ਖਰਚੇ ਘਟਾਉਣ ਦਾ ਵਿਚਾਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਕ੍ਰਿਸ਼ਨ ਗਰਗ)**- ਵਿਧਾਇਕ ਕੁਲਵੰਤ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਸੈਕਟਰ 76-80 ਦੇ ਅਲਾਟੀਆਂ ਨੂੰ ਵੱਡੀ ਰਾਹਤ ਮਿਲੀ ਹੈ, ਜਿਨ੍ਹਾਂ ਅਲਾਟੀਆਂ ਨੂੰ ਇਨਹਾਂਸਮੈਂਟ ਖਰਚਾ ਜਮ੍ਹਾਂ ਕਰਵਾਉਣ ਲਈ ਗਮਾਡਾ ਵੱਲੋਂ ਨੋਟਿਸ ਦਿੱਤੇ ਗਏ ਸਨ, ਨੂੰ ਵੱਡੀ ਰਾਹਤ ਦਿੰਦੇ ਹੋਏ, ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਇਨਹਾਸਮੈਂਟ ਦੀ ਰਾਸ਼ੀ ਨੂੰ ਘਟਾਉਣ ਲਈ ਸਹਿਮਤੀ ਬਣ ਗਈ ਸੀ। ਇਹ ਸਹਿਮਤੀ ਵਿਧਾਇਕ ਕੁਲਵੰਤ ਸਿੰਘ ਵੱਲੋਂ ਗਮਾਡਾ ਦੇ ਮੁੱਖ ਪ੍ਰਸ਼ਾਸਕ ਵਿਸ਼ੇਸ਼ ਸਾਰੰਗਲ ਨਾਲ ਕੀਤੀ ਮੀਟਿੰਗ ਤੋਂ ਬਾਅਦ ਬਣੀ। ਉਹ ਇਨ੍ਹਾਂ ਨਿਵਾਸੀਆਂ ਦੀ ਇਸ ਮੁਸ਼ਕਲ ਦੇ ਹੱਲ ਲਈ ਪਿਛਲੇ ਕਈ ਦਿਨਾਂ ਤੋਂ ਯਤਨਸ਼ੀਲ ਸਨ। ਐਸ.ਏ.ਐਸ. ਨਗਰ ਦੇ ਵਿਧਾਇਕ ਕੁਲਵੰਤ ਸਿੰਘ ਨੇ ਦੱਸਿਆ ਕਿ ਅਥਾਰਟੀ ਨੇ ਪਹਿਲਾਂ ਇਨ੍ਹਾਂ ਸੈਕਟਰਾਂ ਦੇ ਅਲਾਟੀਆਂ ਨੂੰ 3164 ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਇਨਹਾਂਸਮੈਂਟ ਖਰਚ ਅਦਾ ਕਰਨ ਲਈ ਨੋਟਿਸ ਭੇਜੇ ਸਨ, ਜਿਸ 'ਤੇ ਅਲਾਟੀਆਂ ਵੱਲੋਂ ਇਸ ਖਰਚੇ ਨੂੰ ਘਟਾਉਣ ਦੀ ਬੇਨਤੀ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਇਹ ਮਾਮਲਾ ਪਹਿਲਾਂ ਵੀ ਗਮਾਡਾ ਕੋਲ ਚੁੱਕਿਆ ਗਿਆ ਸੀ। ਕੁਲਵੰਤ ਸਿੰਘ ਨੇ ਕਿਹਾ ਕਿ ਇਸ ਮੁੱਦੇ 'ਤੇ ਵਿਚਾਰ ਕਰਨ ਤੋਂ ਬਾਅਦ ਹੁਣ ਗਮਾਡਾ ਨੇ ਇਨਹਾਸਮੈਂਟ ਖਰਚੇ ਨੂੰ 839 ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਘਟਾਉਣ ਦਾ ਵਿਚਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਮਨਜ਼ੂਰੀ ਮਿਲਣ ਤੋਂ ਬਾਅਦ ਇਹ ਸੈਕਟਰ 76-80 ਦੇ ਅਲਾਟੀਆਂ ਲਈ ਵੱਡੀ ਰਾਹਤ ਹੋਵੇਗੀ। ਉਨ੍ਹਾਂ ਸੈਕਟਰ 76 ਤੋਂ 80 ਤੱਕ ਦੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਹ ਰਾਸ਼ੀ ਉਹ ਜਲਦ ਤੋਂ ਜਲਦ ਜਮ੍ਹਾਂ ਕਰਵਾਉਣ ਤਾਂ ਕਿ ਲੱਗਣ ਵਾਲੇ ਵਿਆਜ ਤੋਂ ਬਚਿਆ ਜਾ ਸਕੇ।



## ਜੋੜ ਮੇਲਾ 26 ਤੇ 27 ਨੂੰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਦਰਬਾਰ ਬਾਬਾ ਭੋਲਾ ਪੀਰ ਨਵਾਂ ਪਿੰਡ ਅਰਾਈਆ, ਸੌਂਕੀਆ, ਤਹਿਸੀਲ ਨਕੋਦਰ ਵਿਖੇ ਜੋੜ ਮੇਲਾ 26 -27 ਜੂਨ ਨੂੰ ਗੱਦੀ ਨਸ਼ੀਨ ਸਾਈਂ ਮੰਗੇ ਸ਼ਾਹ ਦੀ ਰਹਿਨੁਮਾਈ ਹੇਠ ਮਨਾਇਆ ਜਾ ਰਿਹਾ ਹੈ। ਦੋ ਦਿਨਾਂ ਇਸ ਮੇਲੇ ਦੌਰਾਨ ਪੰਜਾਬ ਦੇ ਨਾਮਵਰ ਕਲਾਕਾਰ ਹਾਜਰੀ ਭਰਨਗੇ ।26 ਜੂਨ ਰਾਤ ਨੂੰ ਸ਼ੌਕਤ ਅਲੀ ਦੀਵਾਨਾ ਅਤੇ ਸ਼ਾਹ ਜੀ ਮਹਿਫਲ ਲਗਾਉਣਗੇ ।27 ਜੂਨ ਨੂੰ ਸਰਦਾਰ ਅਲੀ,ਦੀਪਕ ਹੰਸ, ਫਿਲਮੀ ਸਿਤਾਰੇ ਨਿਸਾ ਬਾਨੋ ਸਮੀਰ ਮਾਹੀਂ,ਇਲਾਹੀ ਸੋਹਲ ਪੱਤਰਕਾਰ ਸੁਖਵਿੰਦਰ ਸੋਹਲ ਦੀ ਬੇਟੀ,ਅਲੈਕਸ ਕੋਟੀ ਸਾਬਰ ਕੋਟੀ ਦਾ ਬੇਟਾ,ਹੈਰੀ ਸਿੰਘ, ਆਪਣੀ ਕਲਾ ਨਾਲ ਮੇਲੇ ਵਿੱਚ ਰੰਗ ਬੰਨਣਗੇ। 27 ਰਾਤ ਨੂੰ ਨਕਾਲ ਪਾਰਟੀ ਨਕਲਾਂ ਪੇਸ਼ ਕਰੇਗੀ। ਇਸ ਮੌਕੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਜਾਣਗੀਆਂ ਅਤੇ ਬਾਬਾ ਜੀ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਦਰਬਾਰ ਬਾਬਾ ਭੋਲਾ ਪੀਰ ਦਾ ਸਾਲਾਨਾ ਮੇਲਾ ਸ਼ਰਧਾ ਭਾਵਨਾ ਨਾਲ ਮਨਾਇਆ

**ਬੰਗਾ (ਅਵਤਾਰ ਕਲੇਰ)**- ਦਰਬਾਰ ਬਾਬਾ ਭੋਲਾ ਪੀਰ ਜੀ ਬੁਰਜ ਕੰਧਾਰੀ ਵਿਖੇ ਸਲਾਨਾ ਮੇਲਾ ਗੱਦੀਨਸ਼ੀਨ ਸਾਈਂ ਸਿਕੰਦਰ ਸ਼ਾਹ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਬਲਜੀਤ ਜੱਸੀ, ਬੀ ਅਟਵਾਲ, ਜਸਵੀਰ ਕੌਰ, ਲੱਕੀ ਬੌਸ, ਅਜੇ ਭੱਟੀ, ਚੰਨੀ ਕਨਵਰ ਤੋਂ ਇਲਾਵਾ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਮੇਲੇ ਵਿੱਚ ਵਿਸ਼ੇਸ਼ ਤੌਰ 'ਤੇ ਜਲੰਧਰ ਤੋਂ ਨਰਿੰਦਰ ਥਾਪਰ ਪ੍ਰਧਾਨ ਸ਼ਿਵ ਸੈਨਾ ਸਮਾਜਵਾਦੀ ਦਰਬਾਰ 'ਤੇ ਨਤਮਸਤਕ ਹੋਏ। ਬਾਬਾ ਸਿਕੰਦਰ ਸ਼ਾਹ, ਮਲਕੀਤ ਸਿੰਘ ਅਟਵਾਲ, ਬੀਬੀ ਸੁਨੀਤਾ ਪੰਚ ਬੁਰਜ ਕੰਧਾਰੀ ਵਲੋਂ ਪਹੁੰਚੇ ਹੋਏ ਮਹਿਮਾਨਾਂ, ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ।ਸਟੇਜ ਸਕੱਤਰ ਦੀ ਕਾਰਵਾਈ ਕਮਲ ਮਾਂਗਟ ਅਤੇ ਅਵਤਾਰ ਕਲੇਰ ਨੇ ਬਾਖੂਬੀ ਨਿਭਾਈ।



# ਨੂਰਪੁਰ ਜੱਟਾਂ 'ਚ ਡਾ. ਅੰਬੇਡਕਰ ਬੁੱਤ ਦਾ ਅਪਮਾਨ ਸਰਕਾਰ ਦੀ ਨਲਾਇਕੀ ਦਾ ਪ੍ਰਮਾਣ : ਕਰੀਮਪੁਰੀ

**ਹੁਸ਼ਿਆਰਪੁਰ (ਓ ਪੀ ਰਾਣਾ)** ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵਲੋਂ ਭਾਰਤੀ ਸੰਵਿਧਾਨ ਨਿਰਮਾਤਾ, ਭਾਰਤ ਰਤਨ , ਕਰੋੜਾਂ ਲੋਕਾਂ ਦੇ ਮਸੀਹਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤਾਂ ਦੇ ਲਗਾਤਾਰ ਹੋ ਰਹੇ ਅਪਮਾਨ ਨੂੰ ਰੋਕਣ ਵਿੱਚ ਅਸਫਲ ਰਹਿਣਾ ਅਤੇ ਬੁੱਤਾਂ ਤੇ ਸਰਕਾਰੀ ਸੁਰੱਖਿਆ ਦਾ ਪ੍ਰਬੰਧ ਨਾ ਕਰ ਸਕਣਾ ਡਾ. ਅੰਬੇਡਕਰ ਪ੍ਰਤੀ ਨਫਰਤ ਦੀ ਸੋਚ ਦਾ ਪ੍ਰਗਟਾਵਾ ਕਰਦਾ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੇ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ ਪਿੰਡ ਨੂਰਪੁਰ ਜੱਟਾਂ ਵਿੱਚ ਹੋਈ ਘਟਨਾ ਦੀ ਸਖਤ ਨਿੰਦਿਆ ਕਰਦਿਆਂ ਨਿਰੋਲ ਰੂਪ 'ਚ ਪੰਜਾਬ ਸਰਕਾਰ ਨੂੰ ਇਸ ਲਈ ਜ਼ਿੰਮੇਵਾਰ ਮੰਨਿਆ ਗਿਆ। ਡਾ. ਕਰੀਮਪੁਰੀ ਨੇ ਕਿਹਾ ਕਿ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਪਾਰਲੀਮੈਂਟ ਅੰਦਰ ਡਾ. ਅੰਬੇਡਕਰ ਪ੍ਰਤੀ ਕੀਤੀਆਂ ਬੇਹੂਦਾ ਤੇ ਗੈਰ ਜ਼ਿੰਮੇਵਰਾਨਾ ਟਿੱਪਣੀਆਂ ਤੋਂ ਬਾਅਦ ਅਜਿਹੀ ਗਰਾਊਂਡ ਤਿਆਰ ਕੀਤੀ ਗਈ ਕਿ ਪਹਿਲੀ ਘਟਨਾ ਅੰਮ੍ਰਿਤਸਰ ਵਿਖੇ ਹੋਈ ਜਿਸ ਤੋਂ ਸਰਕਾਰ ਨੇ ਕੋਈ ਸਬਕ ਨਹੀਂ ਸਿੱਖਿਆ। ਬਹੁਜਨ ਸਮਾਜ ਪਾਰਟੀ ਸਰਕਾਰ ਤੋਂ ਮੰਗ ਕਰਦੀ ਆ ਰਹੀ ਹੈ ਕਿ ਜਿਥੇ ਵੀ ਡਾ. ਅੰਬੇਡਕਰ ਦੇ ਬੁੱਤ ਹਨ ਸਰਕਾਰ ਉਨਾਂ ਦੀ ਸੁਰੱਖਿਆ ਯਕੀਨੀ ਬਣਾਏ। ਇਕ ਸਵਾਲ ਦੇ ਜਬਾਬ ਵਿੱਚ ਕਰੀਮਪੁਰੀ ਨੇ ਕਿਹਾ ਕਿ ਜੇਕਰ ਪੰਜਾਬ ਦੇ ਮੁੱਖ ਮੰਤਰੀ ਅਤੇ ਉਸਦੇ ਪਰਵਾਰ ਦੀ ਸੁਰੱਖਿਆ ਲਈ ਹਜ਼ਾਰਾਂ ਕਰਮਚਾਰੀ ਤੈਨਾਤ ਕੀਤੇ ਜਾ ਸਕਦੇ ਹਨ ਤਾਂ ਕ੍ਰੋੜਾਂ ਲੋਕਾਂ ਦੀਆਂ ਤਕਦੀਰਾਂ ਬਦਲਣ ਵਾਲੇ ਸੰਵਿਧਾਨ ਨਿਰਮਾਤਾ ਦੇ ਬੁੱਤ ਅਸੁਰੱਖਿਅਤ ਕਿਉਂ ਹਨ ? ਕਰੀਮਪੁਰੀ ਨੇ ਸਖਤ ਸ਼ਬਦਾਂ ਵਿਚ ਸ਼ਾਸਨ ਅਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਅਗਰ ਇੱਕ ਹਫਤੇ ਚ ਦੋਸ਼ੀ ਫੜ ਕੇ ਕਾਨੂੰਨ ਅਨੁਸਾਰ ਉਹਨਾਂ ਵਿਰੁੱਧ ਕਾਰਵਾਈ ਨਾ ਕੀਤੀ ਗਈ ਤਾਂ ਬਹੁਜਨ ਸਮਾਜ ਪਾਰਟੀ ਗੜ੍ਹਸ਼ੰਕਰ ਦੇ ਵਿੱਚ ਸਰਕਾਰ ਦੇ ਰਵਈਏ ਦੇ ਵਿਰੁੱਧ ਧਰਨਾ ਪ੍ਰਦਰਸ਼ਨ ਕਰੇਗੀ। ਇਸ ਮੌਕੇ ਬਸਪਾ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ,ਚੱਬੇਵਾਲ ਦੀ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿੱਚ ਵਰਕਰ ਸਮਰਥਕ ਮੌਜੂਦ ਸਨ।



# ਲੋਕਾਂ 'ਚ ਕਾਂਗਰਸ ਪਾਰਟੀ ਪ੍ਰਤੀ ਵਿਸ਼ਵਾਸ ਵਧਿਆ : ਮੰਗੂਪੁਰ



**ਬਲਾਚੌਰ (ਜਸਵਿੰਦਰ ਬੈਂਸ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਲੋਕਾਂ ਵਿੱਚ ਕਾਂਗਰਸ ਪਾਰਟੀ ਪ੍ਰਤੀ ਵਿਸ਼ਵਾਸ ਵਧਿਆ ਹੈ। ਇਹ ਪ੍ਰਗਟਾਵਾ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਵੱਲੋਂ ਪੱਤਰਕਾਰ ਭਾਈਚਾਰੇ ਨਾਲ ਕੀਤਾ ਗਿਆ। ਬੀਤੇ ਦਿਨੀ ਜ਼ਿਲ੍ਹਾ ਕਾਂਗਰਸ ਕਮੇਟੀ ਸ.ਭ.ਸ. ਨਗਰ ਦੀ ਮਹੀਨਾਵਾਰ ਮੀਟਿੰਗ ਕਾਂਗਰਸ ਪਾਰਟੀ ਦਫਤਰ ਵਿਖੇ ਕੀਤੀ ਗਈ। ਜਿਸ ਦੀ ਅਗਵਾਈ ਅਜੇ ਮੰਗੂਪੁਰ ਵੱਲੋਂ ਕੀਤੀ ਗਈ। ਇਸ ਮੀਟਿੰਗ ਵਿੱਚ ਜ਼ਿਲ੍ਹੇ ਦੇ ਸਾਰੇ ਹੀ ਵਿੰਗਾਂ ਦੇ ਜ਼ਿਲ੍ਹਾ ਪ੍ਰਧਾਨਾਂ ਅਤੇ ਕਮੇਟੀ ਮੈਂਬਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਉਨ੍ਹਾਂ ਕਿਹਾ ਕਿ ਕਮੇਟੀ ਮੈਂਬਰਾਂ ਨੇ ਲੋਕਾਂ ਤੱਕ ਪਹੁੰਚ ਕਰ ਜੋ ਕਾਂਗਰਸ ਪਾਰਟੀ ਪ੍ਰਤੀ ਜਾਗਰੂਕਤਾ ਲਿਆਉਣ ਲਈ ਯਤਨ ਕੀਤੇ ਹਨ ਉਨ੍ਹਾਂ ਦਾ ਅਸਰ ਵਿੱਚ ਸਾਫ ਝਲਕ ਰਿਹੈ। ਬੂਥ ਕਮੇਟੀਆਂ, ਮੰਡਲ ਕਮੇਟੀਆਂ ਦੀ ਅਹਿਮਿਅਤ 'ਤੇ ਜੋਰ ਪਾਉਂਦਿਆਂ ਉਨ੍ਹਾਂ ਸਮੂਹ ਕਮੇਟੀ ਮੈਂਬਰਾਂ ਨੂੰ ਅਹੁਦੇ ਮੁਤਾਬਿਕ ਜ਼ਿੰਮੇਵਾਰੀਆਂ ਦਿੱਤੀਆਂ। ਇਸ ਮੌਕੇ ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਪੰਚਾਇਤੀ ਰਾਜ ਸੰਗਠਨ, ਉਪਕਾਰ ਸਿੰਘ ਜ਼ਿਲ੍ਹਾ ਪ੍ਰਧਾਨ ਐੱਸ.ਸੀ. ਵਿੰਗ, ਅਮਰੀਕ ਸਿੰਘ ਜਿਲ੍ਹਾ ਪ੍ਰਧਾਨ ਓ.ਬੀ.ਸੀ. ਵਿੰਗ, ਕਮਲਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਸੈੱਲ, ਗੁਰਵਿੰਦਰ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਯੂਥ ਵਿੰਗ, ਰਾਜ ਕੁਮਾਰ ਜ਼ਿਲ੍ਹਾ ਪ੍ਰਧਾਨ ਸੇਵਾ ਦੱਲ, ਧਰਮਪਾਲ ਚੇਅਰਮੈਨ ਬਲਾਕ ਸੰਮਤੀ ਬਲਾਚੌਰ, ਕੁਲਵਰਨ ਸਿੰਘ ਬਲਾਕ ਪ੍ਰਧਾਨ ਬੰਗਾ, ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਸਰਬਜੀਤ ਸਿੰਘ ਬਲਾਕ ਪ੍ਰਧਾਨ ਨਵਾਂਸਹਿਰ ਪੇਂਡੂ, ਕੁਲਦੀਪ ਸਿੰਘ ਬਲਾਕ ਪ੍ਰਧਾਨ ਕਿਸਾਨ ਵਿੰਗ, ਮਲਕੀਤ ਸਿੰਘ ਧੌਲ ਮੈਂਬਰ ਬੀ.ਸੀ.ਸੀ., ਸਤਨਾਮ ਚੌਧਰੀ ਬਰੇਤਾ, ਮੋਨੂੰ ਮਾਣੇਵਾਲ, ਪਰਮਜੀਤ ਸਿੰਘ ਭਰਥਲਾ, ਤੇਜਵੀਰ ਚੌਧਰੀ ਆਦਿ ਕਾਂਗਰਸੀ ਵਰਕਰ ਹਾਜਰ ਸਨ।

# ਐਡਵੋਕੇਟ ਸ਼ੁਗਲੀ ਦੇ ਤੁਰ ਜਾਣ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ : ਚਾਹਲ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਪਿਛਲੇ ਦਿਨੀਂ ਨਵਾਂ ਜ਼ਮਾਨਾ ਦੀ ਸੰਚਾਲਨ ਸੰਸਥਾ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ ਦੇ ਸਕੱਤਰ ਅਤੇ ਰੋਜ਼ਾਨਾ ਨਵਾਂ ਜ਼ਮਾਨਾ ਦੇ ਪ੍ਰਿੰਟਰ ਅਤੇ ਪਬਲਿਸ਼ਰ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੇ ਅਚਾਨਕ ਤੁਰ ਜਾਣ 'ਤੇ ਉਨ੍ਹਾਂ ਨੂੰ ਯਾਦ ਕਰਦਿਆਂ ਪਿੰਡ ਸੰਘਵਾਲ ਦੇ ਸਾਬਕਾ ਸਰਪੰਚ ਗੁਰਦੀਪ ਸਿੰਘ ਚਾਹਲ ਤੇ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੇ ਕੁੜਮ ਤੇ ਸਿਆਸੀ ਮਿੱਤਰ ਦੇ ਗ੍ਰਹਿ ਵਿਖੇ ਉਹਨਾਂ ਨੂੰ ਯਾਦ ਕਰਦਿਆਂ ਇੱਕ ਸੋਗ ਸਭਾ ਆਯੋਜਿਤ ਕੀਤੀ ਗਈ। ਜਿਸ ਵਿੱਚ ਗੁਰਦੀਪ ਸਿੰਘ ਸੰਘਵਾਲ, ਸੇਵਾ ਮੁਕਤ ਪ੍ਰਿੰਸੀਪਲ ਡਾ. ਜਸਬੀਰ ਕੌਰ ਗਿੱਲ, ਡਾ. ਗੁਰਬੀਰ ਸਿੰਘ ਗਿੱਲ, ਡਾ. ਗੁਰਚੇਤਨ ਸਿੰਘ ਗਿੱਲ, ਦਾਤਾਰ ਸਿੰਘ ਕੈਨੇਡਾ, ਜਸਵੰਤ ਸਿੰਘ ਬਿੱਲਾ, ਜੋਰਾਵਰ ਸਿੰਘ, ਇੰਦਰਜੀਤ ਸਿੰਘ ( ਦੋਨੋਂ ਨੰਬਰਦਾਰ ), ਪਹਿਲਵਾਨ ਹਰਭਜਨ ਸਿੰਘ, ਹਰਮਨਦੀਪ ਸਿੰਘ ਕਿੰਮੀ, ਜਸਕਰਨ ਸਿੰਘ ਸ਼ਾਲੂ, ਮਨਿੰਦਰ ਸਿੰਘ ਮੱਪੀ, ਸਾਬਕਾ ਸਰਪੰਚ ਬਲਵੀਰ ਸਿੰਘ, ਡਾ. ਪ੍ਰਗਟ ਸਿੰਘ ਆਦਿ ਸ਼ਾਮਿਲ ਹੋਏ। ਇਸ ਮੌਕੇ ਸ਼ੁਗਲੀ ਦੀ ਮੌਤ 'ਤੇ ਦੁੱਖ ਸਾਂਝਾ ਕੀਤਾ ਗਿਆ ਅਤੇ ਸਾਬਕਾ ਸਰਪੰਚ ਗੁਰਦੀਪ ਸਿੰਘ ਸੰਘਵਾਲ ਕਿਹਾ ਕਿ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੇ ਤੁਰ ਜਾਣ ਨਾਲ ਜਿੱਥੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ, ਸਕੇ ਸੰਬੰਧੀਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਅਤੇ ਉਸ ਦੇ ਨਾਲ ਨਾਲ ਸਾਨੂੰ ਵੀ ਬਹੁਤ ਹੀ ਘਾਟਾ ਪਿਆ ਹੈ। ਸ਼ੁਗਲੀ ਇੱਕ ਨੇਕ ਦਿਲ ਅਤੇ ਮਿਲਣਸਾਰ ਸੁਭਾਅ ਦੇ ਮਾਲਕ ਸਨ।

# ਰੋਟੇਰੀਅਨ ਪ੍ਰਦੀਪ ਪ੍ਰਾਸ਼ਰ ਦਾ ਜਨਮ ਦਿਨ ਮਨਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਰੋਟਰੀ ਕਲੱਬ ਆਫ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਸਨੇਹ ਜੈਨ ਦੀ ਅਗਵਾਈ ਵਿੱਚ ਰੋਟਰੀ ਭਵਨ ਵਿਖੇ ਇੱਕ ਬੈਠਕ ਕੀਤੀ ਗਈ ਜਿਸ ਵਿੱਚ ਰੋਟਰੀ ਕਲੱਬ ਦੇ ਪੂਰਵ ਜ਼ਿਲ੍ਹਾ ਗਵਰਨਰ ਜੀ.ਐਸ. ਬਾਵਾ ਵਿਸ਼ੇਸ਼ ਰੂਪ ਵਿੱਚ ਸ਼ਾਮਿਲ ਹੋਏ। ਇਸ ਮੌਕੇ 'ਤੇ ਸਭ ਤੋਂ ਪਹਿਲਾ ਰਾਸ਼ਟਰੀ ਗੀਤ ਗਾਇਆ ਗਿਆ ਅਤੇ ਕਲੱਬ ਸਕੱਤਰ ਪ੍ਰਿ. ਟਿਮਾਟਨੀ ਆਹਲੂਵਾਲੀਆ ਨੇ ਕਲੱਬ ਵੱਲੋਂ ਕੀਤੇ ਹੋਏ ਪ੍ਰਾਜੈਕਟਾਂ ਦੀ ਜਾਣਕਾਰੀ ਦਿੱਤੀ ਅਤੇ ਉਹਨਾਂ ਨੇ ਦੱਸਿਆ ਕਿ ਕਲੱਬ ਆਉਣ ਵਾਲੇ ਸਮੇਂ ਵਿੱਚ ਇੱਕ ਬੂਟਾ ਮਾਂ ਦੇ ਨਾਮ 'ਤੇ ਪ੍ਰਧਾਨ ਮੰਤਰੀ ਦੇ ਨਾਅਰੇ ਦੇ ਅਨੁਸਾਰ ਹਰ ਰੋਟੇਰੀਅਨ ਆਪਣੇ ਜਨਮ ਦਿਵਸ ਅਤੇ ਵਰ੍ਹੇਗੰਢ 'ਤੇ ਲਗਾਵੇਗਾ ਅਤੇ ਇਸੇ ਦੌਰਾਨ ਰੋਟੇਰੀਅਨ ਨੇ ਪ੍ਰਦੀਪ ਪਰਾਸ਼ਰ ਨੇ ਗੌਤਮ ਭਗਵਾਨ ਪਰਸ਼ੂਰਾਮ ਪਾਰਕ ਵਿਖੇ ਹਰਬਲ ਬੂਟੇ ਲਗਾ ਦਿੱਤੇ ਹਨ ਅਤੇ ਕਲੱਬ ਵੱਲੋਂ ਬੈਠਕ ਵਿੱਚ ਜਨਮਦਿਨ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਾਰੇ ਮੈਂਬਰਾਂ ਵੱਲੋਂ ਕੇਕ ਕੱਟਿਆ ਗਿਆ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ ਗਈ ਅਤੇ ਚੰਗੀ ਸਿਹਤ ਦੀ ਕਾਮਨਾ ਕੀਤੀ ਗਈ।ਇਸ ਬੈਠਕ ਵਿੱਚ ਰੋਟਰੀ ਕਲੱਬ ਦੇ ਪ੍ਰਧਾਨ ਸਨੇਹ ਜੈਨ, ਸਕੱਤਰ ਟਿਮਾਟਨੀ ਆਹਲੂਵਾਲੀਆ, ਪੂਰਵ ਜ਼ਿਲ੍ਹਾ ਗਵਰਨਰ ਜੀ.ਐਸ. ਬਾਵਾ, ਜਸਵਿੰਦਰ ਬਾਵਾ, ਰਜਿੰਦਰ ਕੁਮਾਰ ਮੌਦਗਿਲ, ਯੋਗੇਸ਼ ਚੰਦਰ, ਰਵੀ ਜੈਨ, ਨੀਨਾ ਜੈਨ, ਅਸ਼ੋਕ ਜੈਨ, ਲੈਪੀ ਆਹਲੂਵਾਲੀਆ, ਪ੍ਰਦੀਪ ਪਰਾਸ਼ਰ, ਸੁਰਿੰਦਰ ਕੁਮਾਰ, ਸੰਜੀਵ ਕੁਮਾਰ, ਹੀਨਾ ਸੈਣੀ, ਓਮ ਕਾਂਤਾ, ਚੰਦਨ ਸਰੀਨ ਆਦਿ ਹਾਜ਼ਰ ਸਨ।



# ਜਸਪ੍ਰੀਤ ਕੌਰ ਸੰਘਾ ਦੀ ਸਟੇਟ ਐਵਾਰਡ ਲਈ ਹੋਈ ਚੋਣ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਸਬਰ ਦਾ ਪੱਲਾ ਫੜ ਜਦੋਂ ਇਨਸਾਨ ਸੰਘਰਸ਼ਾਂ ਦੇ ਰਾਹ 'ਤੇ ਚੱਲਦਾ ਹੈ ਤਾਂ ਉਸਨੂੰ ਉਸਦੀ ਮੰਜ਼ਿਲ ਇੱਕ ਨਾ ਇੱਕ ਦਿਨ ਜ਼ਰੂਰ ਮਿਲਦੀ ਹੈ। ਸਬਰ ਤੇ ਮਿਹਨਤ ਦਾ ਸੁਮੇਲ ਹੈ ਲੇਖਿਕਾ ਜਸਪ੍ਰੀਤ ਕੌਰ ਸੰਘਾ ਜਿਸਨੇ ਛੋਟੀ ਜਿਹੀ ਉਮਰ ਵਿੱਚ ਹੀ ਆਪਣੀ ਮਿਹਨਤ ਤੇ ਸਿਆਣਪ ਸਦਕਾ ਪੰਜਾਬੀ ਸਾਹਿਤ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਆਪਣੀ ਕਲਮ ਰਾਹੀਂ ਲੰਬੇ ਸਮੇਂ ਤੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੀ ਇਸ ਧੀ ਨੂੰ ਭਾਰਤ ਸਰਕਾਰ ਵਲੋਂ ਪ੍ਰਮਾਣਿਤ ਇੰਡਿਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਸਾਹਿਤਕ ਖੇਤਰ ਵਿੱਚ ਪਾਏ ਉਸਦੇ ਯੋਗਦਾਨ ਲਈ ਸਟੇਟ ਐਵਾਰਡ ਲਈ ਚੁਣਿਆ ਗਿਆ ਹੈ, ਜੋ ਕਿ ਪੂਰੇ ਹੁਸ਼ਿਆਰਪੁਰ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ। ਜਸਪ੍ਰੀਤ ਦੀਆਂ ਰਚਨਾਵਾਂ ਪੰਜਾਬ ਹੀ ਨਹੀਂ ਸਗੋਂ ਵਿਦੇਸ਼ਾਂ ਦੀਆਂ ਨਾਮਵਰ ਅਖ਼ਬਾਰਾਂ ਤੇ ਮੈਗਜ਼ੀਨਾਂ ਵਿੱਚ ਵੀ ਛਪਦੀਆਂ ਰਹਿੰਦੀਆਂ ਹਨ। ਜਸਪ੍ਰੀਤ ਆਪਣੀ ਕਲਮ ਰਾਹੀਂ ਨੌਜਵਾਨ ਪੀੜ੍ਹੀ ਨੂੰ ਆਪਣੇ ਪੁਰਾਣੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਸਮਾਜਿਕ ਕੁਰੀਤੀਆਂ ਦੇ ਵਿਰੁੱਧ ਜਸਪ੍ਰੀਤ ਦੀ ਕਲਮ ਹਮੇਸ਼ਾ ਬੁਲੰਦ ਰਹੀ ਹੈ।ਜਸਪ੍ਰੀਤ ਇਸ ਸਮੇਂ 'ਹੱਕ ਸੱਚ ਦੀ ਆਵਾਜ਼' ਪੰਜਾਬੀ ਮੈਗਜ਼ੀਨ (ਦੁਬਈ) ਦੀ ਸਰਪ੍ਰਸਤ ਵੀ ਹੈ, ਜਿੱਥੇ ਉਹ ਨਵੀਆਂ ਕਲਮਾਂ ਨੂੰ ਮੌਕਾ ਦੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਲਈ ਉਨ੍ਹਾਂ ਨੂੰ ਉਤਸ਼ਾਹਿਤ ਕਰ ਰਹੀ ਹੈ। ਜਸਪ੍ਰੀਤ ਕਰੋਨਾ ਕਾਲ ਦੌਰਾਨ ਲੋਕ ਨਾਇਕ ਐਵਾਰਡ, ਧੀ ਪੰਜਾਬ ਦੀ ਐਵਾਰਡ, ਚਮਕਦੇ ਸਿਤਾਰੇ ਐਵਾਰਡ ਨਾਲ ਸਨਮਾਨਿਤ ਹੋ ਚੁੱਕੀ ਹੈ। ਬਹੁਤ ਸਾਰੇ ਖੇਡ ਮੇਲਿਆਂ ਤੇ ਸਾਹਿਤਕ ਸਭਾਵਾਂ ਵੱਲੋਂ ਵੀ ਜਸਪ੍ਰੀਤ ਨੂੰ ਉਸਦੇ ਸਾਹਿਤਕ ਖੇਤਰ ਵਿੱਚ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਜਾ ਚੁੱਕਾ ਹੈ। ਜਸਪ੍ਰੀਤ ਸੰਘਾ ਨੇ ਸਟੇਟ ਐਵਾਰਡ ਚੋਣ ਲਈ ਇੰਡਿਕ ਆਰਟਸ ਵੈਲਫੇਅਰ ਕੌਂਸਲ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਆਖਿਆ ਕਿ ਇਹ ਐਵਾਰਡ ਸਾਹਿਤਕ ਖੇਤਰ ਵਿੱਚ ਉਸਦੀਆਂ ਜੜ੍ਹਾਂ ਨੂੰ ਹੋਰ ਮਜ਼ਬੂਤ ਕਰੇਗਾ ਤੇ ਹਮੇਸ਼ਾ ਅੱਗੇ ਵੱਧਣ ਲਈ ਪ੍ਰੇਰਿਤ ਕਰੇਗਾ।



# ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਨਵਾਂ ਗੁਰਦੁਆਰਾ ਸਾਹਿਬ ਪਿੰਡ ਪੱਟੀ ਵਿਖੇ ਸਥਾਨਿਕ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ ਗਿਆ । ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ। ਉਪਰੰਤ ਗੁਰੂ ਘਰ ਦੇ ਕੀਰਤਨੀਏ ਭਾਈ ਜਸਪ੍ਰੀਤ ਸਿੰਘ, ਭਾਈ ਰਾਜਾ ਸਿੰਘ ਖਾਲਸਾ, ਭਾਈ ਸੁਖਦੇਵ ਸਿੰਘ ਦੇ ਜਥਿਆਂ ਨੇ ਸੰਗਤਾਂ ਨੂੰ ਕਥਾ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕੀਤਾ ਅਤੇ ਪੰਜਵੇਂ ਪਾਤਸ਼ਾਹ ਸਾਹਿਬ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਗੌਰਵਮਈ ਇਤਿਹਾਸ ਨੂੰ ਸੰਗਤਾਂ ਨੂੰ ਸਰਵਣ ਕਰਵਾਇਆ ਅਤੇ ਗੁਰੂ ਸਾਹਿਬਾਨ ਵੱਲੋਂ ਗੁਰਬਾਣੀ ਵਿੱਚ ਦਰਸਾਏ ਸੇਵਾ ਸਿਮਰਨ ਅਤੇ ਸਰਬੱਤ ਦੇ ਭਲੇ ਦੇ ਮਾਰਗ 'ਤੇ ਚਲਣ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਲਈ ਕਿਹਾ। ਇਸ ਮੌਕੇ ਅਮਰਜੀਤ ਸਿੰਘ, ਸੁਰਿੰਦਰਪਾਲ ਸਿੰਘ, ਰਾਜਾ ਸਿੰਘ ਖਾਲਸਾ, ਬਲਵੀਰ ਸਿੰਘ ਜੇਈ , ਸਰਦਾਰਾ ਸਿੰਘ, ਅਮਰਜੀਤ ਸਿੰਘ ਗਿੱਲ, ਪਾਲਾ ਸਿੰਘ, ਦਲਵਿੰਦਰ ਸਿੰਘ, ਸੁਰਿੰਦਰਪਾਲ ਸਿੰਘ ਤੰਬੜ, ਵਿਜੈ ਸਿੰਘ, ਪਰਦੀਪ ਸਿੰਘ, ਦਿਲਬਾਗ ਸਿੰਘ, ਸੁੱਚਾ ਸਿੰਘ ਬੰਗਾ, ਚਨਪ੍ਰੀਤ ਸਿੰਘ , ਇਕਜੋਤਪਰੀਤ ਸਿੰਘ, ਜਤਿੰਦਰ ਕੁਮਾਰ, ਭੀਮਾ ਸਰਮਾ, ਗੁਰਚਰਨ ਸਿੰਘ ਧਨੋਲਾ, ਦੀਦਾਰ ਸਿੰਘ , ਜਗਜੀਤ ਸਿੰਘ ਬੰਗੜ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ ।

# ਵਿਦਿਆਰਥੀਆਂ ਉਪਰ ਲਾਠੀਚਾਰਜ ਦਾ ਦੇਸ਼ ਭਗਤ ਕਮੇਟੀ ਵੱਲੋਂ ਵਿਰੋਧ

**ਜਲੰਧਰ** : ਨਵੀਂ ਦਿੱਲੀ ਵਿਖੇ ਸਥਿਤ ਇਜ਼ਰਾਇਲੀ ਦੂਤਘਰ ਦੇ ਬਾਹਰ ਪੁਰ ਅਮਨ ਵਿਖਾਵਾ ਕਰਦੇ ਆਲ ਇੰਡੀਆ ਸਟੂਡੈਂਟ ਐਸੋਸੀਏਸ਼ਨ (ਆਇਸਾ) ਦੇ ਵਿਦਿਆਰਥੀਆਂ ਵੱਲੋਂ ਫਲਸਤੀਨੀ ਲੋਕਾਂ ਦੀ ਕਤਲੋਗਾਰਦ, ਭੁੱਖਮਰੀ ਦੇ ਪੰਜਿਆਂ ਵਿਚ ਤੜਫ਼ਕੇ ਮਰ ਰਹੇ ਬਾਲਾਂ ਲਈ ਖਾਧ ਅਤੇ ਹੋਰ ਰਾਹਤ ਸਮੱਗਰੀ ਉਪਰ ਮੁਕੰਮਲ ਰੋਕਾਂ ਮੜ੍ਹੇ ਜਾਣ ਦੇ ਵਿਰੁੱਧ ਅਤੇ ਗਾਜਾ ਵਿੱਚੋਂ ਇਸਰਾਇਲੀ ਫੌਜਾਂ ਬਾਹਰ ਕੱਢਣ ? ਫਲਸਤੀਨ ਨੂੰ ਆਜ਼ਾਦ ਕਰਨ ਦੀ ਮੰਗ ਕਰਦੇ ਹੋਏ ਵਿਦਿਆਰਥੀਆਂ ਉੱਪਰ ਅੱਜ ਭਾਜਪਾ ਦੀ ਮੋਦੀ ਹਕੂਮਤ ਵੱਲੋਂ ਅੰਨ੍ਹੇ ਵਾਹ ਲਾਠੀ ਚਾਰਜ ਕਰਨ ਪੁਲਿਸ ਵੱਲੋਂ ਸੜਕਾਂ ਉਪਰ ਵਿਦਿਆਰਥਣਾ ਅਤੇ ਵਿਦਿਆਰਥੀਆਂ ਨੂੰ ਘੜੀਸਣ , ਉਹਨਾਂ ਨੂੰ ਹਿਰਾਸਤ ਵਿੱਚ ਲੈ ਕੇ ਕਿਸੇ ਅਣ ਦੱਸੀ ਥਾਂ ਤੇ ਪੁਲਸ ਵਲੋਂ ਲਿਜਾਣ ਦੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਨਿੰਦਾ ਕੀਤੀ ਹੈ। ਜੇ .ਐਨ .ਯੂ ਦੀ ਵਿਦਿਆਰਥੀ ਯੂਨੀਅਨ ਦੇ ਆਗੂ ਨੇ ਇਹ ਜਾਣਕਾਰੀ ਦਿੰਦੇ ਹੋਏ ਅੱਜ ਪੂਰੇ ਦੇਸ਼ ਵਾਸੀਆਂ ਖਾਸ ਕਰਕੇ ਵਿਦਿਆਰਥੀਆਂ, ਯੂਨੀਵਰਸਿਟੀਆਂ ਦੇ ਅਧਿਆਪਕਾਂ,ਜਮਹੂਰੀ ਹੱਕਾਂ ਦੇ ਝੰਡਾ ਬਰਦਾਰਾਂ ਨੂੰ ਅਪੀਲ ਕੀਤੀ ਕਿ ਇਹ ਵਿਦਿਆਰਥੀਆਂ ਦੀ ਤੁਰੰਤ ਰਿਹਾਈ ਲਈ ਆਵਾਜ਼ ਬੁਲੰਦ ਕਰਨ। ਕਮੇਟੀ ਇਸ ਆਵਾਜ਼ ਸੰਗ ਆਵਾਜ਼ ਮਿਲਾਉਂਦੀ ਹੈ। ਇਉਂ ਹੀ ਹਿਸਾਰ (ਹਰਿਆਣਾ)ਦੀ ਐਗਰੀਕਲਚਰ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਹੱਕੀ ਆਵਾਜ਼ ਸੁਣਨ ਦੀ ਬਜਾਏ ਉਹਨਾਂ ਨਾਲ ਵਾਰਤਾਲਾਪ ਡੰਡਿਆਂ ਲਾਠੀਆਂ ਦੇ ਨਾਲ ਕੀਤੀ ਗਈ ਅਤੇ ਕਿੰਨੇ ਹੀ ਵਿਦਿਆਰਥੀਆਂ ਦੇ ਸਿਰ ਪਾੜ ਦਿੱਤੇ। ਲਹੂ ਲੁਹਾਣ ਵਿਦਿਆਰਥੀਆਂ ਨੂੰ ਪੁਲਿਸ ਫੜਕੇ ਲੈਣ ਗਈ। ਇਜ਼ਰਾਈਲੀ ਦੂਤਾਵਾਸ ਦੇ ਬਾਹਰ ਦਿੱਲੀ ਅਤੇ ਹਿਸਾਰ ਦੀ ਐਗਰੀਕਲਚਰ ਯੂਨੀਵਰਸਿਟੀ ਦੇ ਅੰਦਰ ਵਿਦਿਆਰਥੀਆਂ ਤੇ ਵਹਿਸ਼ੀ ਆਨਾ ਲਾਠੀਚਾਰਜ ਇਨਾ ਸਭਨਾਂ ਅਣਮਨੁੱਖੀ ਅਤੇ ਗੈਰ ਜਮਹੂਰੀ ਕਦਮਾਂ ਦਾ ਵਿਰੋਧ ਕਰਦੇ ਹੋਏ ਗਦਰੀ ਦੇਸ਼ ਭਗਤਾਂ ਦੀ ਵਿਰਾਸਤ ਨੂੰ ਬੁਲੰਦ ਕਰਦੀ ਆ ਰਹੀ ਦੇਸ਼ ਭਗਤ ਯਾਦਗਾਰ ਕਮੇਟੀ ਨੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਕਮੇਟੀ ਆਗੂਆਂ ਨੇ ਕਿਹਾ ਹੈ ਕਿ ਕੀ ਸਾਡੇ ਆਜ਼ਾਦੀ ਸੰਗਰਾਮੀਆਂ ਦੀਆਂ ਕੁਰਬਾਨੀਆਂ ਇਸ ਲਈ ਸੀ ਕਿ ਹੱਕ ਸੱਚ ਦੀ ਆਵਾਜ਼ ਉਠਾਉਣ ਤੇ ਇਉਂ ਅਣਮਨੁੱਖੀ ਵਰਤਾਅ ਕੀਤਾ ਜਾਏ। ਕਮੇਟੀ ਦਾ ਕਹਿਣਾ ਹੈ ਕਿ ਲਾਸ਼ ਏਂਜਲਸ (ਅਮਰੀਕਾ) ਤੋਂ ਲੈ ਕੇ ਦੁਨੀਆਂ ਭਰ ਅੰਦਰ ਸਾਮਰਾਜੀ ਕਾਰਪੋਰੇਟ ਘਰਾਣਿਆਂ ਦੇ ਸੰਕਟ ਗ੍ਰਸਤ ਹਾਲਾਤ ਖ਼ਿਲਾਫ਼ ਸੁਲਗਦਾ ਲਾਵਾ ਸੜਕਾਂ ਤੇ ਵਹਿ ਤੁਰਿਆ ਹੈ। ਕਮੇਟੀ ਨੇ ਆਪਣੇ ਦੂਰ ਅੰਦੇਸ਼ ਪੁਰਖਿਆਂ ਦੀ ਸੋਚ ਉਪਰ ਮਾਣ ਕਰਦਿਆਂ ਕਿਹਾ ਕਿ ਉਹਨਾਂ ਬਹੁਤ ਪਹਿਲਾਂ ਹੀ ਇਹ ਹਾਲਾਤ ਨੂੰ ਭਾਂਪ ਲਿਆ ਸੀ ਇਸ ਲਈ ਸਾਡੀ ਕਮੇਟੀ ਉਸ ਵਿਰਾਸਤ ਦੀ ਲੋਅ ਨੂੰ ਜਗਦੀ ਰੱਖਦਿਆਂ ਮੰਗ ਕਰਦੀ ਹੈ ਕਿ ਦਿੱਲੀ ਅਤੇ ਹਿਸਾਰ ਫੜੇ ਵਿਦਿਆਰਥੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਏ।

# ਡੇਰਾ ਸੱਚਖੰਡ ਬੱਲਾਂ ਵਿਖੇ ਸੰਤ ਸਰਵਣ ਦਾਸ ਦਾ 53ਵਾਂ ਬਰਸੀ ਸਮਾਗਮ ਸ਼ਰਧਾ ਸਹਿਤ ਮਨਾਇਆ

**ਕਿਸ਼ਨਗੜ੍ਹ, ਅਲਾਵਲਪੁਰ, (ਸੁਖਜੀਤ ਕੁਮਾਰ, ਮਦਨ ਬੰਗੜ)**- ਰਵਿਦਾਸੀਆ ਧਰਮ ਦੇ ਮਹਾਨ ਤੀਰਥ ਅਸਥਾਨ ਤੇ ਡੇਰਾ ਸੱਚਖੰਡ ਬੱਲਾਂ ਦੇ ਸੰਸਥਾਪਕ ਬ੍ਰਹਮਲੀਨ ਸੰਤ ਸਰਵਣ ਦਾਸ ਮਹਾਰਾਜ ਦਾ 53ਵਾਂ ਬਰਸੀ ਸਮਾਗਮ ਡੇਰੇ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਕਾਂਸ਼ੀ ਬਨਾਰਸ ਪਬਲਿਕ ਚੈਰੀਟੇਬਲ ਟਰੱਸਟ ਵਾਰਾਣਸੀ (ਯੂਪੀ) ਵਾਲਿਆਂ ਦੀ ਸਰਪ੍ਰਸਤੀ ਹੇਠ ਦੇਸ਼-ਵਿਦੇਸ਼ ਦੀਆਂ ਹਜ਼ਾਰਾਂ ਸ਼ਰਧਾਲੂ ਸੰਗਤਾਂ ਵੱਲੋਂ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ।ਇਸ ਮੌਕੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਦੇ ਲੜੀਵਾਰ ਪਾਵਨ ਜਾਪ ਕਰਵਾਏ ਗਏ। ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸਤਿਗੁਰੂ ਰਵਿਦਾਸ ਸਤਿਸੰਗ ਭਵਨ 'ਚ ਵਿਸ਼ਾਲ ਕੀਰਤਨ ਦੀਵਾਨ ਸਜਾਏ ਗਏ।ਇਸ ਮੌਕੇ ਵੱਖ-ਵੱਖ ਕੀਰਤਨੀ ਜਥਿਆਂ, ਮਿਸ਼ਨਰੀ ਗਾਇਕ ਕਲਾਕਾਰਾਂ ਵੱਲੋਂ ਸਤਿਗੁਰੂ ਰਵਿਦਾਸ ਜੀ ਦੀ ਜੀਵਨ ਮਹਿਮਾ ਦਾ ਗੁਣਗਾਨ ਕੀਤਾ ਅਤੇ ਦੇਸ਼ ਦੇ ਕੋਨੇ ਕੋਨੇ ਤੋਂ ਵੱਖ -ਵੱਖ ਡੇਰਿਆਂ ਤੋਂ ਆਏ ਸਤਿਗੁਰੂ ਰਵਿਦਾਸ ਮਹਾਰਾਜ ਦੇ ਜੀਵਨ ਮਿਸ਼ਨ ਪ੍ਰਸਾਰ ਨਾਲ ਜੁੜੇ ਸੰਤ ਮਹਾਂਪੁਰਸ਼ਾਂ ਵੱਲੋਂ ਬ੍ਰਹਮਲੀਨ ਸੰਤ ਸਰਬਣ ਦਾਸ ਮਹਾਰਾਜ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਇਸ ਮੌਕੇ ਸੰਤ ਨਿਰੰਜਨ ਦਾਸ ਮਹਾਰਾਜ ਨੇ ਬ੍ਰਹਮਲੀਨ ਸੰਤ ਸਰਵਣ ਦਾਸ ਮਹਾਰਾਜ ਜੀ ਨੂੰ ਸ਼ਰਧਾ ਦਾ ਫੁੱਲ ਭੇਂਟ ਕਰਦਿਆਂ ਆਖਿਆ ਕਿ ਆਪ ਜੀ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਮੰਦਰ ਸੀਰ ਗੋਵਰਧਨਪੁਰ ਕਾਂਸ਼ੀ ਬਨਾਰਸ ਦੀ ਖੋਜ ਤੇ ਉਸਾਰੀ ਕਾਰਜਾਂ ਦੇ ਨਾਲ ਸਤਿਗੁਰੂ ਰਵਿਦਾਸ ਮਿਸ਼ਨ ਮਿਸ਼ਨ ਪ੍ਰਚਾਰ ਪ੍ਰਸਾਰ ਤੇ ਮਾਨਵਤਾ ਭਲਾਈ ਹਿੱਤ ਕੀਤੇ ਮਹਾਨ ਪੁਰਸਾਰਥਾਂ ਲਈ ਆਪ ਰਹਿੰਦੀ ਦੁਨੀਆ ਤੱਕ ਯਾਦ ਕੀਤੇ ਜਾਣਗੇ। ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਅਤੇ ਸੰਤ ਸਰਵਣ ਦਾਸ ਮਹਾਰਾਜ ਵੱਲੋਂ ਦਿੱਤੇ ਉਪਦੇਸ਼ ਪ੍ਰਭੂ ਭਗਤੀ, ਮਾਨਵ ਏਕਤਾ, ਸਮਾਨਤਾ, ਵਿਸ਼ਵ ਭਾਈਚਾਰਾ, ਸੰਤਾਂ ਦੀ ਸੰਗਤ, ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਵਿੱਦਿਆ ਪੜ੍ਹਾਉਣ ਅਤੇ ਹਰ ਕਿਸਮ ਦੇ ਨਸ਼ਿਆਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ।ਇਸ ਮੌਕੇ ਸੰਤ ਪ੍ਰਦੀਪ ਦਾਸ ਢੇਪੁਰ- ਕੂਪੁਰ, ਸੰਤ ਕ੍ਰਿਸ਼ਨ ਨਾਥ ਚਹੇੜੂ ਵਾਲੇ, ਸੰਤ ਲੇਖ ਰਾਜ ਨੂਰਪੁਰ, ਸੰਤ ਅਚਾਰੀਆ ਗੰਧਾਰੀ ਸੁਕਰਤਾਲ ਵਾਲੇ , ਸੰਤ ਸੱਤਪਾਲ ਚਾਹੜਵਾਲਾ, ਸੰਤ ਲੇਖਰਾਜ ਨੂਰਪੁਰ, ਸੰਤ ਬੀਬੀ ਰੋਸ਼ਨੀ ਜੀ, ਸੰਤ ਅਸ਼ੋਕ ਚੱਕਰਵਰਤੀ ਸੰਤੋਖਪੁਰਾ ਜਲੰਧਰ, ਸੰਤ ਗੁਰਮੁੱਖ ਦਾਸ ਮਿੱਠਾ ਟਿਵਾਣਾ ਹੁਸ਼ਿਆਰਪੁਰ, ਸੰਤ ਸੇਵਾ ਦਾਸ ਨਰਾਇਣਗੜ੍ਹ ਅੰਬਾਲਾ, ਆਦਿ ਸੰਤ ਮਹਾਂਪੁਰਸ਼ਾਂ ਤੋਂ ਇਲਾਵਾ ਸਾਬਕਾ ਕੈਬਨਿਟ ਮੰਤਰੀ ਸ਼ਮਸ਼ੇਰ ਸਿੰਘ ਦੂਲੋਂ, ਡਾ. ਅਵਤਾਰ ਸਿੰਘ ਕਰੀਮਪੁਰੀ ਸੂਬਾ ਪ੍ਰਧਾਨ ਬਸਪਾ, ਸਾਬਕਾ ਮੈਂਬਰ ਪਾਰਲੀਮੈਂਟ ਤੇ ਭਾਜਪਾ ਆਗੂ ਸੁਸ਼ੀਲ ਕੁਮਾਰ ਰਿੰਕੂ, ਸੀਨੀ.ਕਾਂਗਰਸ ਆਗੂ ਸੇਵਾ ਮੁਕਤ ਐਸ ਐਸ ਪੀ ਰਜਿੰਦਰ ਸਿੰਘ, ਸਾਬਕਾ ਵਿਧਾਇਕ ਕੇ.ਡੀ. ਭੰਡਾਰੀ ਐਡਵੋਕੇਟ ਬਲਵਿੰਦਰ ਕੁਮਾਰ, ਬਸਪਾ ਜਨਰਲ ਸਕੱਤਰ ਪੰਜਾਬ, ਤਹਿਸੀਲਦਾਰ ਵਿਜੇ ਕੁਮਾਰ ਅਹੀਰ, ਗੁਰਪ੍ਰੀਤ ਸਿੰਘ ਸੋਨੂੰ ਢੇਸੀ ਕੋਆਰਡੀਨੇਟਰ ਹਲਕਾ ਕਰਤਾਰਪੁਰ, ਇੰਜੀ.ਜਸਵੰਤ ਰਾਏ ਸਕੱਤਰ ਬਸਪਾ ਪੰਜਾਬ, ਸੇਠ ਸੱਤਪਾਲ ਮੱਲ ਬੂਟਾਂ ਮੰਡੀ, ਸਰਪੰਚ ਪ੍ਰਦੀਪ ਕੁਮਾਰ ਦੀਪਾ ਬੱਲਾਂ, ਬਲਾਕ ਪ੍ਰਧਾਨ ਅਮਰਜੀਤ ਸਿੰਘ ਕੰਗ, ਸਾਬਕਾ ਸਰਪੰਚ ਰਾਜੇਸ਼ ਕੁਮਾਰ ਮਾਡਾਰ ਆਦਿ ਵੱਲੋਂ ਬ੍ਰਹਮਲੀਨ ਸੰਤ ਸਰਵਣ ਦਾਸ ਮਹਾਰਾਜ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਸੇਵਾਦਾਰ ਹਰਦੇਵ ਦਾਸ, ਸੇਵਾਦਾਰ ਵਰਿੰਦਰ ਦਾਸ ਬੱਬੂ, ਸੇਵਾਦਾਰ ਦਵਿੰਦਰ ਦਾਸ, ਸੇਵਾਦਾਰ ਕੈਲਾਸ ਚੰਦਰ, ਸੇਵਾਦਾਰ ਕਰਮ ਚੰਦ , ਮੈਨੇਜਰ ਧਰਮ ਪਾਲ, ਡਾ. ਬਲਵੀਰ ਮੰਨਣ, ਉੱਘੇ ਸਮਾਜ ਸੇਵੀ ਸਵਰਨ ਦਾਸ ਬਿਰਦੀ ਯੂ ਕੇ, ਮਹਿੰਦਰ ਕੁਮਾਰ ਸੇਵਾਮੁਕਤ ਕਨੂੰਨਗੋ, ਲੈਕਚਰਾਰ ਸੁਰਜੀਤ ਸਿੰਘ ਜੱਸਲ, ਸੇਵਾਮੁਕਤ ਕਾਨੂੰਨਗੋ ਸਾਲਗ ਰਾਮ ਸਰੋਆ ਹਾਜ਼ਰ ਸਨ। ਇਸ ਮੌਕੇ ਸੰਤ ਨਿਰੰਜਨ ਦਾਸ ਮਹਾਰਾਜ ਵੱਲੋਂ ਵਾਤਾਵਰਣ ਦੀ ਸਾਂਭ ਸੰਭਾਲ ਸਬੰਧੀ ਆਈਆਂ ਸੰਗਤਾਂ ਨੂੰ ਵੱਖ-ਵੱਖ ਪ੍ਰਕਾਰ ਦੇ ਫਲਦਾਰ ਬੂਟੇ ਭੇਟ ਵੀ ਕੀਤੇ ਗਏ। ਮੰਚ ਸੰਚਾਲਨ ਦੀਆਂ ਸੇਵਾਵਾਂ ਗਿਆਨੀ ਕੁਲਵੰਤ ਸਿੰਘ ਕਜਲਾ ਵੱਲੋਂ ਬਾਖੂਬੀ ਨਿਵਾਈਆਂ।



## 22ਵੀਂ ਪੰਜਾਬ ਸਟੇਟ ਕਿੱਕ ਬਾਕਸਿੰਗ ਚੈਂਪੀਅਨਸ਼ਿਪ 'ਚ ਲਹਿਰਾਏ ਝੰਡੇ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਾਨਸਾ 'ਚ 7 ਤੋਂ 9 ਜੂਨ ਤੱਕ ਚੱਲੀ 22ਵੀਂ ਪੰਜਾਬ ਸਟੇਟ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਫ਼ਿਰੋਜ਼ਪੁਰ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 7 ਮੈਡਲ ਜਿੱਤੇ। ਫ਼ਿਰੋਜ਼ਪੁਰ ਦੇ 18 ਖਿਡਾਰੀਆਂ ਨੇ ਇਸ ਮੁਕਾਬਲੇ ਵਿਚ ਹਿੱਸਾ ਲਿਆ, ਜਿਸ ਵਿੱਚ ਮਨਮੀਤ ਕੌਰ (50 ਕਿਲੋਗ੍ਰਾਮ), ਇਆਰਾਜ (60 ਕਿਲੋਗ੍ਰਾਮ) ਤੇ ਨਾਜ਼ਿਆ ਕੰਬੋਜ (70 ਕਿਲੋਗ੍ਰਾਮ) ਨੇ ਗੋਲਡ ਮੈਡਲ ਜਿੱਤੇ। ਲਵਪ੍ਰੀਤ ਸਿੰਘ (55 ਕਿਲੋਗ੍ਰਾਮ) ਅਤੇ ਸ਼ਿਵ ਕੁਮਾਰ (60 ਕਿਲੋਗ੍ਰਾਮ) ਨੇ ਬ੍ਰਾਊਂਜ਼ ਮੈਡਲ, ਜਦਕਿ ਸੁਖਵੀਰ ਸਿੰਘ (84 ਕਿਲੋਗ੍ਰਾਮ) ਤੇ ਨਿਖਲ ਨੇ ਸਿਲਵਰ ਮੈਡਲ ਜਿੱਤੇ। ਖਿਡਾਰੀਆਂ ਦੇ ਫ਼ਿਰੋਜ਼ਪੁਰ ਪਹੁੰਚਣ 'ਤੇ ਜ਼ਿਲ੍ਹਾ ਖੇਡ ਅਫ਼ਸਰ ਰੁਪਿੰਦਰ ਸਿੰਘ, ਜ਼ਿਲ੍ਹਾ ਕਿੱਕ ਬਾਕਸਿੰਗ ਐਸੋਸੀਏਸ਼ਨ ਦੇ ਪ੍ਰਧਾਨ ਸੁਨੀਲ ਕੁਮਾਰ ਤੇ ਹੋਰ ਅਧਿਕਾਰੀਆਂ ਨੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਸਫ਼ਲਤਾ ਨਾਲ ਫ਼ਿਰੋਜ਼ਪੁਰ ਨੇ ਪੰਜਾਬ ਵਿੱਚ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ।

## ਡਿਪਟੀ ਕਮਿਸ਼ਨਰ ਦੀ ਪਿੰਡਾਂ ਦੇ ਸਰਪੰਚਾਂ, ਬੀ ਡੀ ਪੀ ਓਜ਼, ਪੇਡਾ ਦੇ ਅਧਿਕਾਰੀਆਂ ਨਾਲ ਰੀਵਿਊ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੀ.ਐਮ. ਸੂਰਯਾ ਘਰ ਮੁਫਤ ਬਿਜਲੀ ਯੋਜਨਾ ਅਧੀਨ ਮੋਗਾ ਜ਼ਿਲ੍ਹੇ ਦੇ ਅੱਠ ਪਿੰਡ ਚੁਣੇ ਗਏ ਹਨ, ਜਿਨ੍ਹਾਂ ਦੀ ਆਬਾਦੀ 5 ਹਜ਼ਾਰ ਤੋਂ ਉਪਰ ਹੈ। ਇਨ੍ਹਾਂ ਪਿੰਡਾਂ ਵਿੱਚ ਸੋਲਰ ਮੁਕਾਬਲੇ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਨੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ, ਬੀ.ਡੀ. ਓਜ਼, ਡੀ.ਐਮ. ਪੇਡਾ ਦਿਲਪ੍ਰੀਤ ਸਿੰਘ ਤੋਂ ਪੀ.ਐਮ. ਸੂਰਯਾ ਘਰ ਮੁਫਤ ਬਿਜਲੀ ਯੋਜਨਾ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਰੱਖੀ ਵਿਸ਼ੇਸ਼ ਮੀਟਿੰਗ ਦੌਰਾਨ ਦਿੱਤੀ । ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਦੱਸਿਆ ਕਿ ਚੁਣੇ ਗਏ ਪਿੰਡਾਂ ਵਿੱਚ ਬਲਾਕ ਮੋਗਾ-1 ਵਿੱਚ ਪਿੰਡ ਡਾਲਾ, ਦੌਧਰ ਸ਼ਰਕੀ, ਬਲਾਕ ਬਾਘਾਪੁਰਾਣਾ ਵਿੱਚ ਘੋਲੀਆ ਕਲਾਂ, ਬਲਾਕ ਨਿਹਾਲ ਸਿੰਘ ਵਾਲਾ ਵਿੱਚ ਬਿਲਾਸਪੁਰ, ਪੱਤੋ ਹੀਰਾ ਸਿੰਘ, ਬਲਾਕ ਮੋਗਾ 2 ਵਿੱਚ ਡਰੋਲੀ ਭਾਈ, ਬਲਾਕ ਕੋਟ ਈਸੇ ਖਾਂ ਵਿੱਚ ਫਤਹਿਗੜ੍ਹ ਕੋਰੋਟਾਨਾ ਤੇ ਕਿਸ਼ਨਪੁਰਾ ਕਲਾਂ ਦੇ ਵੱਧ ਸੋਲਰ ਲਗਾਉਣ ਦੇ ਮੁਕਾਬਲੇ ਚੱਲ ਰਹੇ ਹਨ। ਉਹਨਾਂ ਕਿਹਾ ਕਿ ਸਭ ਤੋਂ ਵੱਧ ਸੋਲਰ ਲਗਾਉਣ ਅਤੇ ਸੋਲਰ ਪਾਵਰ ਪੈਦਾ ਕਰਨ ਵਾਲੇ ਪਿੰਡ ਨੂੰ ਸਰਕਾਰ ਵੱਲੋਂ ਇੱਕ ਕਰੋੜ ਰੁਪਏ ਦੀ ਗਰਾਂਟ ਮੁਹੱਈਆ ਕਰਵਾਈ ਜਾਵੇਗੀ। ਇਹ ਮੁਕਾਬਲੇ 4 ਸਤੰਬਰ ਤੱਕ ਚੱਲਣਗੇ ਅਤੇ ਇਸ ਯੋਜਨਾ ਦਾ ਲਾਭ ਲੈਣ ਲਈ ਪਿੰਡਾਂ ਦੀਆਂ ਪੰਚਾਇਤਾਂ ਅਤੇ ਸਬੰਧਤ ਅਧਿਕਾਰੀਆਂ ਨੂੰ ਲੋਕਾਂ ਨੂੰ ਨਿੱਜੀ ਤੌਰ 'ਤੇ ਜਾਣੂੰ ਕਰਵਾਇਆ ਜਾਵੇ।

## ਭਾਰਤ ਸਕਾਊਟਸ ਤੇ ਗਾਈਡਜ਼ ਵੱਲੋਂ ਸ਼ਿਮਲਾ ਵਿਖੇ ਸੱਤ ਰੋਜ਼ਾ ਕੈਂਪ



**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤ ਸਕਾਊਟਸ ਤੇ ਗਾਈਡਜ਼ ਪੰਜਾਬ ਚੰਡੀਗੜ੍ਹ ਵੱਲੋਂ ਤਹਿਸ਼ੁਦਾ ਸਾਲਾਨਾ ਪ੍ਰੋਗਰਾਮ ਤਹਿਤ ਸਟੇਟ ਸਿਖਲਾਈ ਕੇਂਦਰ ਤਾਰਾ ਦੇਵੀ (ਸ਼ਿਮਲਾ) ਵਿਖੇ ਸਕਾਊਟ ਮਾਸਟਰ, ਲੇਡੀ ਸਕਾਊਟ ਮਾਸਟਰ, ਗਾਈਡ ਕੈਪਟਨ, ਕੱਬ ਮਾਸਟਰ, ਲੇਡੀ ਜੱਬ ਮਾਸਟਰ ਤੇ ਫਲੌਕ ਲੀਡਰ ਟ੍ਰੇਨਿੰਗਾਂ ਲਈ ਬੇਸਿਕ ਤੇ ਐਡਵਾਂਸ ਦੇ ਪੰਜ ਕੈਂਪ ਸਫਲਤਾ ਪੂਰਵਕ ਸੰਪੰਨ ਹੋਏ।ਸਟੇਟ ਆਰਗੇਨਾਇਜ਼ਿੰਗ ਕਮਿਸ਼ਨਰ ਓਂਕਾਰ ਸਿੰਘ ਦੀ ਦਿਸ਼ਾ ਨਿਰਦੇਸ਼ਨਾਂ ਵਿੱਚ ਲੱਗੇ ਕੈਂਪਾਂ ਵਿੱਚ ਪੰਜਾਬ ਭਰ ਵਿੱਚੋਂ 207 ਸਰਕਾਰੀ ਤੇ ਨਿੱਜੀ ਸਕੂਲਾਂ ਦੇ ਅਧਿਆਪਕਾਂ ਨੇ ਹਿੱਸਾ ਲਿਆ।ਮਾਨਸਾ ਜ਼ਿਲ੍ਹੇ ਦੇ 26 ਅਧਿਆਪਕਾਂ ਨੇ ਜ਼ਿਲ੍ਹਾ ਸਿੱਖਿਆ ਅਫਸਰ (ਸ ਸ) ਭੁਪਿੰਦਰ ਕੌਰ ਤੇ ਜ਼ਿਲ੍ਹਾ ਸਿੱਖਿਆ ਅਫਸਰ (ਪ੍ਰ.) ਅੰਜੂ ਬਾਲਾ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਆਰਗੇਨਾਈਜ਼ਿੰਗ ਕਮਿਸ਼ਨਰ ਸਕਾਊਟ ਦਰਸ਼ਨ ਸਿੰਘ ਬਰੇਟਾ ਤੇ ਗਾਈਡ ਵਿੰਗ ਦੇ ਨਿਰਲੇਪ ਕੌਰ ਦੀ ਅਗਵਾਈ 'ਚ ਕੋਰਸ ਨੂੰ ਸਫ਼ਲਤਾ ਪੂਰਵਕ ਮੁਕੰਮਲ ਕਰਕੇ ਜ਼ਿਲ੍ਹੇ ਦੀ ਟ੍ਰੇਨਿੰਗ ਟੀਮ ਵਿੱਚ ਵਾਧਾ ਹੋਇਆ।ਬਰੇਟਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਪ ਦੌਰਾਨ ਕਾਰਜਕਾਰੀ ਚੀਫ ਸਟੇਟ ਕਮਿਸ਼ਨਰ ਡਾ. ਸੁਖਬੀਰ ਸਿੰਘ ਬੱਲ ਤੇ ਸਾਬਕਾ ਡੀ ਪੀ ਆਈ ਜਗਤਾਰ ਸਿੰਘ ਖਟੜਾ ਨੇ ਵੀ ਕੈਂਪਰਾਂ ਨੂੰ ਸੰਬੋਧਨ ਕੀਤਾ।ਕੈਂਪ ਦੇ ਸਮਾਪਤੀ ਸਮਾਰੋਹ ਮੌਕੇ ਸਟੇਟ ਟੀਮ ਵੱਲੋਂ ਸਾਰਿਆਂ ਦਾ ਧੰਨਵਾਦ ਕਰਦਿਆਂ ਟ੍ਰੇਨਿੰਗ ਦੇ ਪ੍ਰਮਾਣ ਪੱਤਰ ਵੀ ਤਕਸੀਮ ਕੀਤੇ ਗਏ।

## ਕੱਸੀ ਟੁੱਟਣ ਨਾਲ ਕਈ ਏਕੜ ਫਸਲਾਂ 'ਚ ਭਰਿਆ ਪਾਣੀ



**ਭੀਖੀ (ਧਰਮਵੀਰ ਸ਼ਰਮਾ)**-ਸ਼ੇਰੋਂ ਰਜਬਾਹਾ ਵਿੱਚੋਂ ਨਿਕਲਦੇ ਸੂਆ ਨੰਬਰ 13 ਜੱਸੜਵਾਲ ਵਿੱਚ ਪਾੜ ਪੈਣ ਨਾਲ ਕਈ ਕਿਸਾਨਾਂ ਦੀ ਜ਼ਮੀਨ ਵਿੱਚ ਪਾਣੀ ਭਰਨ ਨਾਲ ਫਸਲਾਂ ਦਾ ਨੁਕਸਾਨ ਹੋਇਆ ਹੈ। ਜਾਣਕਾਰੀ ਦਿੰਦੇ ਹੋਏ ਕਿਸਾਨ ਜਗਜੀਤ ਸਿੰਘ ਨੰਬਰਦਾਰ ਨੇ ਦੱਸਿਆ ਕਿ ਬੀਤੇ ਦਿਨੀਂ ਇਸ ਸੂਏ ਵਿੱਚ ਪਾਣੀ ਆਇਆ ਹੈ, ਪਾਣੀ ਤੋਂ ਪਹਿਲਾਂ ਇਸ ਵਿੱਚ ਕਾਫੀ ਘਾਹ-ਫੂਸ ਤੇ ਟੁੱਟੇ ਹੋਏ ਦਰੱਖਤਾਂ ਦੀਆਂ ਟਾਹਣੀਆਂ ਪਈਆਂ ਸਨ। ਪਾਣੀ ਆਉਣ 'ਤੇ ਇਹ ਸੂਏ ਦੀ ਟੇਲ 'ਤੇ ਬਣੀ ਝਿਰੀ ਵਿੱਚ ਫਸ ਗਈਆਂ, ਜਿਸ ਕਰਕੇ ਸੂਏ ਵਿੱਚ ਪਾੜ ਪੈ ਗਿਆ, ਕਾਰਨ ਕਈ ਏਕੜ ਖੜੀ ਮੂੰਗੀ, ਹਰੇ ਚਾਰੇ ਤੇ ਬੀਤੇ ਕੱਲ੍ਹ ਹੀ ਲਗਾਇਆ ਝੋਨਾ ਬੁਰੀ ਤਰਾਂ ਪ੍ਰਭਾਵਿਤ ਹੋ ਗਿਆ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਟੇਲ ਦੀ ਝਿਰੀ ਨੂੰ ਚੌੜਾ ਕੀਤਾ ਜਾਵੇ। ਉਧਰ ਸਿੰਚਾਈ ਵਿਭਾਗ ਦੇ ਜੇ.ਈ. ਪੁਨੀਤ ਕੁਮਾਰ ਨੇ ਦੱਸਿਆ ਕਿ ਪਿੰਡ ਵਾਸੀਆਂ ਦੀ ਬੇਨਤੀ 'ਤੇ ਮਹਿਕਮਾ ਤੁਰੰਤ ਕਾਰਵਾਈ ਕਰੇਗਾ ਅਤੇ ਪਾਣੀ ਦੀ ਗਤੀ ਨੂੰ ਤੇਜ਼ ਕਰਨ ਵਾਲੀ ਝਿਰੀ ਦੀ ਮੁਰੰਮਤ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਕਿਸਾਨ ਗੁਰਮੀਤ ਸਿੰਘ, ਭਿੰਦਰ ਸਿੰਘ, ਲੱਖਾ ਸਿੰਘ, ਨਿੱਕਾ ਖਾਂ, ਬਲਜੋਤ ਸਿੰਘ ਤੇ ਬਾਬੂ ਸਿੰਘ ਆਦਿ ਮੌਜੂਦ ਸਨ।

## ਬੀ ਕੇ ਯੂ ਲੱਖੋਵਾਲ ਬਲਾਕ ਨਿਹਾਲ ਸਿੰਘ ਵਾਲਾ ਦੀ ਮੀਟਿੰਗ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਬਲਾਕ ਨਿਹਾਲ ਸਿੰਘ ਵਾਲਾ ਦੀ ਮੀਟਿੰਗ ਸੂਬਾ ਆਗੂ ਮੁਖਤਿਆਰ ਸਿੰਘ ਦੀ ਅਗਵਾਈ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰਧਾਨ ਰਾਮ ਸਿੰਘ ਪੱਤੋ ਤੇ ਪਰਮਜੀਤ ਸਿੰਘ ਨੇ ਚਲਾਈ। ਬੁਲਾਰਿਆਂ ਨੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੂਸਾ ਝੋਨਾ ਜਾਂ ਹਾਈਬ੍ਰਿਡ ਕਿਸਮਾਂ ਲਾਉਣ ਤੋਂ ਕਿਸਾਨਾਂ ਨੂੰ ਹੁਣ ਵਾਰ ਵਾਰ ਸੁਚੇਤ ਕੀਤਾ ਜਾ ਰਿਹਾ ਹੈ, ਜਦਕਿ ਪੰਜਾਬ ਪ੍ਰਸ਼ੋਂ ਝੋਨਾ ਲੱਗ ਚੁੱਕਾ ਹੈ। ਕਿਸਾਨਾਂ ਨੂੰ ਲੰਮੇ ਸਿਰ ਪੀ ਆਰ ਕਿਸਮ 126 ਝੋਨੇ ਦੀ ਲਈ ਖੇਤੀਬਾੜੀ ਦਫਤਰਾਂ ਕੇ ਵੀ ਕੇ ਸੈਂਟਰਾਂ ਨਾਲ ਰਾਬਤਾ ਕੀਤਾ ਗਿਆ ਤਾਂ ਜਵਾਬ ਮਿਲਦਾ ਕਿ ਖਤਮ ਹੈ, ਆਉਣ ਦੀ ਸੰਭਾਵਨਾ ਨਹੀਂ। ਅਖੀਰ ਪ੍ਰਾਈਵੇਟ ਡੀਲਰਾਂ ਤੋਂ ਲੈਣਾ ਪਿਆ, ਕਿਉਂਕਿ ਕਿਸਾਨਾਂ ਕੋਲ ਝੋਨੇ ਦੀ ਫਸਲ ਤੋਂ ਬਿਨਾਂ ਕੋਈ ਹੋਰ ਫਸਲ ਉਨ੍ਹਾਂ ਦੇ ਖਰਚੇ ਪੂਰੇ ਨਹੀਂ ਕਰਦੀ, ਡੀਜ਼ਲ, ਖਾਦਾਂ, ਕੀਟਨਾਸ਼ਕ ਤੇ ਹੋਰ ਬੇਹਿਸਾਬ ਵਧੇ ਕਿਸਾਨਾਂ ਨੂੰ ਝੱਲਣੇ ਪੈਂਦੇ ਹਨ, ਜਿਸ ਕਰਕੇ ਕਿਸਾਨਾਂ ਦੀ ਹਾਲਤ ਦਿਨੋਂ ਦਿਨ ਪਤਲੀ ਪੈਂਦੀ ਜਾ ਰਹੀ ਹੈ।ਮੰਗ ਕੀਤੀ ਕਿ ਸੈਂਟਰ ਦੇ ਰਹਾਕੇ ਉੱਪਰ ਨਰਮੇ ਦੀ ਉਸ ਕਾਲੇ ਵਰਗ ਦੇ ਰੇਟ ਤਕਰੀਬਨ 76 ਰੁਪਏ ਪ੍ਰਤੀ ਕੁਇੰਟਲ ਸੀ, ਅੱਜ 55 ਸਾਲ ਬੀਤ ਜਾਣ 'ਤੇ ਰੇਟ 2425 ਰੁਪਏ ਪ੍ਰਤੀ ਕੁਇੰਟਲ ਹੈ ਅਤੇ ਉਸ ਵੇਲੇ ਜੋ ਕੱਚੀ ਮੁਲਾਜ਼ਮ ਅਧਿਆਪਕ ਭਰਤੀ ਹੁੰਦੇ ਸਨ, ਉਨ੍ਹਾਂ ਦੀ ਤਨਖ਼ਾਹ ਵੀ ਤਕਰੀਬਨ ਇੰਨੇ ਕੁਇੰਟਲ ਕਣਕ ਦੇ ਰੇਟ ਦੇ ਬਰਾਬਰ ਸੀ, ਅੱਜ 55 ਸਾਲ ਬਾਅਦ ਘੱਟ ਘੱਟ ਸੁੱਖ ਨਾਲ ਅੱਸੀ ਹਜ਼ਾਰ ਰੁਪਏ ਹੈ। ਇਸੇ ਤਰ੍ਹਾਂ ਹੋਰ ਫਸਲਾਂ ਤੇ ਹਾੜ੍ਹੀ ਦੀਆਂ ਫਸਲਾਂ ਦੇ ਭਾਅ ਘੱਟ ਮਿਲ ਰਹੇ ਹਨ। ਮੀਟਿੰਗ ਵਿੱਚ ਪਰਧਾਨ ਰਾਮ ਸਿੰਘ ਪੱਤੋ, ਸੁਖਦਰਸ਼ਨ ਸਿੰਘ, ਬਲਵੀਰ ਸਿੰਘ, ਸੁਖਚੈਨ ਸਿੰਘ ਮੰਦਰੀ, ਗੁਰਬ ਸਿੰਘ ਮੀਤ ਪ੍ਰਧਾਨ, ਪਰਮਜੀਤ ਸਿੰਘ, ਜਗਜੀਤ ਸਿੰਘ, ਨਿਰਮਲ ਸਿੰਘ, ਕੁਲਦੀਪ ਸਿੰਘ, ਮਨਦੀਪ ਸਿੰਘ ਆਦਿ ਸ਼ਾਮਲ ਹੋਏ।

## ਸਾਬਕਾ ਸੈਨਿਕਾਂ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਦਾ ਆਯੋਜਨ



**ਜਗਰਾਓਂ (ਅਮਿਤ ਖੰਨਾ)**-ਜਗਰਾਓਂ ਵਿਖੇ ਸਾਬਕਾ ਸੈਨਿਕਾਂ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ ਵੱਖ ਲੋਕਾਂ ਅਮਨ ਸ਼ਾਂਤੀ ਨਾਲ ਯੋਗ ਨੂੰ ਬੜੇ ਮਨਾਉਣ ਲਈ ਸੰਦੇਸ਼ ਦਿੱਤਾ ਗਿਆ ਸੀ।ਕੈਂਪ ਦੌਰਾਨ ਮਾਹਿਰਾਂ ਵੱਲੋਂ ਯੋਗਾ ਦੀਆਂ ਵਿਧੀਆਂ ਦੱਸ ਕੇ ਉਨ੍ਹਾਂ 'ਤੇ ਹੋਣ ਵਾਲੇ ਲਾਭਾਂ ਤੋਂ ਜਾਣੂ ਕਰਵਾਇਆ ਗਿਆ। ਇਸ ਮੌਕੇ ਮਾਰਕਿੰਗ ਵਾਕ ਕਲੱਬ ਦੇ ਸਾਰੇ ਮੈਂਬਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ, ਜਿਨ੍ਹਾਂ ਵਿੱਚ ਮੁੱਖ ਤੌਰ ਤੇ ਡਾਕਟਰ ਮਦਨ ਮਿੱਤਲ, ਮਿੱਟੂ ਮਲਹੋਤਰਾ, ਪੂਰੀ ਸਾਹਿਬ, ਜਿੰਦਰਪਾਲ ਧੀਮਾਨ, ਸੁਖਦੀਪ ਨਾਹਰ, ਅਜੇ ਬੱਸਲ, ਮਨੋਜ ਬੱਸਲ, ਕ੍ਰਿਸ਼ਨ ਜਿੰਦ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।ਇਸ ਮੌਕੇ ਇਸ ਅੰਤਰਰਾਸ਼ਟਰੀ ਯੋਗਾ ਡੇ ਨੂੰ ਮਨਾਉਣ ਲਈ ਬਹੁਤ ਹੀ ਵਧੀਆ ਪ੍ਰਬੰਧ ਕੀਤੇ ਗਏ ਸਨ ਅਤੇ ਬਹੁਤ ਹੀ ਮਾਹਰ ਯੋਗਾ ਕੋਚ ਨੇ ਆਮ ਲੋਕਾਂ ਨੂੰ ਵੀ ਬਹੁਤ ਜਾਣਕਾਰੀ ਮੁਹੱਈਆ ਕਰਵਾਈ ਗਈ।ਮੌਰਨਿੰਗ ਵਾਕ ਕਲੱਬ ਦੇ ਮੈਂਬਰਾਂ ਵੱਲੋਂ ਸਾਬਕਾ ਸੈਨਿਕਾਂ ਦਾ ਵੀ ਧੰਨਵਾਦ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਵਧੀਆ ਤੇ ਲਾਹੇਵੰਦ ਉਪਰਾਲਾ ਹੈ, ਇਹੋ ਜਿਹੇ ਉਪਰਾਲੇ ਹੋਰ ਸਮਾਜਿਕ ਸੰਸਥਾਵਾਂ ਨੂੰ ਵੀ ਕਰਨੇ ਚਾਹੀਦੇ ਹਨ ਤਾਂ ਕਿ ਲੋਕਾਂ ਨੂੰ ਯੋਗ ਦੀ ਮਹੱਤਤਾ ਬਾਰੇ ਪਤਾ ਲੱਗ ਸਕੇ ਤੇ ਹਰ ਵਿਅਕਤੀ ਯੋਗਾ ਰਾਹੀਂ ਨਿਰੋਗ ਬਣ ਸਕੇ।

# ਨਗਰ ਪੰਚਾਇਤ ਦੀ ਲਾਪ੍ਰਵਾਹੀ ਕਾਰਨ ਉੱਜੜੇ ਕਸਬੇ ਦੇ ਮੁਹੱਲਾ ਪਾਰਕ

## ਨਸ਼ੇੜੀਆਂ ਦੇ ਬਣੇ ਅੱਡੇ, ਪਖਾਨਿਆਂ ਦੀ ਹਾਲਤ ਵੀ ਬਦਤਰ



**ਭੀਖੀ (ਧਰਮਵੀਰ ਸ਼ਰਮਾ)**-ਕੇਂਦਰ ਸਰਕਾਰ ਦੀ ਸਵੱਛ ਭਾਰਤ ਮੁਹਿੰਮ ਤਹਿਤ ਦੇਸ਼ ਨੂੰ ਖੁੱਲ੍ਹੇ ਵਿੱਚ ਪਖਾਨਾ ਮੁਕਤ ਕਰਨ ਲਈ ਪ੍ਰੋਗਰਾਮ ਤਹਿਤ ਨਗਰ ਪੰਚਾਇਤ ਭੀਖੀ ਅਧੀਨ ਆਉਂਦੇ 5 ਖੁੱਲ੍ਹੇ ਪਖਾਨਿਆਂ ਦਾ ਪੁਨਰਨਿਰਮਾਣ ਕਰਦੇ ਹੋਏ ਇਨ੍ਹਾਂ ਥਾਵਾਂ 'ਤੇ ਪੱਕੇ ਆਧੁਨਿਕ ਪਖਾਨਿਆਂ ਦੇ ਨਾਲ ਨਾਲ ਖਾਲੀ ਜ਼ਮੀਨ 'ਤੇ ਲੋਹੇ ਦੇ ਸ਼ੈੱਡ ਤੇ ਮੁਹੱਲਾ ਪਾਰਕ ਬਣਾਏ ਗਏ ਸਨ, ਪ੍ਰੰਤੂ ਨਗਰ ਪੰਚਾਇਤ ਦੀ ਲਾਪ੍ਰਵਾਹੀ ਤੇ ਫੰਡਾਂ ਦੀ ਕਮੀ ਕਾਰਨ ਇਨ੍ਹਾਂ ਦੀ ਮੌਜੂਦਾ ਹਾਲਤ ਖਸਤਾ ਹੀ ਨਹੀਂ, ਬਲਕਿ ਪਖਾਨਿਆਂ ਦਾ ਜ਼ਿਆਦਾਤਰ ਸਾਮਾਨ ਜਾਂ ਤਾਂ ਚੋਰੀ ਹੋ ਗਿਆ ਜਾਂ ਫਿਰ ਬੁਰੀ ਤਰ੍ਹਾਂ ਟੁੱਟਿਆ ਪਿਆ ਹੈ, ਫੁੱਲ ਬੂਟਿਆਂ ਦੀ ਥਾਂ ਇਥੇ ਵਿਰਾਨੀ ਹੈ ਅਤੇ ਸ਼ੈੱਡ ਸਿਰਫ ਪਸ਼ੂਆਂ ਦਾ ਆਸਰਾ ਬਣ ਕੇ ਰਹਿ ਗਏ ਹਨ। ਧਲੇਵਾਂ ਰੋਡ, ਰਾਮ ਲੀਲ ਗਰਾਊਂਡ ਵਾਲੀ ਸੜਕ, ਸਿੱਖਣੀ ਦੇ ਗੁਰਦੁਆਰਾ ਸਾਹਿਬ ਕੋਲ ਬਣੇ ਇਨ੍ਹਾਂ ਕਮਿਊਨਿਟੀ ਪਖਾਨਿਆਂ ਤੇ ਪਾਰਕਾਂ ਦਾ ਵਜੂਦ ਬਿਲਕੁਲ ਖਤਮ ਹੋ ਚੁੱਕਾ ਹੈ। ਇਥੇ ਬਣੇ ਪਖਾਨਿਆਂ 'ਚੋਂ ਸੈਨੇਟਰੀ ਦੇ ਸਾਮਾਨ ਤੋਂ ਇਲਾਵਾ ਪਾਣੀ ਦੀਆਂ ਟੈਂਕੀਆਂ ਤੇ ਮੋਟਰਾਂ ਵੀ ਗਾਇਬ ਹਨ, ਜਦੋਂਕਿ ਖੁੱਲ੍ਹੀ ਥਾਂ ਵਿੱਚ ਕੂੜਾ ਕਰਕਟ ਤੋਂ ਇਲਾਵਾ ਕੁਝ ਨਹੀਂ ਤੇ ਸ਼ੈੱਡਾਂ ਹੇਠ ਵੀ ਅੰਤਾਂ ਦੀ ਗੰਦਗੀ ਪਈ ਹੈ। ਤਤਕਾਲ ਸੂਬੇ ਦੀ ਕਾਂਗਰਸ ਸਰਕਾਰ ਦੌਰਾਨ ਬਣੇ ਇਨ੍ਹਾਂ ਪਖਾਨਿਆਂ-ਕਮ-ਪਾਰਕਾਂ 'ਤੇ 30 ਲੱਖ ਦੇ ਕਰੀਬ ਖਰਚ ਕੀਤਾ ਗਿਆ ਸੀ ਅਤੇ 2-3 ਸਾਲ ਤਾਂ ਇਨ੍ਹਾਂ ਦੀ ਸਥਿਤੀ ਠੀਕ ਰਹੀ, ਪ੍ਰੰਤੂ ਬਾਅਦ ਵਿੱਚ ਰੱਖ ਰਖਾਵ ਲਈ ਫੰਡਾਂ ਦੀ ਕਮੀ ਕਾਰਨ ਇਨ੍ਹਾਂ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਗਏ ਅਤੇ ਅੱਜ ਇਨ੍ਹਾਂ ਦਾ ਰੂਪ ਮਹਿਜ ਖੰਡਰ ਮਾਤਰ ਹੈ ਅਤੇ ਵੇਲੇ ਕੁਵੇਲੇ ਨਸ਼ੇੜੀ ਇਥੇ ਨਸ਼ਾ ਕਰਦੇ ਆਮ ਦੇਖੇ ਜਾ ਸਕਦੇ ਹਨ।

ਸਮਾਜ ਸੇਵੀ ਤੇ ਕਿਸਾਨ ਆਗੂ ਗੁਰਨਾਮ ਸਿੰਘ ਭੀਖੀ ਨੇ ਕਿਹਾ ਕਿ ਨਗਰ ਪੰਚਾਇਤ ਨੂੰ ਪ੍ਰਧਾਨ ਮੰਤਰੀ ਸਵੱਛ ਭਾਰਤ ਯੋਜਨਾ ਤਹਿਤ ਉਪਲਬਧ ਫੰਡਾਂ ਵਿੱਚੋਂ ਇਨ੍ਹਾਂ ਦੀ ਮੁਰੰਮਤ ਕਰਵਾਈ ਜਾਣੀ ਚਾਹੀਦੀ ਹੈ ਅਤੇ ਨਗਰ ਪੰਚਾਇਤ ਵੀ ਆਪਣੇ ਨਿੱਜੀ ਫੰਡਾਂ ਵਿੱਚੋਂ ਆਪਣੀ ਗਰਾਂਟ ਖਰਚੇ। ਉਨ੍ਹਾਂ ਅਫਸੋਸ ਜ਼ਾਹਰ ਕੀਤਾ ਕਿ ਬੇਸ਼ੱਕ ਸਫਾਈ ਕਾਰਜਾਂ ਲਈ ਨਗਰ ਪੰਚਾਇਤ ਨੂੰ ਵਕਤ ਦਰ ਵਕਤ ਕੇਂਦਰੀ ਫੰਡ ਉਪਲਬਧ ਹੁੰਦੇ ਹਨ, ਪਰ ਇਨ੍ਹਾਂ ਫੰਡਾਂ ਦਾ ਸਦਉਪਯੋਗ ਨਹੀਂ ਕੀਤਾ ਜਾਂਦਾ, ਜਿਸ ਕਾਰਨ ਸ਼ਹਿਰ ਵਿੱਚ ਗੰਦਗੀ ਦੇ ਨਾਲ ਨਾਲ ਸਵੱਛ ਭਾਰਤ ਮੁਹਿੰਮ ਤਹਿਤ ਬਣੇ ਹੋਰ ਪ੍ਰੋਜੈਕਟਾਂ ਦੀ ਅਣਦੇਖੀ ਹੋ ਰਹੀ ਹੈ। ਉਨ੍ਹਾਂ ਨਗਰ ਪੰਚਾਇਤ ਤੋਂ ਮੰਗ ਕੀਤੀ ਕਿ ਇਨ੍ਹਾਂ ਪਖਾਨਿਆਂ ਤੇ ਪਾਰਕਾਂ ਦੀ ਮੁਰੰਮਤ ਕਰਵਾਈ ਜਾਵੇ। ਨਗਰ ਪੰਚਾਇਤ ਆਪਣੇ ਨਿੱਜੀ ਫੰਡਾਂ ਵਿੱਚੋਂ ਵੀ ਇਥੇ ਪੈਸੇ ਖਰਚ ਕੇ ਰੁੱਖ ਤੇ ਸਜਾਵਟੀ ਬੂਟੇ ਲਗਾਵੇ ਤਾਂ ਜੋ ਵਾਤਾਵਰਨ ਨੂੰ ਸਵੱਛ ਰੱਖਿਆ ਜਾ ਸਕੇ ਅਤੇ ਨਾਗਰਿਕ ਇਨ੍ਹਾਂ ਸਹੂਲਤਾਂ ਦਾ ਲਾਭ ਲੈ ਸਕਣ। ਉਧਰ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਵਰੁਨ ਕੁਮਾਰ ਸਹੋਤਾ ਨੇ ਦੱਸਿਆ ਕਿ ਉਨ੍ਹਾਂ ਨੂੰ ਹੁਣੇ ਹੁਣੇ ਹੀ ਭੀਖੀ ਨਗਰ ਪੰਚਾਇਤ ਦਾ ਚਾਰਜ ਮਿਲਿਆ ਹੈ ਤੇ ਉਹ ਇਨ੍ਹਾਂ ਪਾਰਕਾਂ ਸਬੰਧੀ ਜਾਣਕਾਰੀ ਇਕੱਤਰ ਕਰਕੇ ਬਣਦੀ ਕਾਰਵਾਈ ਅਮਲ ਵਿੱਚ ਲਿਆਉਣਗੇ।

## ਭਾਈ ਮਰਦਾਨਾ ਸੁਸਾਇਟੀ ਵੱਲੋਂ ਨਸ਼ਿਆਂ ਖਿਲਾਫ਼ ਸੈਮੀਨਾਰ ਤੇ ਨਾਟਕ ਕਰਾਏ ਜਾਣਗੇ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਵੱਲੋਂ 4 ਜੁਲਾਈ ਨੂੰ ਭਾਈ ਮਰਦਾਨਾ ਹਾਲ ਨੇੜੇ ਸਿਵਲ ਹਸਪਤਾਲ ਵਿਖੇ ਨਸ਼ਿਆਂ ਦੇ ਖਿਲਾਫ ਸੈਮੀਨਾਰ ਤੇ ਨਾਟਕ ਕਰਾਏ ਜਾਣਗੇ। ਭਾਈ ਮਰਦਾਨਾ ਸੁਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਅਸੀਂ ਜਰਨੈਲ ਸਿੰਘ ਗਾਬੜੀਆ ਤੇ ਉਨ੍ਹਾਂ ਦੀ ਸੁਸਾਇਟੀ ਦੇ ਸਹਿਯੋਗ ਨਾਲ ਚਾਰ ਜੁਲਾਈ ਦਾ ਪ੍ਰੋਗਰਾਮ ਉਲੀਕਿਆ ਹੈ, ਜਿਸ ਵਿੱਚ ਨਸ਼ਾ ਛੁੜਾਊ ਕੇਂਦਰ ਸਿਵਲ ਹਸਪਤਾਲ ਤੇ ਹੋਰ ਐੱਨਜੀਓਜ ਦੀਆਂ ਸੇਵਾਵਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਹ ਸੈਮੀਨਾਰ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਕਰਾਇਆ ਜਾ ਰਿਹਾ ਹੈ ਤੇ ਇਸ ਸਮਾਗਮ ਦੌਰਾਨ ਇੱਕ-ਦੋ ਨਾਟਕ ਮੰਡਲੀਆਂ ਨੂੰ ਵੀ ਬੁਲਾਇਆ ਜਾਵੇਗਾ ਤਾਂ ਜੁ ਨਾਟਕਾਂ ਜਰੀਏ ਨੌਜਵਾਨੀ ਤੇ ਹਾਜ਼ਰੀਨ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਜਾਣੂ ਕਰਵਾ ਕੇ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਦੀ ਕੋਸ਼ਿਸ਼ ਕੀਤੀ ਜਾ ਸਕੇ। ਇਸ ਪ੍ਰੋਗਰਾਮ ਵਿੱਚ ਸ਼ਹਿਰ ਦੀਆਂ ਕੁਝ ਪ੍ਰਮੁੱਖ ਸ਼ਖਸੀਅਤਾਂ ਨੂੰ ਵੀ ਬੁਲਾਇਆ ਜਾਵੇਗਾ, ਜੋ ਆਪਣੇ ਵਿਚਾਰਾਂ ਨਾਲ ਨੌਜਵਾਨਾਂ ਨੂੰ ਉਤਸ਼ਾਹ ਕਰਨਗੇ ਉਨ੍ਹਾਂ ਨੂੰ ਸੇਧ ਦੇਣਗੇ। ਉਨ੍ਹਾਂ ਦੱਸਿਆ ਕਿ ਵਿਸ਼ਵ ਭਾਈ ਮਰਦਾਨਾ ਸੁਸਾਇਟੀ ਵੱਲੋਂ ਇਸ ਪ੍ਰੋਗਰਾਮ ਦੇ ਇੰਚਾਰਜ ਬਲਜਿੰਦਰ ਸਿੰਘ ਬੱਬੂ ਹੁਸੈਨੀਵਾਲਾ, ਦਰਸ਼ਨ ਲਾਲ ਹੀਰਾ ਤੇ ਹਰਜੀਤ ਸਿੰਘ ਧਾਲੀਵਾਲ ਹੋਣਗੇ।

## ਸਿਮਰਜੀਤ ਕੌਰ ਸੀਂਗੋ ਕਤਲ ਕਾਂਡ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਧਰਨੇ ਦਾ ਅਲਟੀਮੇਟਮ

### ਕਤਲ ਕਾਂਡ ਵਿਰੋਧੀ ਐਕਸ਼ਨ ਕਮੇਟੀ ਨੇ ਭੋਗ ਤੋਂ ਬਾਅਦ ਕੀਤੀ ਮੀਟਿੰਗ



**ਤਲਵੰਡੀ ਸਾਬੋ (ਜਗਦੀਪ ਗਿੱਲ)**-14 ਸਾਲਾਂ ਦੀ ਨਾਬਾਲਗ ਲੜਕੀ ਸਿਮਰਜੀਤ ਕੌਰ ਜੋ ਕਿ ਸੀਂਗੋ ਪਿੰਡ ਵਿਖੇ ਨਾਨਕੇ ਘਰ ਰਹਿੰਦੀ ਸੀ, ਦੀ ਭੇਦਭਰੀ ਹਾਲਤ ਵਿੱਚ ਅਜੀਤਗੜ੍ਹ ਬਾਂਦਰਾਂ ਨੇੜੇ ਘੱਗਰ ਨਦੀ ਵਿੱਚੋਂ ਲਾਸ਼ ਬਰਾਮਦ ਹੋਈ ਸੀ, ਜਿਸ ਦੀ ਕਿ ਸੀਂਗੋ ਪਿੰਡ ਦੇ ਗੁਰੂ ਘਰ ਵਿਖੇ ਬੁੱਧਵਾਰ ਅੰਤਿਮ ਅਰਦਾਸ ਤੇ ਭੋਗ ਸੀ।ਭੋਗ ਉਪਰੰਤ ਸਿਮਰਜੀਤ ਕੌਰ ਕਤਲ ਕਾਂਡ ਵਿਰੋਧੀ ਐਕਸ਼ਨ ਕਮੇਟੀ ਦੀ ਮੀਟਿੰਗ ਕੀਤੀ ਗਈ।

ਜਿੱਥੇ ਮੀਟਿੰਗ ਨੂੰ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕੀਤਾ, ਉਥੇ ਹੀ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਮਿੱਠੂ ਸਿੰਘ ਘੁੱਦਾ, ਮੱਖਣ ਸਿੰਘ ਗੁਰੂਸਰ ਆਦਿ ਨੇ ਕਿਹਾ ਕਿ ਪੁਲਸ ਰਾਜਨੀਤਕ ਸ਼ਹਿ 'ਤੇ ਸਿਮਰਜੀਤ ਕੌਰ ਦੇ ਕਤਲ ਕਰਨ ਵਿੱਚ ਸ਼ਾਮਲ ਮੁੱਖ ਦੋਸ਼ੀ ਲਵਪ੍ਰੀਤ ਸਿੰਘ ਦੀ ਭੂਆ ਕੁਲਵਿੰਦਰ ਵਾਸੀ ਸੀਂਗੋ ਨੂੰ ਗ੍ਰਿਫਤਾਰ ਨਹੀਂ ਕਰ ਰਹੀ ਅਤੇ ਮਾਮਲੇ ਵਿੱਚ ਢਿੱਲ ਦੇ ਰਹੀ ਹੈ।ਮਜ਼ਦੂਰ ਮੁਕਤੀ ਮੋਰਚਾ ਪੰਜਾਬ ਤੇ ਸੀਪੀਆਈ ਐੱਮ ਐੱਲ ਲਿਬਰੇਸ਼ਨ ਦੇ ਆਗੂ ਬਲਵਿੰਦਰ ਘਰਾਂਗਣਾ, ਬਾਬੂ ਰਾਮ ਤਲਵੰਡੀ ਨੇ ਕਿਹਾ ਜਦੋਂ ਤੱਕ ਪੁਲਸ ਪ੍ਰਸ਼ਾਸਨ ਸਿਮਰਜੀਤ ਕੌਰ ਦੇ ਕਤਲ ਦੀ ਸਾਜ਼ਿਸ਼ ਵਿੱਚ ਸ਼ਾਮਲ ਕੁਲਵਿੰਦਰ ਕੌਰ ਵਾਸੀ ਸੀਂਗੋ ਨੂੰ ਗ੍ਰਿਫਤਾਰ ਨਹੀਂ ਕਰ ਲੈਂਦੀ ਐਕਸ਼ਨ ਕਮੇਟੀ ਸੰਘਰਸ਼ ਕਰਦੀ ਰਹੇਗੀ।ਉਨ੍ਹਾਂ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇ 16 ਜੂਨ ਤੱਕ ਗ੍ਰਿਫਤਾਰ ਨਹੀਂ ਕਰਦੀ ਤਾਂ ਤਲਵੰਡੀ ਸਾਬੋ ਥਾਣੇ ਦਾ ਘਿਰਾਓ ਕਰਕੇ ਧਰਨਾ ਦਿੱਤਾ ਜਾਵੇਗਾ। ਇਸ ਉਪਰੰਤ ਐਕਸ਼ਨ ਕਮੇਟੀ ਵਿੱਚ ਸ਼ਾਮਲ ਮ੍ਰਿਤਕ ਸਿਮਰਜੀਤ ਕੌਰ ਦੇ ਪਿਤਾ, ਨਾਨਾ-ਨਾਨੀ ਤੇ ਰਿਸ਼ਤੇਦਾਰਾਂ ਵੱਲੋਂ ਮ੍ਰਿਤਕ ਲੜਕੀ ਸਿਮਰਜੀਤ ਕੌਰ ਦੀਆਂ ਅਸਥੀਆਂ ਜਲ ਪਰਵਾਹ ਕਰਨ ਲਈ ਰਸਮਾਂ ਲਈ ਲਿਜਾਇਆ ਗਿਆ ਸੀ।ਦੱਸਣਯੋਗ ਹੈ ਕਿ ਮ੍ਰਿਤਕ ਸਿਮਰਜੀਤ ਕੌਰ ਜੋ ਕਿ ਪਿੰਡ ਸੀਂਗੋ ਦੇ ਮਿੱਠੂ ਸਿੰਘ ਦੀ ਦੋਹਤੀ ਸੀ ਤੇ ਅਜੇ ਛੇਵੀਂ ਜਮਾਤ ਦੀ ਵਿਦਿਆਰਥਣ ਸੀ ਤੇ ਨਾਬਾਲਗ ਸੀ, ਨੂੰ ਧਿੰਗੜ ਪਿੰਡ ਦਾ ਵਸਨੀਕ ਲਵਪ੍ਰੀਤ ਸਿੰਘ ਉਰਫ ਲਵੀ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਲੈ ਗਿਆ ਸੀ, ਜਿਸ ਦੀ ਕਿ ਪਿੰਡ ਅਜੀਤਗੜ੍ਹ ਬਾਂਦਰਾ ਨੇੜੇ ਘੱਗਰ ਦਰਿਆ ਵਿੱਚੋਂ ਲਾਸ਼ ਬਰਾਮਦ ਹੋਈ ਸੀ।

# ਬੀ ਕੇ ਯੂ ਕਾਦੀਆਂ ਵੱਲੋਂ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਚੇਅਰਮੈਨ ਨੂੰ ਮੰਗ ਪੱਤਰ

### ਕਿਸਾਨ ਨੂੰ ਇੱਕ ਖੇਵਟ 'ਚ ਕੁਨੈਕਸ਼ਨ ਸ਼ਿਫਟ ਕਰਨ ਦੀ ਇਜਾਜ਼ਤ ਮਿਲੇ : ਕਾਦੀਆਂ



**ਨਾਭਾ (ਵਰਿੰਦਰ ਵਰਮਾ)**-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਕੌਮੀ ਪ੍ਰਧਾਨ ਹਰਮੀਤ ਸਿੰਘ ਕਾਦੀਆ ਦੀ ਅਗਵਾਈ 'ਚ ਵੱਖ ਵੱਖ ਜ਼ਿਲ੍ਹਾ ਪ੍ਰਧਾਨਾਂ ਨੇ ਅਜੇ ਕੁਮਾਰ ਸਿਨ੍ਹਾ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਿਮਿਟਡ ਪਟਿਆਲਾ ਨਾਲ ਮੁਲਾਕਾਤ ਕਰਕੇ ਕਿਸਾਨਾਂ ਨੂੰ ਆਉਣ ਵਾਲੀਆਂ ਝੋਨੇ ਦੇ ਸੀਜ਼ਨ ਦੀ ਸਮੱਸਿਆਵਾਂ ਬਾਬਤ ਮੰਗ ਪੱਤਰ ਦਿੱਤਾ।ਕੌਮੀ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਨੇ ਮੰਗ ਕੀਤੀ ਕਿ ਗਰਿੱਡਾਂ ਵਿੱਚ ਮੁਲਾਜ਼ਮਾਂ ਦੀ ਘਾਟ ਪੂਰੀ ਕੀਤੀ ਜਾਵੇ, ਬੇਸ਼ੱਕ ਆਰਜ਼ੀ ਤੌਰ 'ਤੇ ਸੀਜ਼ਨ ਲਈ ਪ੍ਰਾਈਵੇਟ ਮੁਲਾਜ਼ਮ ਰੱਖੇ ਜਾਣ, ਬਿਜਲੀ ਸਪਲਾਈ ਸਬੰਧੀ ਸਹੀ ਜਾਣਕਾਰੀ ਦਿੱਤੀ ਜਾਵੇ, ਵੀ.ਡੀ.ਐੱਸ. ਸਕੀਮ ਲਾਗੂ ਕਰਨਾ ਜਿਨ੍ਹਾਂ ਕਿਸਾਨਾਂ ਨੇ ਲੰਮੇ ਸਮੇਂ ਤੋਂ ਸਕਿਊਰਟੀ ਜਮ੍ਹਾਂ ਕਰਵਾਈ ਹੈ, ਉਨ੍ਹਾਂ ਨੂੰ ਕੁਨੈਕਸ਼ਨ ਜਾਰੀ ਕਰਨ ਬਾਰੇ, ਘਰਾਂ ਵਿੱਚ ਮੀਟਰ ਨਵਾਂ ਲਗਾਉਣ ਲਈ ਨਵੇਂ ਕੁਨੈਕਸ਼ਨ ਲਈ ਘਰ ਦੀ ਰਜਿਸਟਰੀ ਦੀ ਸ਼ਰਤ ਖਤਮ ਕੀਤੀ ਜਾਵੇ, ਢਿੱਲੀਆਂ ਤਾਰਾਂ ਤੇ ਟੁੱਟੇ ਖੰਬੇ ਸੜੇ ਟਰਾਂਸਫਾਰਮਰ ਬਿਜਲੀ ਮਹਿਕਮੇ ਵੱਲੋਂ ਆਪਣੇ ਆਪ ਦਰੁੱਸਤ ਕੀਤੇ ਜਾਣ।ਉਨ੍ਹਾਂ ਕਿਹਾ ਕਿ ਇੱਕੋ ਖੇਵਟ ਵਿੱਚ ਕੁਨੈਕਸ਼ਨ ਸ਼ਿਫਟ ਕਰਨ ਦੀ ਕਿਸਾਨ ਨੂੰ ਖੁੱਲ੍ਹ ਹੋਣੀ ਚਾਹੀਦੀ ਹੈ, ਕਿਉਂਕਿ ਧਰਤੀ ਹੇਠਲਾ ਪਾਣੀ ਬਹੁਤ ਜਲਦੀ ਬਦਲ ਜਾਂਦਾ ਹੈ ਜਾਂ ਬੋਰ ਖਰਾਬ ਹੋ ਜਾਣ ਤਾਂ ਦੂਸਰੇ ਬੋਰ ਉਪਰ ਕਿਸਾਨ ਆਪਣੀ ਮੋਟਰ ਚਲਾਉਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ।ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਫੀਡਰ ਫਾਲਟ ਹੋਣ 'ਤੇ ਅਗਲੀ ਸਪਲਾਈ ਦੇ ਨਾਲ ਮਿਸ ਹੋਈ ਸਪਲਾਈ ਦਿੱਤੀ ਜਾਵੇ।ਚੋਰੀ ਹੋਈ ਟਰਾਂਸਫਾਰਮਰਾਂ ਦੀ ਐੱਫ.ਆਈ.ਆਰ. 24 ਘੰਟਿਆਂ ਵਿੱਚ ਦਰਜ ਕੀਤੀ ਜਾਵੇ ਤੇ ਐੱਫ.ਆਈ.ਆਰ. ਬਿਜਲੀ ਮਹਿਕਮੇ ਵੱਲੋਂ ਆਪਣੇ ਤੌਰ 'ਤੇ ਕਰਾਈ ਜਾਵੇ।ਅਖੀਰ 'ਚ ਕੌਮੀ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਨੇ ਮੰਗ ਕੀਤੀ ਕਿ ਚੋਰੀ ਹੋਏ ਟਰਾਂਸਫਾਰਮਰਾਂ ਤੇ ਸੜੇ ਟਰਾਂਸਫਾਰਮਰਾਂ ਨੂੰ ਜਲਦੀ ਤੋਂ ਜਲਦੀ ਬਦਲੇ ਜਾਣ ਲਈ ਐੱਸ.ਡੀ.ਓ. ਪੱਧਰ 'ਤੇ ਪੰਜ-ਪੰਜ ਟਰਾਂਸਫਾਰਮਰਾਂ ਸਪੇਅਰ ਰੱਖੇ ਜਾਣ ਤਾਂ ਜੋ ਸੀਜ਼ਨ ਵੇਲੇ ਕਿਸਾਨ ਦੀ ਫਸਲ ਖਰਾਬ ਹੋਣ ਤੋਂ ਬਚਾਈ ਜਾਵੇ।ਇਸ ਮੌਕੇ ਭੁਪਿੰਦਰ ਸਿੰਘ ਸੰਗਰੂਰ, ਕੁਲਦੀਪ ਸਿੰਘ ਮਾਨਸਾ, ਗੁਰਮੀਤ ਸਿੰਘ ਫਰੀਦਕੋਟ, ਮਨਪ੍ਰੀਤ ਸਿੰਘ ਫਾਜ਼ਿਲਕਾ, ਵੀਰਪਾਲ ਸਿੰਘ ਲੁਧਿਆਣਾ, ਗੁਰਸਾਹਿਬ ਸਿੰਘ ਤਰਨਤਾਰਨ, ਪਵਿੱਤਰ ਸਿੰਘ ਹੁਸ਼ਿਆਰਪੁਰ, ਸਰਬਜੀਤ ਸਿੰਘ ਫਤਿਹਗੜ੍ਹ, ਗੁਰਵਿੰਦਰ ਸਿੰਘ ਫਿਰੋਜ਼ਪੁਰ, ਰਜਿੰਦਰ ਸਿੰਘ ਮੋਹਾਲੀ, ਕਮਿੱਕਰ ਸਿੰਘ ਮਲੇਰਕੋਟਲਾ, ਗੁਰਦਰਸ਼ਨ ਸਿੰਘ ਮੁਕਤਸਰ ਸਾਹਿਬ ਤੇ ਜ਼ਿਲ੍ਹਾ ਪਟਿਆਲਾ ਪ੍ਰਧਾਨ ਅਬਜਿੰਦਰ ਸਿੰਘ ਜੋਗੀ ਗਰੇਵਾਲ ਨਾਨੋਕੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## 'ਆਪ' ਮਹਿਲਾ ਵਿੰਗ ਦੀ ਸਾਬਕਾ ਪ੍ਰਧਾਨ ਅਕਾਲੀ ਦਲ 'ਚ ਸ਼ਾਮਲ

### ਆਪ ਦੇ ਸਾਰੇ ਅਸਲ ਵਰਕਰ ਇਸ ਨੂੰ ਛੱਡ ਰਹੇ ਹਨ, ਕਿਉਂਕਿ ਬਾਹਰਲਿਆਂ ਨੇ ਪਾਰਟੀ 'ਤੇ ਕਬਜ਼ਾ ਕਰ ਲਿਐ : ਸੁਖਬੀਰ



**ਲੁਧਿਆਣਾ (ਰੈਕਟਰ ਕਥੂਰੀਆ)**
ਸ਼੍ਰੋਮਣੀ ਅਕਾਲੀ ਦਲ ਦੇ ਲੁਧਿਆਣਾ ਪੱਛਮੀ ਹਲਕੇ ਵਿੱਚ ਚੋਣ ਪ੍ਰਚਾਰ ਨੂੰ ਉਦੋਂ ਵੱਡਾ ਹੁਲਾਰਾ ਮਿਲਿਆ, ਜਦੋਂ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਦੀ ਮਹਿਲਾ ਵਿੰਗ ਦੀ ਸਾਬਕਾ ਪ੍ਰਧਾਨ ਪ੍ਰੀਤੀ ਮਲਹੋਤਰਾ ਆਪਣੇ ਸਮਰਥਕਾਂ ਸਮੇਤ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿੱਚ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ।ਪ੍ਰੀਤੀ ਮਲਹੋਤਰਾ ਦਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕਰਦਿਆਂ ਸ੍ਰ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਪ ਦੇ ਸਾਰੇ ਅਸਲ ਵਰਕਰ ਇਸ ਵੇਲੇ ਮਾਯੂਸ ਹਨ ਤੇ ਇਸ ਨੂੰ ਛੱਡ ਰਹੇ ਹਨ, ਕਿਉਂਕਿ ਪੰਜਾਬ ਵਿੱਚ ਬਾਹਰਲਿਆਂ ਨੇ ਪਾਰਟੀ 'ਤੇ ਕਬਜ਼ਾ ਕਰ ਲਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਸੂਬੇ ਵਾਸਤੇ ਕੰਮ ਕਰਨ ਲਈ ਪਾਰਟੀ ਵਿੱਚ ਸ਼ਮੂਲੀਅਤ ਕੀਤੀ ਸੀ, ਪਰ ਹੁਣ ਇਨ੍ਹਾਂ ਨੇ ਮਹਿਸੂਸ ਕਰ ਲਿਆ ਹੈ ਕਿ ਬਾਹਰਲੇ ਹੀ ਸਾਰੀ ਪਾਰਟੀ ਤੇ ਸਰਕਾਰ 'ਤੇ ਕਬਜ਼ਾ ਕਰੀ ਬੈਠੇ ਹਨ ਅਤੇ ਪੰਜਾਬੀਆਂ ਦੀ ਪਾਰਟੀ ਵਿੱਚ ਕੋਈ ਸੁਣਵਾਈ ਨਹੀਂ ਹੁੰਦੀ।ਸ੍ਰੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਪੂਰੀ ਤਰ੍ਹਾਂ ਦਰ ਕਿਨਾਰ ਕਰ ਦਿੱਤਾ ਗਿਆ ਹੈ ਤੇ ਉਹ ਅਰਵਿੰਦ ਕੇਜਰੀਵਾਲ ਦੀ ਕਠਪੁਤਲੀ ਵਾਂਗੂ ਕੰਮ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਇਹੀ ਹਾਲ ਮੰਤਰੀਆਂ ਦਾ ਹੈ, ਜੋ ਸਿਰਫ ਨਾਂਅ ਦੇ ਮੰਤਰੀ ਰਹਿ ਗਏ ਹਨ, ਜਦੋਂਕਿ ਬਾਹਰਲਿਆਂ ਨੂੰ ਫਾਈਲਾਂ ਕਲੀਅਰ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।ਸ੍ਰ. ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਸਭ ਦਾ ਸੂਬੇ 'ਤੇ ਨਾ-ਪੱਖੀ ਅਸਰ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਮੁਲਾਜ਼ਮਾਂ ਨੂੰ ਹਾਲੇ ਤੱਕ ਤਨਖ਼ਾਹਾਂ ਨਹੀਂ ਮਿਲੀਆਂ।ਉਨ੍ਹਾਂ ਕਿਹਾ ਕਿ ਆਉਂਦੇ ਮਹੀਨਿਆਂ ਵਿੱਚ ਸੂਬੇ ਦੇ ਵਿੱਤੀ ਹਾਲਾਤ ਹੋਰ ਬਦਤਰ ਹੋ ਜਾਣ। ਇਸ ਦੌਰਾਨ ਸੰਬੋਧਨ ਕਰਦਿਆਂ ਪ੍ਰੀਤੀ ਮਲਹੋਤਰਾ ਨੇ ਕਿਹਾ ਕਿ ਉਨ੍ਹਾਂ ਆਪ ਹਾਈ ਕਮਾਂਡ ਨੂੰ ਆਖਿਆ ਸੀ ਕਿ ਉਹ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਪੂਰਾ ਕਰੇ, ਪਰ ਉਸ ਨੇ ਸਾਫ ਇਨਕਾਰ ਕਰ ਦਿੱਤਾ।ਉਨ੍ਹਾਂ ਕਿਹਾ ਕਿ ਮੈਨੂੰ ਕਿਹਾ ਗਿਆ ਕਿ ਇਹ ਸਿਰਫ ਖੋਖਲੇ ਵਾਅਦੇ ਸਨ, ਜੋ ਚੋਣਾਂ ਜਿੱਤਣ ਵਾਸਤੇ ਕੀਤੇ ਗਏ ਸਨ ਤੇ ਇਸ ਨੂੰ ਲਾਗੂ ਕਰਨਾ ਜ਼ਰੂਰੀ ਨਹੀਂ।ਉਨ੍ਹਾਂ ਆਪ ਸਰਕਾਰ ਵੱਲੋਂ ਸਾਰੀਆਂ ਚੇਅਰਮੈਨੀਆਂ ਪੰਜਾਬ ਤੋਂ ਬਾਹਰਲਿਆਂ ਨੂੰ ਦੇਣ ਤੇ ਨੌਜਵਾਨਾਂ ਵਾਸਤੇ ਰੋਜ਼ਗਾਰ ਸਿਰਜਣ ਵਿੱਚ ਅਸਫਲ ਰਹਿਣ ਦੀ ਵੀ ਨਿਖੇਧੀ ਕੀਤੀ।ਇਸ ਮੌਕੇ ਸੀਨੀਅਰ ਪਾਰਟੀ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਅਮਰਜੀਤ ਸਿੰਘ ਚਾਵਲਾ, ਕਮਲ ਚੈਟਲੀ, ਸੁਰਿੰਦਰ ਸੀਰਾ ਤੇ ਅਕਾਲੀ ਦਲ ਲੁਧਿਆਣਾ ਪੱਛਮੀ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਮੌਜੂਦ ਸਨ।

## ਕਿਸਾਨ ਨਰਮੇ ਦੇ ਬੀਜ 'ਤੇ ਸਬਸਿਡੀ ਲਈ 15 ਤੱਕ ਕਰ ਸਕਦੇ ਹਨ ਅਪਲਾਈ : ਕੰਬੋਜ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਦੇ ਮੁੱਖ ਖੇਤੀਬਾੜੀ ਅਫਸਰ ਰਜਿੰਦਰ ਕੁਮਾਰ ਕੰਬੋਜ ਨੇ ਦੱਸਿਆ ਕਿ ਫਾਜ਼ਿਲਕਾ ਜ਼ਿਲ੍ਹੇ ਵਿੱਚ ਹੁਣ ਤੱਕ 60 ਹਜ਼ਾਰ ਹੈਕਟੇਅਰ ਵਿੱਚ ਨਰਮੇ ਦੀ ਬਜਾਈ ਹੋ ਚੁੱਕੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਰਮੇ ਦੇ ਬੀਜਾਂ 'ਤੇ 33 ਫੀਸਦੀ ਸਬਸਿਡੀ ਦਿੱਤੀ ਜਾ ਰਹੀ ਹੈ।ਇਸ ਲਈ ਅਪਲਾਈ ਕਰਨ ਦੀ ਮਿਤੀ ਵਿੱਚ ਵਾਧਾ ਕਰਦੇ ਹੋਏ ਕਿਸਾਨ 15 ਜੂਨ 2025 ਤੋਂ ਪਹਿਲਾਂ ਪਹਿਲਾਂ ਵਿਭਾਗ ਦੇ ਪੋਰਟਲ https://agri-machinerypb.com/ 'ਤੇ ਆਨਲਾਈਨ ਅਪਲਾਈ ਕਰ ਸਕਦੇ ਹਨ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਬਿਨਾਂ ਦੇਰੀ ਬੀਜ 'ਤੇ ਸਬਸਿਡੀ ਲੈਣ ਲਈ ਅਪਲਾਈ ਕੀਤਾ ਜਾਵੇ।ਇਹ ਸਬਸਿਡੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਵਿਭਾਗ ਤੋਂ ਮਾਨਤਾ ਪ੍ਰਾਪਤ ਬੀਟੀ ਕਿਸਮਾਂ ਦੇ ਬੀਜ 'ਤੇ ਮਿਲ ਰਹੀ ਹੈ।ਇੱਕ ਕਿਸਾਨ ਨੂੰ ਵੱਧ ਤੋਂ ਵੱਧ 10 ਪੈਕਟਾਂ ਤੱਕ ਲਈ ਇਹ ਸਬਸਿਡੀ ਮਿਲ ਰਹੀ ਹੈ।ਉਨ੍ਹਾਂ ਕਿਸਾਨਾਂ ਨੂੰ ਜਲਦ ਤੋਂ ਜਲਦ ਇਸ ਲਈ ਅਪਲਾਈ ਕਰਨ ਦੀ ਅਪੀਲ ਕੀਤੀ।

# ਖ਼ਬਰ ਦਾ ਪੱਖ ਨਾ ਦੇਣ 'ਤੇ ਡੀ ਸੀ ਖਿਲਾਫ ਪੱਤਰਕਾਰਾਂ ਨੇ ਖੋਲ੍ਹਿਆ ਮੋਰਚਾ!

### ਸਰਕਾਰੀ ਸਮਾਗਮਾਂ ਦਾ ਬਾਈਕਾਟ ਕਰਨ ਦਾ ਫੈਸਲਾ



**ਜਲਾਲਾਬਾਦ (ਰਣਬੀਰ ਕੌਰ ਢਾਬਾਂ)**-ਫਾਜ਼ਿਲਕਾ ਜ਼ਿਲ੍ਹੇ ਨਾਲ ਸੰਬੰਧਤ ਸਮੂਹ ਪੱਤਰਕਾਰਾਂ ਵੱਲੋਂ ਬੁੱਧਵਾਰ ਜਲਾਲਾਬਾਦ ਦੀ ਮਾਰਕੀਟ ਕਮੇਟੀ ਵਿੱਚ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿੱਥੇ ਵੱਡੀ ਗਿਣਤੀ ਵਿੱਚ ਪੱਤਰਕਾਰਾਂ ਨੇ ਹਿੱਸਾ ਲਿਆ।ਇਸ ਮੀਟਿੰਗ ਦੀ ਪ੍ਰਧਾਨਗੀ ਸੀਨੀਅਰ ਜਰਨਲਿਸਟ ਵੈੱਲਫੇਅਰ ਕਲੱਬ ਦੇ ਪ੍ਰਧਾਨ ਰਜਨੀਸ਼ ਰਵੀ, ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਬਲਾਕ ਪ੍ਰਧਾਨ ਕੁਲਦੀਪ ਬਰਾੜ ਤੇ ਨਿਊ ਜਲਾਲਾਬਾਦ ਪ੍ਰੈੱਸ ਕਲੱਬ ਦੇ ਪ੍ਰਧਾਨ ਬਿੱਟੂ ਦੂਮੜਾ ਵੱਲੋਂ ਕੀਤੀ ਗਈ।

ਮੀਟਿੰਗ ਵਿੱਚ ਪੱਤਰਕਾਰਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਚਰਚਾ ਕੀਤੀ ਗਈ।ਨਿਰਪੱਖ ਤੇ ਇਮਾਨਦਾਰੀ ਨਾਲ ਕੰਮ ਕਰ ਰਹੇ ਪੱਤਰਕਾਰਾਂ ਨੂੰ ਮਿਲ ਰਹੀਆਂ ਧਮਕੀਆਂ ਤੇ ਪੰਜਾਬ ਦੀ ਪੁਲਸ ਵੱਲੋਂ ਪ੍ਰੇਸ਼ਾਨ ਕਰਨ ਦੀਆਂ ਆਈਆਂ ਖਬਰਾਂ ਦੀ ਸਮੂਹ ਪੱਤਰਕਾਰਾਂ ਵੱਲੋਂ ਨਿੰਦਾ ਕੀਤੀ ਗਈ।ਉਨ੍ਹਾਂ ਮਤਾ ਪਾਸ ਕੀਤਾ ਕਿ ਉਹ ਸਮੂਹ ਪੱਤਰਕਾਰ ਭਾਈਚਾਰੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੇ ਹਾਂ ਤੇ ਕਿਸੇ ਵੀ ਮੁਸ਼ਕਲ ਵੇਲੇ ਪੰਜਾਬ ਦੇ ਹਰ ਪੱਤਰਕਾਰ ਨਾਲ ਖੜੇ ਰਹਾਂਗੇ।ਇਸ ਮੀਟਿੰਗ ਵਿੱਚ ਸਭ ਤੋਂ ਅਹਿਮ ਮੁੱਦਾ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਖਿਲਾਫ਼ ਕੇਂਦਰਿਤ ਰਿਹਾ ਕਿ ਉਹ ਪੱਤਰਕਾਰਾਂ ਨੂੰ ਖਬਰ ਸਬੰਧੀ ਪੱਖ ਦੇਣਾ ਤਾਂ ਦੂਰ ਦੀ ਗੱਲ, ਉਹ ਫੋਨ ਤੱਕ ਅਟੈਂਡ ਨਹੀਂ ਕਰਦੇ।ਇਸ ਮੁੱਦੇ ਨੂੰ ਲੈ ਕੇ ਪੱਤਰਕਾਰਾਂ ਨੇ ਡੀ ਸੀ ਫਾਜ਼ਿਲਕਾ ਖਿਲਾਫ਼ ਸੰਘਰਸ਼ ਕਰਨ ਤੇ ਸਰਕਾਰੀ ਪ੍ਰੋਗਰਾਮਾਂ ਦਾ ਬਾਈਕਾਟ ਕਰਨ ਦਾ ਮਤਾ ਪਾਸ ਕਰ ਦਿੱਤਾ ਹੈ।ਅੱਜ ਦੀ ਮੀਟਿੰਗ ਵਿੱਚ ਪੱਤਰਕਾਰਾਂ ਵੱਲੋਂ ਪਾਸ ਕੀਤੇ ਮਤਿਆਂ ਬਾਰੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਪੱਤਰਕਾਰ ਪਰਮਜੀਤ ਢਾਬਾਂ, ਬਿੱਟੂ ਦੂਬੜਾ ਕੁਲਦੀਪ ਬਰਾੜ ਤੇ ਰਜਨੀਸ਼ ਰਵੀ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਵਿੱਚ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਵੱਲੋਂ ਫਾਜ਼ਿਲਕਾ ਦੇ ਪੱਤਰਕਾਰਾਂ ਨੂੰ ਪੱਖ ਦੇਣ ਲਈ ਫੋਨ ਨਾ ਅਟੈਂਡ ਕਰਨਾ ਤੇ ਪੱਖ ਦੇਣ ਤੋਂ ਸਾਫ ਇਨਕਾਰੀ ਹੋਣ ਦਾ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਸਖਤ ਨੋਟਿਸ ਲਿਆ ਗਿਆ ਹੈ।ਉਕਤ ਪੱਤਰਕਾਰ ਆਗੂਆਂ ਨੇ ਕਿਹਾ ਕਿ ਉਹ ਡਿਪਟੀ ਕਮਿਸ਼ਨਰ ਦੀ ਕੁਰਸੀ ਭਾਵ ਚੇਅਰ ਦੀ ਕਦਰ ਕਰਦੇ ਹਨ, ਪ੍ਰੰਤੂ ਜੇਕਰ ਇਸ ਕੁਰਸੀ 'ਤੇ ਲੋਕਤੰਤਰ ਦੇ ਚੌਥੇ ਥੰਮ੍ਹ ਪੱਤਰਕਾਰਾਂ ਦੀ ਕੋਈ ਅਫਸਰ ਕਦਰ ਨਾ ਕਰੇ ਜਾਂ ਲੋਕ ਹਿੱਤਾਂ ਲਈ ਲੱਗ ਰਹੀਆਂ ਖਬਰਾਂ ਸਬੰਧੀ ਆਪਣਾ ਪੱਖ ਨਾ ਦੇਵੇ ਤਾਂ ਉਹ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਪੱਤਰਕਾਰ ਆਗੂਆਂ ਨੇ ਦੱਸਿਆ ਕਿ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਇਹ ਮਤਾ ਪਾਸ ਕੀਤਾ ਗਿਆ ਹੈ ਕਿ ਜਦੋਂ ਤੱਕ ਡਿਪਟੀ ਕਮਿਸ਼ਨਰ ਮੈਡਮ ਆਪਣੇ ਅੜੀਅਲ ਰਵੱਈਏ ਤੋਂ ਬਾਜ਼ ਨਹੀਂ ਆਉਂਦੀ, ਉਸ ਸਮੇਂ ਤੱਕ ਸਰਕਾਰੀ ਸਮਾਗਮਾਂ ਦਾ ਬਾਈਕਾਟ ਕੀਤਾ ਜਾਵੇਗਾ ਅਤੇ ਜ਼ਿਲ੍ਹੇ ਭਰ ਦੇ ਪੱਤਰਕਾਰਾਂ ਨੂੰ ਇਸ ਲਈ ਲਾਮਬੰਦ ਕਰਨ ਲਈ ਇੱਕ ਮੁਹਿੰਮ ਵਿੱਢੀ ਜਾਵੇਗੀ।ਇੱਕ ਹਫਤੇ ਬਾਅਦ ਫਾਜ਼ਿਲਕਾ ਜ਼ਿਲ੍ਹਾ ਹੈੱਡਕੁਆਰਟਰ ਤੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਇੱਕ ਵੱਡੀ ਹੰਗਾਮੀ ਮੀਟਿੰਗ ਸੱਦੀ ਜਾਵੇਗੀ।

## ਪੰਜਾਬੀ ਨੌਜਵਾਨ ਗਾਇਕ ਦੀ ਕੈਨੇਡਾ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਬੁੱਢੇਵਾਲ ਦੇ ਕਾਂਗਰਸੀ ਆਗੂ ਤੇ ਖੰਡ ਮਿੱਲ ਦੇ ਸਾਬਕਾ ਚੇਅਰਮੈਨ ਬਲਬੀਰ ਸਿੰਘ ਦੇ ਨੌਜਵਾਨ ਸਪੁੱਤਰ ਬਿਕਰਮ ਸਿੰਘ ਗਿੱਲ (22) ਦੀ ਕੈਨੇਡਾ ਵਿਖੇ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਅਨੁਸਾਰ ਨੌਜਵਾਨ ਬਿਕਰਮ ਸਿੰਘ ਗਿੱਲ 4 ਸਾਲ ਪਹਿਲਾਂ ਆਪਣੇ ਸੁਨਹਿਰੀ ਭਵਿੱਖ ਲਈ ਕੈਨੇਡਾ ਵਿਖੇ ਗਿਆ ਸੀ, ਜਿੱਥੇ ਉਹ ਸਰੀ ਵਿਖੇ ਰਹਿ ਰਿਹਾ ਸੀ। ਕੁਝ ਦਿਨ ਪਹਿਲਾਂ ਉਸ ਨੂੰ ਦਿਲ ਦਾ ਦੌਰਾ ਪਿਆ, ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਬਿਕਰਮ ਸਿੰਘ ਗਿੱਲ ਇੱਕ ਵਧੀਆ ਗਾਇਕ ਤੇ ਗੀਤਕਾਰ ਵੀ ਸੀ, ਜਿਸ ਦੇ 15 ਤੋਂ ਵੱਧ ਗੀਤ ਰਿਲੀਜ਼ ਹੋ ਚੁੱਕੇ ਸਨ। ਨੌਜਵਾਨ ਬਿਕਰਮ ਸਿੰਘ ਗਿੱਲ ਦੀ ਮੌਤ ਕਾਰਨ ਜਿੱਥੇ ਪਰਿਵਾਰ ਨੂੰ ਗਹਿਰਾ ਸਦਮਾ ਲੱਗਾ, ਉੱਥੇ ਇਲਾਕੇ ਵਿੱਚ ਵੀ ਸੋਗ ਦੀ ਲਹਿਰ ਛਾਈ ਹੋਈ ਹੈ। ਮ੍ਰਿਤਕ ਵਿਕਰਮ ਸਿੰਘ ਗਿੱਲ ਦੀ ਦੇਹ 10 ਦਿਨ ਬਾਅਦ ਭਾਰਤ ਪਹੁੰਚੇਗੀ, ਜਿਸ ਤੋਂ ਬਾਅਦ ਉਸ ਦਾ ਪਿੰਡ ਵਿਖੇ ਅੰਤਿਮ ਸੰਸਕਾਰ ਕੀਤਾ ਜਾਵੇਗਾ। ਅੱਜ ਵਿਸ਼ੇਸ਼ ਤੌਰ 'ਤੇ ਹਲਕਾ ਸਾਹਨੇਵਾਲ ਤੋਂ ਕਾਂਗਰਸ ਪਾਰਟੀ ਇੰਚਾਰਜ ਬਿਕਰਮ ਸਿੰਘ ਬਾਜਵਾ, ਮਿਲਕ ਪਲਾਂਟ ਦੇ ਡਾਇਰੈਕਟਰ ਧਰਮਜੀਤ ਸਿੰਘ ਗਿੱਲ, ਗੁਰਪ੍ਰੀਤ ਸਿੰਘ ਬਲੀਏਵਾਲ, ਉਦੈਰਾਜ ਸਿੰਘ ਗਿੱਲ, ਤਾਜਪਰਮਿੰਦਰ ਸਿੰਘ ਸੋਨੂੰ, ਜਸਪਾਲ ਸਿੰਘ ਗਾਹੀ ਭੈਣੀ, ਸਵਰਨ ਸਿੰਘ ਖੁਆਜਕੇ, ਇਕਬਾਲ ਸਿੰਘ ਜੰਡਿਆਲੀ, ਸਤਵੰਤ ਸਿੰਘ, ਸਰਪੰਚ ਰਣਧੀਰ ਸਿੰਘ ਵੱਲੋਂ ਵੀ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

## ਪੀ ਐੱਸ ਯੂ ਵੱਲੋਂ ਪਿੰਡਾਂ 'ਚ ਜਾਗਰੂਕਤਾ ਮੁਹਿੰਮ ਚਲਾਉਣ ਦਾ ਫੈਸਲਾ



**ਮਾਨਸਾ (ਆਤਮਾ ਸਿੰਘ ਪਮਾਰ)**-ਪ੍ਰੈੱਸ ਨਾਲ ਵਿਦਿਆਰਥੀਆਂ ਦੀਆਂ ਮੰਗਾਂ ਸਬੰਧੀ ਗੱਲਬਾਤ ਕਰਦਿਆਂ ਪੰਜਾਬ ਸਟੂਡੈਂਟਸ ਯੂਨੀਅਨ ਦੀ ਜ਼ਿਲ੍ਹਾ ਕਨਵੀਨਰ ਅਰਵਿੰਦਰ ਅਜ਼ਾਦ ਨੇ ਕਿਹਾ ਕਿ ਨਵੀਂ ਸਿੱਖਿਆ ਨੀਤੀ-2020 ਦੇ ਮਾੜੇ ਸਿੱਟੇ ਸਾਹਮਣੇ ਆ ਰਹੇ ਹਨ, ਜਿਸ ਨਾਲ ਸਿੱਖਿਆ ਦਾ ਨਿੱਜੀਕਰਨ, ਭਗਵਾਂਕਰਨ, ਕੇਂਦਰੀਕਰਨ ਲਗਾਤਾਰ ਵੱਧਦਾ ਜਾ ਰਿਹਾ ਹੈ, ਨਤੀਜੇ ਵਜੋਂ ਉਚੇਰੀ ਸਿੱਖਿਆ ਵਿੱਚ ਗਿਰਾਵਟ ਆਈ ਹੈ।ਸਮੈਸਟਰ ਸਿਸਟਮ ਵਿੱਚ ਵਿਦਿਆਰਥੀਆਂ 'ਤੇ ਵਾਧੂ ਚਾਰ ਸਬਜੈਕਟਾਂ ਦਾ ਵਾਧਾ ਕਰ ਕੇ ਭਾਰ ਪਾਇਆ ਜਾ ਰਿਹਾ ਹੈ, ਜਿਸ ਕਾਰਨ ਵਿਦਿਆਰਥੀਆਂ ਤੋਂ ਘੱਟ ਸਮੇਂ ਵਿੱਚ ਆਪਣਾ ਪਾਠਕ੍ਰਮ ਪੂਰਾ ਨਹੀਂ ਹੋ ਰਿਹਾ।ਪੜ੍ਹੇ ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ।ਇਸ ਲਈ ਆਗੂਆਂ ਨਾਲ ਮੀਟਿੰਗ ਕਰਕੇ ਇਹ ਫੈਸਲਾ ਲਿਆ ਗਿਆ ਕਿ ਨਵੀਂ ਸਿੱਖਿਆ ਨੀਤੀ-2020 ਨੂੰ ਰੱਦ ਕਰਵਾਉਣ, ਪੰਜਾਬ ਵਾਸੀਆ ਨੂੰ ਸਰਕਾਰੀ ਤੇ ਪ੍ਰਾਈਵੇਟ ਨੌਕਰੀਆਂ ਵਿੱਚ 90 ਪ੍ਰਤੀਸ਼ਤ ਰਾਖਵਾਂਕਰਨ ਦਵਾਉਣ ਲਈ ਮਾਨਸਾ ਜ਼ਿਲ੍ਹੇ ਦੇ 82 ਸਕੂਲਾਂ ਨੂੰ ਪ੍ਰਿੰਸੀਪਲ ਤੇ ਸਟਾਫ ਤੋਂ ਇਲਾਵਾ ਸਰਕਾਰੀ ਆਈ ਟੀ ਆਈਜ਼ ਵਿੱਚ ਇੰਸਟਰਕਟਰ ਪੂਰੇ ਕਰਵਾਉਣ ਲਈ ਸੰਬੰਧਤ ਪਿੰਡਾਂ 'ਚ ਮੀਟਿੰਗਾਂ ਕੀਤੀਆਂ ਜਾਣਗੀਆਂ।

## ਨਸ਼ਿਆਂ ਦੇ ਮਾਮਲੇ 'ਚ ਸ਼ਾਮਲ ਵਿਅਕਤੀ ਦਾ ਘਰ ਢਾਹਿਆ



**ਬਰੇਟਾ (ਰੀਤਵਾਲ)**-ਨੇੜਲੇ ਪਿੰਡ ਖੁਡਾਲ ਕਲਾਂ ਦੇ ਇੱਕ ਨਸ਼ਿਆਂ ਦੇ ਮਾਮਲੇ ਵਿੱਚ ਸ਼ਾਮਲ ਵਿਅਕਤੀ ਦਾ ਘਰ ਢਾਹਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਭੁਪਿੰਦਰਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਸ਼ਿਆਂ ਦੇ ਕਾਰੋਬਾਰ ਕਰਨ ਵਾਲਿਆਂ ਖਿਲਾਫ ਕਾਰਵਾਈ ਕਰਦੇ ਹੋਏ ਸ਼ਾਮਲਾਟ 'ਤੇ ਬਣਿਆ ਇਹ ਘਰ ਢਾਹੁਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਇਸ ਮੌਕੇ ਸਮੁੱਚੇ ਜ਼ਿਲ੍ਹੇ ਦਾ ਸਿਵਲ ਤੇ ਪੁਲਸ ਪ੍ਰਸ਼ਾਸਨ ਹਰਕਤ ਵਿੱਚ ਆਇਆ ਹੋਇਆ ਸੀ। ਇਸ ਸਬੰਧੀ ਇਸ ਕਰਵਾਈ ਦਾ ਵਿਰੋਧ ਕਰਦੇ ਹੋਏ ਮਜ਼ਦੂਰ ਮੁਕਤੀ ਮੋਰਚਾ (ਅਜ਼ਾਦ) ਦੇ ਜ਼ਿਲ੍ਹਾ ਆਗੂ ਨਿੱਕਾ ਸਿੰਘ ਬਹਾਦਰਪੁਰ ਤੇ ਹੋਰਨਾਂ ਨੇ ਕਿਹਾ ਕਿ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਠੀਕ ਹੈ, ਪਰ ਉਪਰੋਕਤ ਵਿਅਕਤੀ ਖਿਲਾਫ ਨਸ਼ੇ ਦੇ ਛੋਟੇ-ਮੋਟੇ ਮਾਮਲੇ ਹੀ ਦਰਜ ਸਨ। ਸਰਕਾਰ ਨੂੰ ਚਾਹੀਦਾ ਹੈ ਕਿ ਵੱਡੇ ਨਸ਼ਾ ਤਸਕਰਾਂ ਨੂੰ ਫੜ ਕੇ ਉਨ੍ਹਾਂ ਵਿਰੁੱਧ ਸਖਤ ਕਰਵਾਈ ਕੀਤੀ ਜਾਵੇ।

## ਕਿੰਡਰਗਾਰਟਨ ਸਕੂਲ ਦੇ ਸਮਰ ਕੈਂਪ 'ਚ ਬੱਚਿਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਸਮਰਾਲਾ (ਸੁਰਜੀਤ ਸਿੰਘ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਥਾਨਕ ਕਿੰਡਰ ਗਾਰਟਨ ਸਕੂਲ ਵਿੱਖੇ ਦਸ ਰੋਜ਼ਾ ਸਮਰ ਕੈਂਪ ਲਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਵੱਖ ਵੱਖ ਆਈਟਮਾਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਕੈਂਪ ਦੀ ਸਮਾਪਤੀ 'ਤੇ ਸਕੂਲ ਪ੍ਰਿੰਸੀਪਲ ਮੈਡਮ ਰਣਜੋਤ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ 'ਤੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ।ਇਸ ਕੈਂਪ ਵਿੱਚ ਪਹਿਲੀ ਜਮਾਤ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਕੈਂਪ ਵਿੱਚ ਵੱਖ-ਵੱਖ ਖੇਡਾਂ, ਜਿਨ੍ਹਾਂ ਵਿੱਚ ਹੈਂਡਬਾਲ, ਵਾਲੀਬਾਲ, ਬੈਡਮਿੰਟਨ, ਐਥਲੈਟਿਕਸ ਆਦਿ ਕਰਵਾਈਆਂ ਗਈਆਂ।ਇਨ੍ਹਾਂ ਤੋਂ ਇਲਾਵਾ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਰੀਰਕ ਕਸਰਤਾਂ ਕਰਵਾਈਆਂ ਗਈਆਂ।ਸਕੂਲ ਦੇ ਡਾਇਰੈਕਟਰ ਮੈਡਮ ਸਰਬਜੀਤ ਕੌਰ ਨੇ ਦੱਸਿਆ ਕਿ ਇਨ੍ਹਾਂ ਦਿਨਾਂ ਦੌਰਾਨ ਬੱਚਿਆਂ ਦੇ ਮਾਤਾ-ਪਿਤਾ ਨੇ ਸਕੂਲ ਦਾ ਪੂਰਾ ਸਹਿਯੋਗ ਦਿੱਤਾ।ਉਨ੍ਹਾਂ ਨੇ ਡੀ. ਪੀ. ਮੈਡਮ ਵੱਲੋਂ ਦਿੱਤੇ ਗਏ ਸਮੇਂ ਅਨੁਸਾਰ ਬੱਚਿਆਂ ਨੂੰ ਸਕੂਲ ਦੇ ਗਰਾਊਂਡ ਵਿੱਚ ਲੈ ਕੇ ਆਉਣ ਤੇ ਖੇਡਣ ਤੋਂ ਬਾਅਦ ਉਨ੍ਹਾਂ ਨੂੰ ਲੈ ਕੇ ਜਾਣ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ।ਡੀ. ਪੀ. ਮੈਡਮ ਤੋਂ ਇਲਾਵਾ ਸਟਾਫ਼ ਵਿੱਚੋਂ ਬਹੁਤ ਸਾਰੇ ਦਿਲਚਸਪੀ ਲੈਣ ਵਾਲੇ ਅਧਿਆਪਕਾਂ ਵੱਲੋਂ ਵੀ ਬੱਚਿਆਂ ਨੂੰ ਵੱਖ-ਵੱਖ ਕਸਰਤਾਂ ਕਰਵਾਈਆਂ ਗਈਆਂ। ਇਨ੍ਹਾਂ ਗਤੀਵਿਧੀਆਂ ਵਿੱਚ ਬੱਚਿਆਂ ਨੇ ਬਹੁਤ ਦਿਲਚਸਪੀ ਨਾਲ ਭਾਗ ਲਿਆ।ਇਸ ਸਮੇਂ ਸਕੂਲ ਦੇ ਚੇਅਰਮੈਨ ਦਲਜੀਤ ਸਿੰਘ ਸ਼ਾਹੀ (ਐਡਵੋਕੇਟ), ਡਾਇਰੈਕਟਰ ਮੈਡਮ ਸਰਬਜੀਤ ਕੌਰ, ਪ੍ਰਿੰਸੀਪਲ ਮੈਡਮ ਰਣਜੋਤ ਕੌਰ ਤੇ ਸਕੂਲ ਦੇ ਉੱਪ ਚੇਅਰਮੈਨ ਕਮਲਜੀਤ ਸਿੰਘ ਸ਼ਾਹੀ, ਡੀ.ਪੀ.ਈ. ਮੈਡਮ ਹਰਪ੍ਰੀਤ ਕੌਰ, ਜਸ਼ਨਪ੍ਰੀਤ ਕੌਰ ਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

## ਹਾਈਪਰਟੈਂਸ਼ਨ ਦਿਵਸ 'ਤੇ ਮਾਤਾ ਜਰਨੈਲ ਕੌਰ ਇੰਸ. ਵਿਖੇ ਸੈਮੀਨਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ ਨਰਸਿੰਗ ਐਂਡ ਪੈਰਾਮੈਡੀਕਲ ਸਾਇੰਸ ਸ੍ਰੀ ਮੁਕਤਸਰ ਸਾਹਿਬ ਵਿਖੇ ਦੇਸ਼ ਭਗਤ ਯੂਨਾਈਟਡ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾ. ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਹਾਈਪਰਟੈਂਸ਼ਨ ਦਿਵਸ ਤੇ ਐੱਸ.ਐੱਮ.ਓ. ਚੱਕ ਸ਼ੇਰੇਵਾਲਾ ਡਾ. ਕੁਲਤਾਰ ਸਿੰਘ ਤੇ ਸਮੂਹ ਟੀਮ ਵੱਲੋਂ ਸੈਮੀਨਾਰ ਲਗਾਇਆ ਗਿਆ।ਇਸ ਮੌਕੇ ਸ੍ਰੀਮਤੀ ਰੁਪਿੰਦਰ ਕੌਰ ਬੁੱਟਰ ਪ੍ਰਿੰਸੀਪਲ ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਨਰਸਿੰਗ ਐਂਡ ਪੈਰਾ ਮੈਡੀਕਲ ਸਾਇੰਸਜ਼ ਸ੍ਰੀ ਮੁਕਤਸਰ ਸਾਹਿਬ, ਸ੍ਰੀ ਮੇਜਰ ਚੰਦ ਸੁਪਰਡੈਂਟ, ਸ੍ਰੀ ਮਨੀਸ਼ ਜੋਸ਼ੀ ਪ੍ਰਿੰਸੀਪਲ ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ ਫਾਰਮੇਸੀ, ਸਮੂਹ ਸਟਾਫ਼ ਤੇ ਵਿਦਿਆਰਥੀ ਮੌਜੂਦ ਸਨ।ਇਸ ਮੌਕੇ ਐੱਸ.ਐੱਮ.ਓ. ਡਾ. ਕੁਲਤਾਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਹਾਈਪਰਟੈਂਸ਼ਨ ਦੇ ਕਾਰਨਾਂ ਬਾਰੇ ਦੱਸਿਆ।ਇਸ ਤੋਂ ਇਲਾਵਾ ਉਨ੍ਹਾਂ ਵਿਦਿਆਰਥੀਆਂ ਨੂੰ ਹਾਈਪਰਟੈਂਸ਼ਨ ਦੇ ਇਲਾਜ ਬਾਰੇ ਦੱਸਦੇ ਹੋਏ ਕਿਹਾ ਕਿ ਸਿਹਤਮੰਦ ਖੁਰਾਕ ਖਾਓ, ਨਿਮਤ ਕਸਰਤ ਕਰੋ ਤਣਾਅ ਨੂੰ ਘਟਾਓ ਤੇ ਤੰਬਾਕੂ ਤੋਂ ਦੂਰ ਰਹੋ। ਇਸ ਸਮੇਂ ਵਿਦਿਆਰਥੀਆਂ ਨੇ ਭਾਸ਼ਣ ਪ੍ਰਤੀਯੋਗਤਾ ਚਾਰਟ ਪ੍ਰਤੀਯੋਗਤਾ ਤੇ ਨੁੱਕੜ ਨਾਟਕ ਵਿੱਚ ਹਿੱਸਾ ਲਿਆ ਤੇ ਹਾਈਪਰਟੈਂਸ਼ਨ ਬਾਰੇ ਜਾਗਰੂਕ ਕੀਤਾ।ਇਸ ਤੋਂ ਬਾਅਦ ਪ੍ਰਿੰਸੀਪਲ ਰੁਪਿੰਦਰ ਕੌਰ ਬੁੱਟਰ ਨੇ ਵਿਦਿਆਰਥੀਆਂ ਨੂੰ ਸੰਬੋਧਤ ਕਰਦੇ ਹੋਏ ਕਿਹਾ ਕਿ ਹਾਈਪਰਟੇਸ਼ਨ ਤੋਂ ਬਚੋ, ਸਿਹਤਮੰਦ ਖੁਰਾਕ ਖਾਓ। ਸੈਮੀਨਾਰ ਦੇ ਅਖੀਰ ਵਿੱਚ ਸਾਰੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।

## ਡਾ. ਮੱਟੂ ਨੇ ਵਿਦਿਆਰਥੀ ਨੂੰ ਉਚੇਰੀ ਸਿੱਖਿਆ ਦੇ ਮਹੱਤਵ ਬਾਰੇ ਦੱਸਿਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਵਿਦਿਆਰਥੀ ਹੌਸਲੇ ਨਾਲ ਉਚੇਰੀ ਸਿੱਖਿਆ ਵੱਲ ਵਧਣ ਤਾਂ ਉਹ ਵੱਡੇ ਤੋਂ ਵੱਡਾ ਮੁਕਾਮ ਹਾਸਲ ਕਰ ਸਕਦੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਸ਼ੁਤਰਾਣਾ ਦੇ ਸਰਗਰਮ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਹਲਕੇ ਦੇ ਪਿੰਡ ਅਸਮਾਨਪੁਰ ਦੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੇ ਮਹੱਤਵ ਬਾਰੇ ਦੱਸਦਿਆਂ ਕੀਤਾ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਸਿੱਖਿਆ ਨਾਲ ਜੋੜਨਾ ਬਹੁਤ ਹੀ ਜ਼ਰੂਰੀ ਹੈ ਤਾਂ ਜੋ ਉਹ ਆਪਣੀ ਮੰਜ਼ਲ ਵੱਲ ਵਧ ਸਕਣ ਤੇ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿ ਸਕਣ।ਉਨ੍ਹਾਂ ਕਿਹਾ ਕਿ ਹਲਕਾ ਸ਼ੁਤਰਾਣਾ ਦਾ ਕੋਈ ਵੀ ਵਿਦਿਆਰਥੀ, ਬਜ਼ੁਰਗ, ਚੱਲਣ ਫਿਰਨ ਤੋਂ ਅਸਮਰੱਥ ਵਿਅਕਤੀ ਦੀ ਸਮੱਸਿਆ ਜਾਨਣ ਲਈ ਉਹ ਖੁਦ ਉਸ ਪਾਸ ਚੱਲ ਕੇ ਜਾਣਗੇ।ਉਨ੍ਹਾ ਕਿਹਾ ਕਿ ਬਾਰਵੀਂ ਤੋਂ ਬਾਅਦ ਵਿਦਿਆਰਥੀ ਕਾਲਜਾਂ ਵੱਲ ਜਾਣ, ਉਸ ਤੋਂ ਬਾਅਦ ਵਿਦਿਆਰਥੀ ਯੂਨੀਵਰਸਿਟੀਆਂ ਵੱਲ ਜਾਣ, ਉਚੇਰੀ ਸਿੱਖਿਆ ਹੀ ਨੌਜਵਾਨ ਪੀੜ੍ਹੀ ਨੂੰ ਆਪਣੇ ਦੇਸ਼, ਸੂਬੇ, ਹਲਕੇ ਤੇ ਇਲਾਕੇ ਦੇ ਨਿਰਮਾਣ ਵਿੱਚ ਵੱਡੀ ਭੂਮਿਕਾ ਨਿਭਾਏਗੀ।

# ਐੱਨ ਐੱਚ ਐੱਮ ਯੂਨੀਅਨ ਨੇ ਸਿਵਲ ਸਰਜਨ ਤਰਨ ਤਾਰਨ ਨੂੰ ਦਿੱਤਾ ਮੰਗ ਪੱਤਰ

ਚੋਹਲਾ ਸਾਹਿਬ (ਰਮਨ ਚੱਢਾ)- ਨੈਸ਼ਨਲ ਹੈਲਥ ਮਿਸ਼ਨ ਦੇ ਮੁਲਾਜ਼ਮਾਂ ਦੀਆਂ ਮੰਗਾਂ ਦੀ ਸੁਣਵਾਈ ਨਾ ਹੋਣ ਕਾਰਨ ਰੋਸ ਵਜੋਂ ਸਟੇਟ ਯੂਨੀਅਨ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਜ਼ਿਲ੍ਹਾ ਤਰਨ ਤਾਰਨ ਦੇ ਬਲਾਕਾਂ ਦੇ ... ਅਤੇ ਸਿਵਲ ਸਰਜਨ ਤਰਨ ਤਾਰਨ ਨੂੰ ਯੂਨੀਅਨ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਮੰਗ ਪੱਤਰ ਦਿੱਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਯੂਨੀਅਨ ਦੇ ਆਗੂ ਆਰੂਸ਼ ਭੱਲਾ ਅਤੇ ਪ੍ਰਧਾਨ ਜਸਬੀਰ ਸਿੰਘ ਨੇ ਦੱਸਿਆ ਕਿ ਐੱਨ ਐੱਚ ਐੱਮ ਮੁਲਾਜ਼ਮਾਂ ਵੱਲੋਂ ਹਰ ਪੱਧਰ ਤੇ ਸਿਹਤ ਵਿਭਾਗ ਵਿੱਚ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ਪ੍ਰੰਤੂ ਸਰਕਾਰ ਵੱਲੋਂ ਸਾਡੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਦੇ ਹੱਲ ਨਹੀਂ ਕੀਤੇ ਜਾ ਰਹੇ ਜਿਸ ਦੇ ਸਬੰਧ ਵਿੱਚ ਯੂਨੀਅਨ ਵੱਲੋਂ ਸਮੇਂ ਸਮੇਂ ਸਰਕਾਰ ਦੇ ਨੁਮਾਇੰਦਿਆਂ ਅਤੇ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਜਾਂਦਾ ਰਿਹਾ ਪਰ ਕਿਸੇ ਵੱਲ ਕੋਈ ਸਾਰ ਨਹੀਂ ਲਈ ਜਾ ਰਹੀ।



ਉਨ੍ਹਾਂ ਦੱਸਿਆ ਕਿ ਸਰਕਾਰ ਨਾਲ 30 ਤੋਂ 35 ਮੀਟਿੰਗਾਂ ਹੋਣ ਦੇ ਬਾਅਦ ਵੀ ਕਿਸੇ ਮਸਲੇ ਦਾ ਹੱਲ ਨਹੀਂ ਕੱਢਿਆ ਗਿਆ। ਉਨ੍ਹਾਂ ਦੱਸਿਆ ਕਿ ਐੱਨ ਐੱਚ ਐੱਮ ਯੂਨੀਅਨ ਵੱਲੋਂ ਰੋਸ ਜ਼ਾਹਰ ਕਰਦਿਆਂ 13 ਜੂਨ ਨੂੰ ਕਲਮ ਛੋੜ ਹੜਤਾਲ ਦੌਰਾਨ ਹਰ ਕਿਸਮ ਦਾ ਆਨਲਾਈਨ ਅਤੇ ਆਫਲਾਈਨ ਕੰਮ ਠੱਪ ਕਰਦੇ ਹੋਏ ਮੁਲਾਜ਼ਮ ਸਰਕਾਰ ਦਾ ਪਿੱਟ ਸਿਆਪਾ ਕਰਨਗੇ। ਉਨ੍ਹਾਂ ਦੱਸਿਆ ਕਿ 15 ਜੂਨ ਦਿਨ ਐਤਵਾਰ ਨੂੰ ਨੈਸ਼ਨਲ ਹੈਲਥ ਮਿਸ਼ਨ ਦੇ 8 ਹਜ਼ਾਰ ਮੁਲਾਜ਼ਮ ਲੁਧਿਆਣਾ ਵਿਖੇ ਇੱਕ ਵੱਡੀ ਰੈਲੀ ਕਰਨਗੇ ਅਤੇ ਸਰਕਾਰ ਦਾ ਪਿੱਟ ਸਿਆਪਾ ਕਰਦੇ ਹੋਏ ਸਥਾਨਕ ਲੋਕਾਂ ਨੂੰ ਸਰਕਾਰ ਦੀਆਂ ਨਾਕਾਮੀਆਂ ਬਾਰੇ ਜਾਗਰੂਕ ਕਰਵਾਉਣਗੇ। ਇਸ ਸਮੇਂ ਮਨਦੀਪ ਸਿੰਘ ਜ਼ਿਲ੍ਹਾ ਆਗੂ, ਵਿਸ਼ਾਲ ਕੁਮਾਰ, ਅਮਰਜੀਤ ਕੌਰ ਕੌਰ, ਅਮਨਦੀਪ ਸਿੰਘ ਘਰਿਆਲਾ, ਗੁਰਜੀਤ ਸਿੰਘ, ਕੁਲਵੰਤ ਸਿੰਘ ਪੱਟੀ, ਕੁਲਵੰਤ ਕੌਰ, ਕਵਲਜੀਤ ਸਿੰਘ ਮੀਆਂਵਿੰਡ, ਅਮਨਦੀਪ ਸਿੰਘ, ਜਤਿੰਦਰ ਕੌਰ, ਪ੍ਰਭਜੋਤ ਕੌਰ, ਨਵਨੀਤ ਕੌਰ, ਤੇਜਿੰਦਰ ਸਿੰਘ, ਨੀਰੂ ਧਵਨ, ਕਵਲਜੀਤ ਕੌਰ, ਰਾਜਵਿੰਦਰ ਕੌਰ ਏ.ਐਨ.ਐਮ, ਕਵਲਜੀਤ ਕੌਰ, ਡਾ: ਵਿਵੇਕ ਸ਼ਰਮਾ ਆਦਿ ਹਾਜ਼ਰ ਸਨ।

# 'ਦਿ ਗ੍ਰੇਟ ਇੰਡੀਅਨ ਕਪਿਲ ਸ਼ੋਅ' ਦਾ ਤੀਜਾ ਸੀਜ਼ਨ 21 ਤੋਂ ਸ਼ੁਰੂ

ਅੰਮ੍ਰਿਤਸਰ: ਤਿਆਰ ਰਹੋ! ਠੋਕੋ ਤਾਲੀ ਵਾਪਸ ਆ ਗਿਆ ਹੈ ਮਤਲਬ ਨਵਜੋਤ ਸਿੰਘ ਸਿੱਧੂ! ਨੈੱਟਫਲਿਕਸ 'ਤੇ 'ਦਿ ਗ੍ਰੇਟ ਇੰਡੀਅਨ ਕਪਿਲ ਸ਼ੋਅ' 21 ਜੂਨ ਨੂੰ ਆਪਣੇ ਤੀਜੇ ਸੀਜ਼ਨ ਦੀ ਸ਼ੁਰੂਆਤ ਇੱਕ ਅਜਿਹੇ ਮੋੜ ਨਾਲ ਕਰ ਰਿਹਾ ਹੈ ਜੋ ਦਰਸ਼ਕਾਂ ਨੇ ਕਦੇ ਨਹੀਂ ਦੇਖਿਆ। ਅਸਲੀ ਹਾਸਿਆਂ ਦਾ ਰਾਜਾ ਆਪਣੀ ਸਹੀ ਜਗ੍ਹਾ 'ਤੇ ਵਾਪਸ ਆ ਗਿਆ ਹੈ। ਸਿੰਘਾਸਨ 'ਤੇ ਹਾਸਿਆਂ ਦੀ ਰਾਣੀ ਅਰਚਨਾ ਪੂਰਨ ਸਿੰਘ ਦੇ ਬਿਲਕੁਲ ਨਾਲ! ਹਾਂ, ਤੁਸੀਂ ਇਹ ਸਹੀ ਪੜ੍ਹਿਆ ਹੈ। ਇਹ ਹੁਣ ਦੋ ਜੱਜਾਂ ਦੀ ਕਾਮੇਡੀ ਅਦਾਲਤ ਬਣ ਗਈ ਹੈ ਅਤੇ ਪੂਰੀ ਤਰ੍ਹਾਂ ਸਰਕਸਿਜ਼ਮੀ ਨਾਲ ਹੈ- ਹਾਸੇ ਨੂੰ ਦੁੱਗਣਾ ਕਰੋ, ਮੁਸੀਬਤ ਨੂੰ ਦੁੱਗਣਾ ਕਰੋ ਅਤੇ ਯਕੀਨੀ ਤੌਰ 'ਤੇ ਤਾੜੀਆਂ ਨੂੰ ਦੁੱਗਣਾ ਕਰੋ। ਨੈੱਟਫਲਿਕਸ ਅਤੇ ਕਪਿਲ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਪ੍ਰਸ਼ੰਸਕਾਂ ਨਾਲ ਵਾਅਦਾ ਕੀਤਾ ਸੀ ਕਿ 'ਹਰ ਫਨੀਵਾਰ ਵਧੇਗਾ ਹਮਾਰਾ ਪਰਿਵਾਰ' ਅਤੇ ਉਸ ਵਾਅਦੇ ਨੂੰ ਪੂਰਾ ਕਰਦੇ ਹੋਏ ਉਨ੍ਹਾਂ ਨੇ ਸਿੱਧੂ ਭਾਅ ਜੀ ਨੂੰ ਲਿਆ ਕੇ ਕਾਮੇਡੀ ਪਰਿਵਾਰ ਨੂੰ ਵੱਡਾ ਬਣਾਇਆ ਹੈ।

# ਮਜ਼ਦੂਰ ਮੁਕਤੀ ਮੋਰਚੇ ਦੇ ਆਗੂ ਰਮਨਪ੍ਰੀਤ ਸਿੰਘ ਲਈ ਇਨਸਾਫ ਦੀ ਮੰਗ



ਬਟਾਲਾ (ਤਰਲੋਕ ਬੱਗਾ)-ਲਿਬਰੇਸ਼ਨ ਵੱਲੋਂ ਗੁਲਜ਼ਾਰ ਸਿੰਘ ਸੀਪੀਆਈ ਐੱਮਐੱਲ, ਵਿਜੇ ਕੁਮਾਰ ਸੋਹਲ ਅਤੇ ਦਲਬੀਰ ਭੋਲਾ ਦੀ ਅਗਵਾਈ ਵਿੱਚ ਇੱਕ ਪਾਰਟੀ ਵਫਦ ਨੇ ਐੱਸਐੱਸਪੀ ਬਟਾਲਾ ਨੂੰ ਮਿਲ ਕੇ ਮੰਗ ਕੀਤੀ ਕਿ ਥਾਣਾ ਘਣੀਏ ਕੇ ਬਾਂਗਰ ਦੇ ਪਿੰਡ ਪਿੰਡੀ ਦੇ ਮਜ਼ਦੂਰ ਮੁਕਤੀ ਮੋਰਚੇ ਦੇ ਆਗੂ ਰਮਨਪ੍ਰੀਤ ਸਿੰਘ ਦੀ ਮਾਰਕੁਟਾਈ ਕਰਨ ਅਤੇ ਜਾਤੀਸੂਚਕ ਅਪਸ਼ਬਦ ਬੋਲਣ ਵਾਲੇ ਵਿਅਕਤੀਆਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸ਼ਿਕਾਇਤ ਵਿਚ ਲਿਖਿਆ ਗਿਆ ਕਿ 29 ਅਪ੍ਰੈਲ ਨੂੰ ਮਜ਼ਦੂਰ ਮੁਕਤੀ ਮੋਰਚਾ ਵੱਲੋਂ ਬਲਾਕ ਫਤਿਹਗੜ੍ਹ ਚੂੜੀਆਂ ਵਿੱਚ ਮਨਰੇਗਾ ਦੇ ਰੋਜ਼ਗਾਰ ਅਤੇ ਮਨਰੇਗਾ ਵਿੱਚ ਹੋਏ ਘਪਲਿਆਂ ਖਿਲਾਫ ਧਰਨਾ ਦਿੱਤਾ ਸੀ ਤਾਂ ਪਿੰਡੀ ਪਿੰਡ ਦੇ ਸੱਤਾਧਾਰੀ ਧਿਰ ਨਾਲ ਸੰਬੰਧਿਤ ਪੰਚਾਇਤੀ ਆਦਮੀਆਂ ਨੇ ਧਰਨੇ ਵਿਚ ਆ ਕੇ ਧਮਕਾਉਣਾ ਸ਼ੁਰੂ ਕਰ ਦਿੱਤਾ ਕਿ ਤੁਸੀਂ ਸਾਡੇ ਵਿਰੁੱਧ ਧਰਨਾ ਕਿਓਂ ਦਿੱਤਾ ਹੈ? ਇਸੇ ਦਿਨ ਸ਼ਾਮ ਨੂੰ ਪੰਚਾਇਤ ਨਾਲ ਸੰਬੰਧਿਤ ਇਨ੍ਹਾਂ ਵਿਅਕਤੀਆਂ ਨੇ ਮਜ਼ਦੂਰ ਆਗੂ ਨੂੰ ਦਲਿਤ ਹੋਣ ਕਾਰਨ ਪਿੰਡ ਵਿੱਚ ਉਸਦੀ ਕੁੱਟਮਾਰ ਕੀਤੀ ਅਤੇ ਜਾਤੀਸੂਚਕ ਅਪਸ਼ਬਦ ਵਰਤੇ। ਮਜ਼ਦੂਰ ਆਗੂਆਂ ਕਿਹਾ ਕਿ ਡਾਕਟਰੀ ਰਿਪੋਰਟ ਦੀ ਕਾਪੀ ਥਾਣਾ ਘਣੀਏ ਕੇ ਬਾਂਗਰ ਨੂੰ ਭੇਜੇ ਜਾਣ ਅਤੇ ਮੋਰਚੇ ਵੱਲੋਂ ਥਾਣਾ ਅਧਿਕਾਰੀਆਂ ਨੂੰ ਵਾਰ-ਵਾਰ ਮਿਲਣ ਦੇ ਬਾਵਜੂਦ ਦੋ ਹਫਤੇ ਦਾ ਸਮਾਂ ਬੀਤ ਜਾਣ ਉਪਰੰਤ ਵੀ ਅਧਿਕਾਰੀਆਂ ਨੇ ਕੋਈ ਕਾਰਵਾਈ ਨਹੀਂ ਕੀਤੀ। ਆਗੂਆਂ ਪੁਲਸ ਉਪਰ ਸਿਆਸੀ ਦਬਾਅ ਹੇਠ ਕੰਮ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਪੁਲਸ ਸਾਨੂੰ ਸੰਘਰਸ਼ ਕਰਨ ਦੇ ਰਸਤੇ ਵੱਲ ਧੱਕ ਰਹੀ ਹੈ।

# ਦੋ ਬੱਚਿਆਂ ਦੀ ਮਾਂ ਇੱਕ ਬੱਚੇ ਨੂੰ ਲੈ ਕੇ ਪ੍ਰੇਮੀ ਨਾਲ ਔਧਲ ਗਈ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਥਾਣਾ ਕਾਦੀਆਂ ਅਧੀਨ ਪੈਂਦੇ ਮੁਹੱਲਾ ਕ੍ਰਿਸ਼ਨਾ ਨਗਰ ਕਾਦੀਆਂ ਤੋਂ ਇੱਕ ਔਰਤ ਵੱਲੋਂ ਆਪਣੀ ਇੱਕ ਲੜਕੀ ਨੂੰ ਨਾਲ ਲੈ ਕੇ ਪ੍ਰੇਮੀ ਨਾਲ ਫਰਾਰ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਕਰਮ ਨੇ ਦੱਸਿਆ ਕਿ ਉਸਦੀ ਔਰਤ ਆਪਣੇ ਦੋ ਬੱਚੇ ਲੜਕਾ ਅਤੇ ਲੜਕੀ 'ਚੋਂ ਆਪਣੇ ਨਾਲ ਲੜਕੀ ਨੂੰ ਲੈ ਕੇ ਬਿਨਾਂ ਦੱਸਿਆਂ ਕਿਤੇ ਚਲੀ ਗਈ। ਸ਼ੱਕ ਹੈ ਕਿ ਉਸ ਦੀ ਪਤਨੀ ਨੂੰ ਉਨ੍ਹਾਂ ਦਾ ਇੱਕ ਰਿਸ਼ਤੇਦਾਰ ਵਰਗਲਾ ਕੇ ਲੈ ਗਿਆ ਹੈ। ਇਸ ਸਬੰਧੀ ਉਨ੍ਹਾਂ ਨੇ ਥਾਣਾ ਕਾਦੀਆਂ ਨੂੰ ਲਿਖਤੀ ਸ਼ਿਕਾਇਤ ਦੇ ਕੇ ਸੰਬੰਧਤ ਵਿਅਕਤੀ ਦੇ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਵੱਲੋਂ ਇੱਕ ਲਿਖਤੀ ਸ਼ਿਕਾਇਤ ਐੱਸਐੱਸਪੀ ਬਟਾਲਾ ਨੂੰ ਵੀ ਦਿੱਤੀ ਗਈ ਹੈ ਜਿਨ੍ਹਾਂ ਨੇ ਮਾਰਕ ਕਰਕੇ ਉਹ ਸ਼ਿਕਾਇਤ ਡੀਐੱਸਪੀ ਰਜੇਸ਼ ਕੁਮਾਰ ਕੱਕੜ ਨੂੰ ਟ੍ਰਾਂਸਫਰ ਕਰ ਦਿੱਤੀ ਹੈ। ਪੀੜਤ ਵਿਕਰਮ ਨੇ ਦੱਸਿਆ ਕਿ ਪੁਲਸ ਦੇ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਰਹੀ ਜਿਸ ਨਾਲ ਉਹ ਦਰ-ਦਰ ਦੀਆਂ ਠੋਕਰਾਂ ਖਾ ਰਿਹਾ ਹੈ। ਜਦੋਂ ਵੀ ਉਹ ਪੁਲਸ ਦੇ ਨਾਲ ਰਾਬਤਾ ਕਾਇਮ ਕਰਦੇ ਹਨ ਤਾਂ ਪੁਲਸ ਦੇ ਵੱਲੋਂ ਅੱਗੋਂ ਉਨ੍ਹਾਂ ਨੂੰ ਟਿੱਚਰਾਂ ਕਰਕੇ ਉਸ ਨੂੰ ਸ਼ਰਮਿੰਦਾ ਕੀਤਾ ਜਾਂਦਾ। ਇਸ ਸਾਰੇ ਮਾਮਲੇ ਸਬੰਧੀ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਡੀਜੀਪੀ ਪੰਜਾਬ ਅਤੇ ਹੋਰਨਾਂ ਅਧਿਕਾਰੀਆਂ ਨੂੰ ਵੀ ਲਿਖਤੀ ਸ਼ਿਕਾਇਤਾਂ ਦਿੱਤੀ ਗਈ ਹੈ ਪਰ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਹੋਈ। ਪੀੜਤ ਵਿਅਕਤੀ ਵਿਕਰਮ ਨੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੇ ਕੋਲੋਂ ਮੰਗ ਕੀਤੀ ਹੈ ਕਿ ਉਸ ਦੀ ਪਤਨੀ ਨੂੰ ਜਿਹੜਾ ਵੀ ਰਿਸ਼ਤੇਦਾਰ ਵਰਗਲਾ ਕੇ ਲੈ ਗਿਆ ਹੈ ਉਸ ਦੇ ਖਿਲਾਫ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।



ਵਿਕਰਮ ਨੇ ਦੱਸਿਆ ਕਿ ਉਸਦੀ ਪਤਨੀ ਨੂੰ ਘਰ [illegible] ਹੁਣ ਤੱਕ ਕਰੀਬ ਦੋ ਮਹੀਨੇ ਦੇ ਲਗਭਗ ਸਮਾਂ ਬੀਤ ਚੁੱਕਿਆ ਹੈ ਪਰ ਪੁਲਸ ਵੱਲੋਂ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਜੇਕਰ ਪੁਲਸ ਨੇ ਇਨਸਾਫ ਨਾ ਦਿੱਤਾ ਤਾਂ ਉਹ ਅਗਲਾ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗਾ।

# ਸੀ ਜੇ ਐੱਮ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ

ਪਠਾਨਕੋਟ (ਦਵਿੰਦਰ ਸਿੰਘ)-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਸਕੱਤਰ-ਕਮ-ਜ਼ਿਲ੍ਹਾ ਅਤੇ ਸੀਜੇਐੱਮ ਰੁਪਿੰਦਰ ਸਿੰਘ ਦੀ ਅਗਵਾਈ ਵਿੱਚ 13 ਸਤੰਬਰ ਨੂੰ ਲੱਗਣ ਵਾਲੀ ਨੈਸ਼ਨਲ ਲੋਕ ਅਦਾਲਤ ਨੂੰ ਲੈ ਕੇ ਜ਼ਿਲ੍ਹਾ ਪਠਾਨਕੋਟ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਸੀ ਜੇ ਐੱਮ ਰੁਪਿੰਦਰ ਸਿੰਘ ਨੇ ਕਿਹਾ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸ ਲਗਵਾਉਣੇ ਚਾਹੀਦੇ ਹਨ ਤਾਂ ਜੋ ਲੋਕਾਂ ਨੂੰ ਸਸਤਾ ਅਤੇ ਸੌਖਾ ਨਿਆਂ ਪ੍ਰਾਪਤ ਹੋ ਸਕੇ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਦੇ ਫੈਸਲੇ ਦੀ ਫਿਰ ਕਿਤੇ ਵੀ ਅਪੀਲ ਨਹੀਂ ਕੀਤੀ ਜਾ ਸਕਦੀ। ਇਸ ਦਾ ਫੈਸਲਾ ਆਖਰੀ ਫੈਸਲਾ ਹੁੰਦਾ ਹੈ। ਇਸ ਵਿੱਚ ਲੱਗੀ ਹੋਈ ਕੋਰਟ ਫੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਕਿਸੇ ਵੀ ਪਾਰਟੀ ਦੀ ਹਾਰ ਨਹੀਂ ਹੁੰਦੀ ਬਲਕਿ ਦੋਵੇਂ ਹੀ ਪਾਰਟੀਆਂ ਕੇਸ ਜਿੱਤ ਕੇ ਜਾਂਦੀਆਂ ਹਨ, ਇਸ ਲਈ ਸਾਨੂੰ ਨੈਸ਼ਨਲ ਲੋਕ ਅਦਾਲਤ ਵਿੱਚ ਆਪਣਾ ਕੇਸ ਲਵਾ ਕੇ ਭਾਈਚਾਰੇ ਦੀ ਭਾਵਨਾ ਵਿਕਸਿਤ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਘਰੇਲੂ ਝਗੜੇ, ਚੈੱਕ ਬਾਊਂਸ ਕੇਸ, ਛੋਟੇ ਕ੍ਰਿਮੀਨਲ ਕੇਸ, ਦੁਰਘਟਨਾ ਮੁਆਵਜ਼ਾ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਜਾਵੇਗਾ। ਇਸ ਮੌਕੇ ਹਰਜੀਤ ਸਿੰਘ ਸੀਨੀਅਰ ਮੈਨੇਜਰ ਪੰਜਾਬ ਨੈਸ਼ਨਲ ਬੈਂਕ, ਵਿਨੇ ਮਰਵਾਹਾ ਐੱਲਡੀਐੱਮ, ਬੀਐੱਸਐੱਨਐੱਲ ਤੋਂ ਅਜੇ ਕੁਮਾਰ, ਪਰਮੋਦ ਸਿੰਘ ਅਸਿਸਟੈਂਟ ਮੈਨੇਜਰ, ਸਬ ਡਿਵੀਜ਼ਨ ਇੰਜੀਨੀਅਰ ਧੀਰਜ ਕੁਮਾਰ ਵਾਟਰ ਸਪਲਾਈ ਡਿਪਾਰਟਮੈਂਟ, ਸੋਮਰਾਜ ਅਸਿਸਟੈਂਟ ਮੈਨੇਜਰ ਨੈਸ਼ਨਲ ਇਨਸੋਰਸ ਕੰਪਨੀ, ਸਾਹਿਲ ਅਸਿਸਟੈਂਟ ਮੈਨੇਜਰ ਇਨਸੋਰਸ ਕੰਪਨੀ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਸ਼ਾਮਿਲ ਸਨ।



# ਪੰਜਾਬ ਨੈਸ਼ਨਲ ਬੈਂਕ ਲੋਕਾਂ ਦੀ ਸਹੂਲਤ ਲਈ ਕਰ ਰਿਹਾ ਵਿਸ਼ੇਸ਼ ਉਪਰਾਲੇ: ਸੰਜੀਤ ਕੁਮਾਰ

ਗੁਰਦਾਸਪੁਰ, (ਜਨਕ ਮਹਾਜਨ)-ਪੰਜਾਬ ਨੈਸ਼ਨਲ ਬੈਂਕ ਦੇ ਨਵ-ਨਿਯੁਕਤ ਸਰਕਲ ਹੈੱਡ ਸੰਜੀਤ ਕੁਮਾਰ ਕੌਂਡਲ ਨੇ ਹਨੂੰਮਾਨ ਚੌਕ ਬਰਾਂਚ ਗੁਰਦਾਸਪੁਰ ਦੀ ਫ਼ੇਰੀ ਦੌਰਾਨ ਇਸ ਪੱਤਰਕਾਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਪੰਜਾਬ ਨੈਸ਼ਨਲ ਬੈਂਕ ਭਾਰਤ ਸਰਕਾਰ ਦਾ ਇਕ ਮੋਹਰੀ ਬੈਂਕ ਹੈ ਅਤੇ ਇਸ ਬੈਂਕ ਰਾਹੀਂ ਸੀਨੀਅਰ ਸਿਟਜ਼ਨ, ਪੈਨਸ਼ਨਰਜ਼, ਤਨਖ਼ਾਹ ਲੈਣ ਵਾਲੇ ਮੁਲਾਜ਼ਮ ਅਤੇ ਉੱਚ ਵਿੱਦਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੋਂ ਇਲਾਵਾ ਵੱਖ-ਵੱਖ ਖੇਤਰਾਂ ਦੇ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਹੀ ਪਠਾਨਕੋਟ ਵਿਖੇ ਸਰਕਲ ਹੈੱਡ ਵਜੋਂ ਜੁਆਇਨ ਕੀਤਾ ਅਤੇ ਉਨ੍ਹਾਂ ਦਾ ਮੁੱਖ ਉਦੇਸ਼ ਇਸ ਬੈਂਕ ਨੂੰ ਹੋਰ ਵੀ ਤਰੱਕੀਆਂ ਅਤੇ ਉਚੀਆਂ ਬੁਲੰਦੀਆਂ 'ਤੇ ਖੜਨਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਅਧੀਨ ਦੋ ਜ਼ਿਲ੍ਹੇ ਗੁਰਦਾਸਪੁਰ ਅਤੇ ਪਠਾਨਕੋਟ ਆਉਂਦੇ ਹਨ ਅਤੇ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਵਿਚ 68 ਤੋਂ ਵੱਧ ਬੈਂਕਾਂ ਦੀਆਂ ਬਰਾਂਚਾਂ ਹਨ ਜਿਨ੍ਹਾਂ ਵਿਚ 9 ਹਜ਼ਾਰ ਕਰੋੜ ਰੁਪਏ ਤੋਂ ਵੱਧ ਰਾਸ਼ੀ ਜਮ੍ਹਾਂ ਹੈ ਜਿਸ ਵਿਚੋਂ 2500 ਕਰੋੜ ਰੁਪਏ ਐਡਵਾਂਸ ਵਜੋਂ ਦਿੱਤੇ ਹਨ। ਇਨ੍ਹਾਂ ਐਡਵਾਂਸ ਪੈਸਿਆਂ ਵਿਚੋਂ 1100 ਕਰੋੜ ਰੁਪਏ ਖੇਤੀ ਸੈਕਟਰ, 500 ਕਰੋੜ ਰੁਪਏ ਇੰਡਸਟਰੀਅਲ ਤੋਂ ਇਲਾਵਾ ਬਾਕੀ ਰਿਟੇਲ ਸੈਕਟਰ ਵਿਚ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਇਸ ਸਰਕਲ ਵਿੱਚ 20 ਲੱਖ ਦੇ ਕਰੀਬ ਬੱਚਤ ਖਾਤੇ ਹਨ ਅਤੇ ਲੱਗਭਗ 50 ਹਜ਼ਾਰ ਦੇ ਕਰੀਬ ਚਾਲੂ ਖਾਤੇ ਹਨ। ਇਨ੍ਹਾਂ ਵਿਚ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤਹਿਤ 25 ਹਜ਼ਾਰ ਖ਼ਾਤੇ ਚਾਲੂ ਹਨ। ਉਨ੍ਹਾਂ ਦੱਸਿਆ ਕਿ ਪੈਨਸ਼ਨਰਜ਼ ਅਤੇ ਸੀਨੀਅਰ ਸਿਟੀਜਨਜ਼ ਦੀਆਂ ਸਹੂਲਤਾਂ ਬਾਰੇ ਹਰ ਮਹੀਨੇ ਦੀ 1 ਤਾਰੀਖ਼ ਤੋਂ ਲੈ ਕੇ 10 ਤਾਰੀਖ਼ ਤੱਕ ਇਨ੍ਹਾਂ ਦੀ ਸਹੂਲਤ ਵਾਸਤੇ ਅਲੱਗ ਕਾਊਂਟਰ ਖੋਲ੍ਹਣ ਦੀ ਸਹੂਲਤ ਹੈ ਅਤੇ 80 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਡੋਰ ਸਟੈੱਪ ਬੈਂਕਿੰਗ ਦੀ ਸਹੂਲਤ ਵੀ ਦਿੱਤੀ ਜਾਂਦੀ ਹੈ। ਸਰਕਲ ਹੈੱਡ ਕੌਂਡਲ ਨੇ ਦੱਸਿਆ ਕਿ ਉਨ੍ਹਾਂ ਦੇ ਸਰਕਲ ਵਿਚ ਤਿੰਨ ਚੈਸਟਾਂ ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ ਵਿਖੇ ਆਰ. ਬੀ. ਆਈ. ਦੇ ਦਿਸ਼ਾ ਤਹਿਤ ਚੱਲ ਰਹੀਆਂ ਹਨ। ਇਸ ਸਰਕਲ ਵਿਚ 74 ਦੇ ਕਰੀਬ ਏਟੀਐੱਮ ਕੰਮ ਕਰ ਰਹੇ ਹਨ ਅਤੇ 175 ਦੇ ਕਰੀਬ ਬੀਸੀਏ ਹਨ। ਸੰਜੀਵ ਕੌਂਡਲ ਨੇ ਕਿਹਾ ਕਿ ਜੇਕਰ ਕਿਸੇ ਵੀ ਖ਼ਾਤਾਧਾਰਕ ਨੂੰ ਕਿਸੇ ਵੀ ਕਿਸਮ ਦੀ ਬੈਂਕ ਪ੍ਰਤੀ ਮੁਸ਼ਕਿਲ ਪੇਸ਼ ਆਵੇ ਤਾਂ ਉਹ ਸਿੱਧੇ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਉਨ੍ਹਾਂ ਨਾਲ ਸ਼ਸ਼ਾਂਕ ਸ਼ੁਕਲਾ ਚੀਫ ਮੈਨੇਜਰ, ਰਾਜਨ ਮਲਹੋਤਰਾ ਜ਼ਿਲ੍ਹਾ ਲੀਡ ਬੈਂਕ ਮੈਨੇਜਰ ਅਤੇ ਗੁਰਮੀਤ ਸ਼ਰਮਾ ਸੀਨੀਅਰ ਮੈਨੇਜਰ ਹਾਜ਼ਰ ਸਨ।



# ਡੀ ਬੀ ਐੱਫ ਸੀ ਸੀਨੀਅਰ ਸੈਕੰਡਰੀ ਸਕੂਲ ਤੇ ਕਾਲਜ ਲੀਲ ਕਲਾਂ ਜਿੱਥੇ ਦਿੱਤੀ ਜਾਂਦੀ ਹੈ ਮੁਫਤ ਸਿੱਖਿਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਡੀ. ਬੀ. ਐੱਫ. ਸੀ. ਸੀਨੀਅਰ ਸੈਕੰਡਰੀ ਸਕੂਲ ਅਤੇ ਕਾਲਜ ਲੀਲ ਕਲਾਂ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਮੈਡੀਕਲ ਨਾਨ-ਮੈਡੀਕਲ ਦੇ ਕੋਰਸਾਂ ਦੀਆਂ ਕਲਾਸਾਂ ਚੱਲ ਰਹੀਆਂ ਹਨ ਅਤੇ ਨਰਸਰੀ ਤੋਂ 10+2 ਤੱਕ ਦਾਖਲਾ ਸ਼ੁਰੂ ਹੋ ਚੁਕਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਸਕੂਲ ਦੀ ਪ੍ਰਿੰਸੀਪਲ ਸਿਮਰਜੀਤ ਕੌਰ ਨੇ ਦੱਸਿਆ ਕਿ ਐੱਨ. ਆਰ. ਆਈ. ਵੀਰਾਂ ਦੇ ਸਹਿਯੋਗ ਨਾਲ ਸਕੂਲ ਵਿੱਚ ਬਿਲਕੁਲ ਮੁਫਤ ਤੇ ਮਿਆਰੀ ਸਿੱਖਿਆ ਦਿੱਤੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਇਥੇ ਨਾਨ-ਮੈਡੀਕਲ ਅਤੇ ਮੈਡੀਕਲ ਦੀ ਸਿੱਖਿਆ ਹਾਸਲ ਕਰਨ ਲਈ ਕਿਸੇ ਵੀ ਸਥਾਨ ਤੋਂ ਜ਼ਰੂਰਤਮੰਦ ਵਿਦਿਆਰਥੀ ਆ ਸਕਦੇ ਹਨ ਅਤੇ ਆਪਣਾ ਜੀਵਨ ਖੁਸ਼ਹਾਲ ਬਣਾ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਸਾਡੇ ਕੋਲ ਸਕੂਲ ਦਾ ਸਟਾਫ ਬਹੁਤ ਹੀ ਮਿਹਨਤੀ, ਕੁਆਲੀਫਾਈਡ ਅਤੇ ਬਹਤ ਹੀ ਤਜਰਬੇਕਾਰ ਹੈ। ਉਨ੍ਹਾਂ ਅੱਗੇ ਕਿਹਾ ਕਿ ਸਮੇਂ ਦੀ ਮੰਗ ਨੂੰ ਮੁਖ ਰੱਖਦੇ ਹੋਏ ਸਾਡੇ ਸਕੂਲ ਨੂੰ ਹੋਰ ਵੀ ਪੜ੍ਹੇ ਲਿਖੇ ਤੇ ਤਜਰਬੇਕਾਰ ਸਟਾਫ ਦੀ ਜ਼ਰੂਰਤ ਹੈ। ਪ੍ਰਿੰ. ਸਿਮਰਜੀਤ ਕੌਰ ਨੇ ਅੱਗੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਡੇ ਸਕੂਲ ਵਿੱਚ ਬੱਚਿਆਂ ਨੂੰ ਲਿਆਉਣ ਅਤੇ ਛੱਡਣ ਲਈ ਬਹੁਤ ਹੀ ਘੱਟ ਰੇਟ ਵਿੱਚ ਟਰਾਂਸਪੋਰਟ ਦਾ ਵੀ ਖਾਸ ਪ੍ਰਬੰਧ ਹੈ।




ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲੈਣ ਲਈ ਵਿਦਿਆਰਥੀ ਜਾਂ ਉਨ੍ਹਾਂ ਦੇ ਮਾਤਾ-ਪਿਤਾ ਸਕੂਲ ਪ੍ਰਬੰਧਕਾਂ ਨਾਲ ਸੰਪਰਕ ਕਰ ਸਕਦੇ ਹੋ ਜਾਂ 95014-53061 ਮੋਬਾਇਲ ਨੰਬਰ 'ਤੇ ਵੀ ਗੱਲ ਕਰ ਸਕਦੇ ਹੋ।

# ਲੁਧਿਆਣਾ ਪੱਛਮੀ ਤੋਂ ਘੁੰਮਣ ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਕੇ ਹਲਕੇ ਦਾ ਵਿਕਾਸ ਕਰਾਉਣਗੇ: ਮਜੀਠੀਆ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਜੋ ਕਿ ਘੁੰਮਣ ਦੀ ਜਿੱਤ ਨੂੰ ਯਕੀਨੀ ਬਣਾ ਰਿਹਾ ਹੈ। ਇਹ ਪ੍ਰਗਟਾਵਾ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪਰਉਪਕਾਰ ਸਿੰਘ ਘੁੰਮਣ ਦੇ ਹੱਕ ਵਿੱਚ ਵੱਖ-ਵੱਖ ਵਾਰਡਾਂ ਵਿੱਚ ਚੋਣ ਪ੍ਰਚਾਰ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਮਜੀਠੀਆ ਨੇ ਕਿਹਾ ਕਿ ਲੁਧਿਆਣਾ ਪੱਛਮੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਦਾ ਹਲਕਾ ਲੁਧਿਆਣਾ ਪੱਛਮੀ ਦਾ ਪੂਰਨ ਤੌਰ 'ਤੇ ਵਿਕਾਸ ਕਰਵਾਉਣਾ ਤੇ ਹਲਕੇ ਦੇ ਹਰ ਵਰਗ ਦੀ ਭਲਾਈ ਲਈ ਕੰਮ ਕਰਨਾ ਮੁੱਖ ਏਜੰਡਾ ਹੋਵੇਗਾ ਅਤੇ ਉਨ੍ਹਾਂ ਨੇ ਕਿਹਾ ਕਿ ਉਹ ਹਲਕਾ ਪੱਛਮੀ ਦੇ ਲੋਕਾਂ ਦੀ ਆਵਾਜ਼ ਪੂਰਨ ਤੌਰ 'ਤੇ ਬੁਲੰਦ ਕਰ ਕੇ ਇਲਾਕੇ ਦਾ ਵਿਕਾਸ ਕਰਵਾਉਣਗੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਮੁੱਖ ਏਜੰਡਾ ਹਲਕੇ ਦੀ ਹਰ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣਾ ਸਿੱਖਿਆ, ਸਿਹਤ ਤੇ ਬੁਨਿਆਦੀ ਢਾਂਚੇ ਦਾ ਸੁਧਾਰ ਹੋਵੇਗਾ। ਉਨ੍ਹਾਂ ਵਾਅਦਾ ਕੀਤਾ ਕਿ ਕਿਸਾਨਾਂ ਦੀ ਜ਼ਮੀਨ ਨੂੰ ਸੁਰੱਖਿਅਤ ਰੱਖਿਆ ਜਾਵੇਗਾ ਤੇ ਕਿਸੇ ਵੀ ਭੂ ਮਾਫੀਆ ਜਾਂ ਦਿੱਲੀ ਤੋਂ ਆਏ ਭਗੌੜੇ ਬਿਲਡਰਾਂ ਨੂੰ ਪਿੰਡਾਂ 'ਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਝੂਠੀ ਤੇ ਨਿਕੰਮੀ ਸਰਕਾਰ ਹੈ ਸਾਬਤ ਹੋ ਰਹੀ ਹੈ।

ਇਸ ਮੌਕੇ ਸਾਬਕਾ ਚੇਅਰਮੈਨ ਅਤੇ ਸਿਆਸੀ ਸਲਾਹਕਾਰ ਸੁਖਵਿੰਦਰ ਸਿੰਘ ਗੋਲਡੀ, ਸਾਬਕਾ ਸਰਪੰਚ ਗੁਰਪਾਲ ਸਿੰਘ ਤਨੇਲ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਅੰਮ੍ਰਿਤਸਰ-ਮਹਿਤਾ ਰੂਟ ਦੀ ਲੰਬੇ ਅਰਸੇ ਤੋਂ ਬੰਦ ਪਈ ਬੱਸ ਸੇਵਾ ਮੁੜ ਸ਼ੁਰੂ

ਜੰਡਿਆਲਾ ਗੁਰੂ(ਹਰਿੰਦਰ ਪਾਲ ਸਿੰਘ)-ਅੰਮ੍ਰਿਤਸਰ ਤੋਂ ਮਹਿਤਾ ਰੂਟ ਦੀ ਪਿਛਲੇ ਲੰਬੇ ਸਮੇਂ ਤੋਂ ਬੰਦ ਪਈ ਬੱਸ ਸੇਵਾ ਨੂੰ ਮੁੜ ਸ਼ੁਰੂ ਕੀਤਾ ਹੈ ਜਿਸ ਨਾਲ ਲੋਕਾਂ ਨੂੰ ਕਾਫੀ ਸਹੂਲਤ ਮਿਲੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਹਰਭਜਨ ਸਿੰਘ ਈਟੀਓ ਨੇ ਝੰਡੀ ਦੇ ਕੇ ਮੁੜ ਅੰਮ੍ਰਿਤਸਰ ਤੋਂ ਮਹਿਤਾ ਰੂਟ ਦੀ ਬੱਸ ਸੇਵਾ ਨੂੰ ਸ਼ੁਰੂ ਕਰਨ ਉਪਰੰਤ ਕੀਤਾ। ਉਨ੍ਹਾਂ ਦੱਸਿਆ ਕਿ ਬੱਸ ਸੇਵਾ ਡਰਾਈਵਰਾਂ ਦੀ ਘਾਟ ਕਰਕੇ ਪਿਛਲੇ ਲੰਬੇ ਸਮੇਂ ਤੋਂ ਬੰਦ ਸੀ, ਜੋ ਸਰਕਾਰ ਵੱਲੋਂ ਨਵੀਂ ਭਰਤੀ ਕਰਨ ਨਾਲ ਮੁੜ ਇਸ ਪਬਲਿਕ ਟਰਾਂਸਪੋਰਟ ਨੂੰ ਸ਼ੁਰੂ ਕੀਤਾ ਹੈ ਜਿਸ ਨਾਲ ਲੋਕਾਂ ਨੂੰ ਕਾਫੀ ਸਹੂਲਤ ਮਿਲੇਗੀ। ਉਨ੍ਹਾਂ ਦੱਸਿਆ ਕਿ ਇਸ ਬੱਸ ਸੇਵਾ ਦੇ ਚਾਲੂ ਹੋਣ ਨਾਲ ਦਬੁਰਜੀ, ਮਾਨਾਂਵਾਲਾ, ਜੰਡਿਆਲਾ, ਮੱਲੀਆਂ, ਟਾਂਗਰਾ, ਚੌਹਾਨ, ਖਿਲਚੀਆਂ, ਬਾਣੀਆਂ, ਧੂਲਕਾ, ਬੇਰੀ ਡੇਹਰੀਵਾਲ, ਕਾਲੇਕੇ, ਜਸਪਾਲ, ਸਿੰਘਪੁਰਾ, ਕੋਟ ਹਯਾਤ, ਸੈਦਪੁਰ, ਮਹਿਸਮਪੁਰ, ਜਲਾਲਉਸਮਾ, ਨਾਥ ਦੀ ਖੂਹੀ, ਭਦੇਹ, ਉਦੋਨੰਗਲ ਦੇ ਵਸਨੀਕਾਂ, ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੂੰ ਕਾਫੀ ਸਹੂਲਤ ਮਿਲੇਗੀ। ਕੈਬਨਿਟ ਮੰਤਰੀ ਈਟੀਓ ਨੇ ਦੱਸਿਆ ਕਿ ਇਹ ਬੱਸ ਮਹਿਤਾ ਤੋਂ ਰੋਜ਼ਾਨਾ ਸਵੇਰੇ 6:30 ਵਜੇ ਚੱਲ ਕੇ ਸਵੇਰੇ 8:30 ਵਜੇ ਤੱਕ ਅੰਮ੍ਰਿਤਸਰ ਪੁੱਜੇਗੀ ਅਤੇ ਇਸੇ ਤਰ੍ਹਾ ਸ਼ਾਮ 15:30 ਵਜੇ ਚੱਲ ਕੇ 17:30 ਵਜੇ ਮਹਿਤਾ ਵਿਖੇ ਰੋਜ਼ਾਨਾ ਬੰਦ ਹੋਵੇਗੀ। ਮੰਤਰੀ ਨੇ ਦੱਸਿਆ ਕਿ ਖਾਸ ਤੌਰ ਤੇ ਆਧਾਰ ਕਾਰਡ ਦੀ ਸਹੂਲਤ ਵਾਲੀਆਂ ਮਹਿਲਾਵਾਂ ਨੂੰ ਮੁਫਤ ਸਫਰ ਦਾ ਵਧੇਰੇ ਲਾਭ ਪ੍ਰਾਪਤ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਟਰਾਂਸਪੋਰਟ ਵਿਭਾਗ ਵੱਲੋਂ ਲੰਬੇ ਅਤੇ ਲੋਕਲ ਰੂਟਾਂ ਤੇ ਸਰਕਾਰੀ ਬੱਸ ਸੇਵਾ ਪਹੁੰਚਾਉਣ ਲਈ ਯਤਨਸ਼ੀਲ ਹੈ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਪੰਜਾਬ ਰੋਡਵੇਜ਼ ਅੰਮ੍ਰਿਤਸਰ-1 ਡਿੱਪੂ ਜਨਰਲ ਮੈਨੇਜਰ ਪਰਮਜੀਤ ਸਿੰਘ ਸੰਧੂ, ਪੰਜਾਬ ਰੋਡਵੇਜ਼ ਅੰਮ੍ਰਿਤਸਰ-2 ਡਿੱਪੂ ਜਨਰਲ ਮੈਨੇਜਰ ਹਰਬਰਿੰਦਰ ਸਿੰਘ ਗਿੱਲ, ਇੰਸਪੈਕਟਰ ਮਨਿੰਦਰ ਸਿੰਘ, ਇੰਸਪੈਕਟਰ ਰਵਿੰਦਰ ਸਿੰਘ ਤੋਂ ਇਲਾਵਾ ਟਰਾਂਸਪੋਰਟ ਵਿਭਾਗ ਦੇ ਹੋਰ ਕਰਮਚਾਰੀ ਵੀ ਹਾਜ਼ਰ ਸਨ।




# ਜੂਨ 1984 ਘੱਲੂਘਾਰਾ ਨੂੰ ਸਮਰਪਿਤ ਧਾਰਮਿਕ ਸਮਾਗਮ ਦੌਰਾਨ ਧਰਮੀ ਫੌਜੀਆਂ ਦਾ ਸਨਮਾਨ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਜੂਨ 1984 ਘੱਲੂਘਾਰਾ ਨੂੰ ਸਮਰਪਿਤ ਧਾਰਮਿਕ ਸਮਾਗਮ ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਦੇ ਪ੍ਰਬੰਧਾਂ ਹੇਠ ਧਾਰੀਵਾਲ ਵਿਖੇ ਕਰਵਾਇਆ ਗਿਆ। ਸਮਾਗਮ ਵਿੱਚ ਧਰਮੀਆਂ ਫੌਜੀਆਂ ਸਮੇਤ ਇਲਾਕੇ ਭਰ ਦੀਆਂ ਸੰਗਤਾਂ ਸਾਮਲ ਹੋਈਆਂ। ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸੁਖਮਨੀ ਸੇਵਾ ਸੁਸਾਇਟੀ ਦੇ ਸੇਵਾਦਾਰਾਂ ਵਲੋਂ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ। ਉਪਰੰਤ ਰਾਗੀ ਜਥਾ ਭਾਈ ਡਾ. ਗੁਰਜਿੰਦਰ ਸਿੰਘ ਸਮੇਤ ਵੱਖ-ਵੱਖ ਕੀਰਤਨੀ ਜਥਿਆਂ ਨੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜਿਆ। ਇਸ ਮੌਕੇ ਬੁਲਾਰਿਆਂ ਨੇ ਕਿਹਾ ਜੂਨ 1984 ਦੌਰਾਨ ਸਿੱਖ ਕੌਮ ਅਤੇ ਧਰਮ ਦੀ ਖਾਤਰ ਆਪਣੀਆਂ ਨੌਕਰੀਆਂ ਅਤੇ ਪਰਵਾਰਾਂ ਦੀ ਪਰਵਾਹ ਨਾ ਕਰਦੇ ਹੋਏ ਬੈਰਕਾਂ ਛੱਡਣ ਵਾਲੇ ਧਰਮੀ ਫੌਜੀਆਂ ਦੀਆਂ ਕੁਰਬਾਨੀਆਂ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ। ਸਿੱਖ ਇਤਿਹਾਸ ਵਿੱਚ ਧਰਮੀ ਫੌਜੀਆਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਸੁਨਹਿਰੇ ਅੱਖਰਾਂ ਵਿੱਚ ਸਦਾ ਲਈ ਲਿਖਿਆ ਗਿਆ ਹੈ ਅਤੇ ਸਿੱਖ ਕੌਮ ਹਮੇਸ਼ਾ ਧਰਮੀ ਫੌਜੀਆਂ ਦੀ ਰਿਣੀ ਰਹੇਗੀ। ਇਸ ਮੌਕੇ ਧਾਰਮਿਕ ਸਿੱਖ ਸਖਸ਼ੀਅਤਾਂ ਵਲੋਂ ਸਮਾਗਮ ਵਿੱਚ ਸ਼ਾਮਲ ਹੋਏ ਧਰਮੀ ਫੌਜੀਆਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਨਮਾਨਿਤ ਹੋਣ ਵਾਲਿਆਂ ਵਿੱਚ ਸ਼ਹੀਦ ਬਲਬੀਰ ਸਿੰਘ ਦੀ ਮਾਤਾ ਪ੍ਰਕਾਸ਼ ਕੌਰ, ਤਰਲੋਕ ਸਿੰਘ, ਸੀਨੀਅਰ ਮੀਤ ਪ੍ਰਧਾਨ ਰਣਧੀਰ ਸਿੰਘ, ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਸਵਿੰਦਰ ਸਿੰਘ ਧਰਮੀ ਫੌਜੀ, ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਗੁਲਜਾਰ ਸਿੰਘ, ਜੋਗਾ ਸਿੰਘ, ਕੁਲਦੀਪ ਸਿੰਘ, ਸੂਬੇਦਾਰ ਮੇਜਰ ਬਲਵਿੰਦਰ ਸਿੰਘ, ਕੈਪਟਨ ਜਰਨੈਲ ਸਿੰਘ ਆਦਿ ਸ਼ਾਮਿਲ ਹਨ। ਸਮਾਗਮ ਵਿੱਚ ਸੁਖਮਨੀ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਡਾ. ਗੁਰਜਿੰਦਰ ਸਿੰਘ, ਗੁਰਦੁਆਰਾ ਸ੍ਰੀ ਬੁਰਜ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਕਲਿਆਣਪੁਰ, ਹਰਭਜਨ ਸਿੰਘ ਭਾਟੀਆ ਦੁਲੂਆਣਾ, ਇੰਦਰਪਾਲ ਸਿੰਘ ਅਰੋੜਾ, ਪਟਵਾਰੀ ਕੁਲਦੀਪ ਸਿੰਘ, ਕਸ਼ਮੀਰ ਸਿੰਘ ਚਾਹਲ, ਬੂਆ ਸਿੰਘ ਆਦਿ ਸਮੇਤ ਹੋਰ ਵੀ ਧਾਰਮਿਕ ਸ਼ਖਸੀਅਤਾਂ ਸ਼ਾਮਲ ਸਨ।



# ਭਗਤ ਕਬੀਰ ਜੀ ਦਾ 627ਵਾਂ ਪ੍ਰਕਾਸ਼ ਉਤਸਵ ਮਨਾਇਆ

ਮਜੀਠਾ (ਸੋਇਮ ਆਨੰਦ)-ਵਾਰਡ ਨੰਬਰ 11 ਵਿੱਚ ਭਗਤ ਕਬੀਰ ਜੀ ਦਾ 627ਵਾਂ ਪ੍ਰਕਾਸ਼ ਉਤਸਵ ਨੌਜਵਾਨ ਸੇਵਕ ਸਭਾ ਵੱਲੋਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਾਉਣ ਤੋਂ ਬਾਅਦ ਸ਼ਰਧਾਲੂਆਂ ਨੂੰ ਲੰਗਰ ਛਕਾ ਕੇ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਸੇਵਾਦਾਰ ਦੇਸ ਰਾਜ, ਸਾਬੀ ਨਿਊਜ਼ੀਲੈਂਡ, ਗਗਨ ਇਟਲੀ, ਵਿਸ਼ੂ ਕੈਨੇਡਾ, ਰਮਨ, ਮੱਖਣ ਸਿੰਘ, ਸੰਦੀਪ, ਹਰਭਜਨ ਸਿੰਘ, ਬਲਵੰਤ ਸਿੰਘ, ਕੁਲਵੰਤ ਸਿੰਘ ਕਿੱਟੂ, ਕਾਕਾ, ਸੁਰਿੰਦਰ, ਕਾਸੂ, ਅੰਮ੍ਰਿਤ, ਚੰਦਰ ਭਾਨ, ਲਾਲਾ, ਆਸ਼ੂ, ਲਵ, ਸੋਨੂੰ, ਬਿੱਟੂ, ਸਤੀਸ਼, ਬਾਬਾ ਦੁਬਈ ਤੇ ਵਾਰਡ ਨੰਬਰ 11 ਦੇ ਸ਼ਰਧਾਲੂ ਹਾਜ਼ਰ ਸਨ।



## ਟਰੈਫਿਕ ਪੁਲਸ ਨੇ ਰਾਹਗੀਰਾਂ ਲਈ ਠੰਡੇ-ਮਿੱਠੇ ਪਾਣੀ ਦੀ ਛਬੀਲ ਲਈ

ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ,ਹਾਕਮ ਭੱਟੀ)-ਸਥਾਨਕ ਸ਼ਹਿਰ ਦੀ ਟਰੈਫਿਕ ਪੁਲਸ ਵੱਲੋਂ ਇੱਕ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ। ਇਸ ਤਪਦੀ ਗਰਮੀ ਤੋਂ ਰਾਹਗੀਰਾਂ ਨੂੰ ਕੁਝ ਰਾਹਤ ਪਹੁੰਚਾਉਣ ਲਈ ਟਰੈਫਿਕ ਪੁਲਸ ਵੱਲੋਂ ਈ-ਰਿਕਸ਼ਾ ਯੂਨੀਅਨ ਦੇ ਸਹਿਯੋਗ ਨਾਲ ਆਈਟੀਆਈ ਚੌਕ ਵਿਖੇ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ। ਇਸ ਸਬੰਧੀ ਟਰੈਫਿਕ ਪੁਲਸ ਸੁਨਾਮ ਦੇ ਇੰਚਾਰਜ ਨਿਰਭੈ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਬਹੁਤ ਜ਼ਿਆਦਾ ਗਰਮੀ ਪੈ ਰਹੀ ਹੈ ਅਤੇ ਲੋਕਾਂ ਨੂੰ ਆਪਣੇ ਕੰਮਾਂ ਕਾਰਾਂ ਅਤੇ ਹੋਰ ਰੁਝੇਵਿਆਂ ਕਾਰਨ ਸਫਰ ਕਰਨਾ ਪੈਂਦਾ ਹੈ ਤਾਂ ਉਨ੍ਹਾਂ ਨੂੰ ਇਸ ਗਰਮੀ ਤੋਂ ਕੁਝ ਰਾਹਤ ਦੇਣ ਦੇ ਲਈ ਉਨ੍ਹਾਂ ਵੱਲੋਂ ਈ-ਰਿਕਸ਼ਾ ਯੂਨੀਅਨ ਦੇ ਸਹਿਯੋਗ ਨਾਲ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਮਾਨਵਤਾ ਦੇ ਹਿੱਤ ਲਈ ਆਮ ਲੋਕਾਂ ਨੂੰ ਵੀ ਇਸ ਤਰ੍ਹਾਂ ਦੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਮੌਕੇ ਏਐੱਸਆਈ ਸੁਖਵਿੰਦਰ ਸਿੰਘ, ਏਐੱਸਆਈ ਗੁਰਜੀਤ ਸਿੰਘ, ਏਐੱਸਆਈ ਜਰਨੈਲ ਸਿੰਘ, ਟਰੈਫਿਕ ਮਾਰਸ਼ਲ ਇੰਚਾਰਜ ਪੰਕਜ ਅਰੋੜਾ, ਟਰੈਫਿਕ ਮਾਰਸ਼ਲ ਸੁਖਦੇਵ ਸਿੰਘ ਅਤੇ ਈ-ਰਿਕਸ਼ਾ ਯੂਨੀਅਨ ਦੇ ਮੈਂਬਰ ਹਾਜ਼ਰ ਸਨ।



## ਬਿਜਲੀ ਸਪਲਾਈ ਅੱਜ ਤੇ ਭਲਕ ਪ੍ਰਭਾਵਿਤ ਰਹੇਗੀ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-66 ਕੇਵੀ ਸਬ ਸਟੇਸ਼ਨ ਡੇਹਰੀਵਾਲ ਦਰੋਗਾ ਵਿਖੇ ਪਾਵਰ ਟਰਾਂਸਫਰਮਰ ਟੀ-1 ਨੂੰ ਵੱਡਾ ਕਰਨ ਵਾਸਤੇ ਅਤੇ ਬਦਲੀ ਹੋਣ ਕਾਰਨ ਬਿਜਲੀ ਘਰ ਡੇਹਰੀਵਾਲ ਤੋਂ ਚਲਦੇ ਫੀਡਰਾਂ ਦੀ ਬਿਜਲੀ ਸਪਲਾਈ 13 ਜੂਨ ਦਿਨ ਸ਼ੁੱਕਰਵਾਰ ਅਤੇ 14 ਜੂਨ ਦਿਨ ਸਨਿੱਚਰਵਾਰ ਨੂੰ ਪ੍ਰਭਾਵਿਤ ਹੋ ਸਕਦੀ ਹੈ। ਇਹ ਜਾਣਕਾਰੀ ਦਿੰਦਿਆਂ ਸਬ-ਡਿਵੀਜ਼ਨ ਡੇਹਰੀਵਾਲ ਦਰੋਗਾ ਦੇ ਐੱਸਡੀਓ ਨਰਿੰਪਜੀਤ ਸਿੰਘ ਨੇ ਬਿਜਲੀ ਘਰ ਡੇਹਰੀਵਾਲ ਦਰੋਗਾ ਅਧੀਨ ਆਉਂਦੇ ਸਾਰੇ ਖਪਤਕਾਰਾਂ ਨੂੰ ਸਹਿਯੋਗ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਟਰਾਂਸਫਾਰਮਰ ਵੱਡਾ ਹੋਣ ਤੇ ਏ ਪੀ ਫੀਡਰਾਂ ਦੀ ਪ੍ਰਭਾਵਿਤ ਹੋਈ ਬਿਜਲੀ ਸਪਲਾਈ ਵਾਧੂ ਦਿੱਤੀ ਜਾਵੇਗੀ।



# ਹੁਣ ਇੰਤਕਾਲ 'ਚ ਪਟਵਾਰੀ ਅੜਿੱਕਾ ਨਹੀਂ ਬਣਨਗੇ ਤੇ ਨਾ ਹੀ ਦੇਣੀ ਪਵੇਗੀ ਰਿਸ਼ਵਤ : ਅਮਨ ਅਰੋੜਾ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਪ੍ਰਸ਼ਾਸਨਿਕ ਸੁਧਾਰਾਂ ਬਾਰੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਪੰਜਾਬ ਸਰਕਾਰ ਵੱਲੋਂ ਲਾਂਚ ਕੀਤੀਆਂ ਗਈਆਂ ਮਾਲ ਵਿਭਾਗ ਦੀਆਂ ਸੇਵਾਵਾਂ ਦੀ ਪੰਜਾਬ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਰਾਜ ਵਿੱਚੋਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਇਹ ਕ੍ਰਾਂਤੀਕਾਰੀ ਕਦਮ ਸਿੱਧ ਹੋਵੇਗਾ। ਇੱਥੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਹੁਣ ਜ਼ਮੀਨ ਜਾਇਦਾਦ ਦੀ ਜਮਾਂਬੰਦੀ, ਇੰਤਕਾਲ, ਫਰਦ ਬਦਰ ਆਦਿ ਲਈ ਲੋਕਾਂ ਨੂੰ ਦਫਤਰਾਂ ਦੇ ਗੇੜੇ ਨਹੀਂ ਲਾਉਣੇ ਪੈਣਗੇ, ਸਗੋਂ ਉਹ ਇੱਕ ਕਲਿੱਕ ਉੱਤੇ ਹੀ ਇਹ ਕੰਮ ਆਪਣੇ ਮੋਬਾਈਲ ਤੋਂ ਕਰ ਸਕਣਗੇ।




ਉਨ੍ਹਾਂ ਕਿਹਾ ਕਿ ਅੱਜ ਆਮ ਲੋਕਾਂ ਨਾਲ ਜੁੜੀਆਂ ਸੇਵਾਵਾਂ ਨੂੰ ਆਨਲਾਈਨ ਕੀਤਾ ਗਿਆ ਹੈ ਅਤੇ ਇਹ ਸਾਰੀਆਂ ਸੇਵਾਵਾਂ ਇਜੀ ਜਮ੍ਹਾਬੰਦੀ ਦੀ ਵੈੱਬਸਾਈਟ ਤੋਂ ਪ੍ਰਾਪਤ ਕੀਤੀਆਂ ਜਾ ਸਕਣਗੀਆਂ ਜਾਂ 1076 ਫੋਨ ਨੰਬਰ ਡਾਇਲ ਕਰਕੇ ਤੁਸੀਂ ਘਰ ਬੈਠੇ ਇਹ ਸੇਵਾ ਪ੍ਰਾਪਤ ਕਰ ਸਕਦੇ ਹੋ।

ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬ ਵਿੱਚ ਤਕਰੀਬਨ 40 ਲੱਖ ਲੋਕ ਫਰਦ ਦੀ ਕਾਪੀ ਲੈਣ ਲਈ ਫਰਦ ਕੇਂਦਰਾਂ ਵਿੱਚ ਜਾਂਦੇ ਹਨ ਅਤੇ ਇਸ ਲਈ 45 ਕਰੋੜ ਰੁਪਏ ਫੀਸ ਵਜੋਂ ਦਿੰਦੇ ਹਨ, ਜਦ ਕਿ ਹੁਣ ਇਹ ਕੰਮ ਮੋਬਾਇਲ ਫੋਨ ਰਾਹੀਂ ਹੋ ਸਕੇਗਾ ਅਤੇ ਇਸ ਨਾਲ ਪੰਜਾਬੀਆਂ ਦੇ ਲਗਭਗ 22 ਕਰੋੜ ਤੋਂ ਵੱਧ ਦੇ ਪੈਸੇ ਬਚਣਗੇ। ਇਸ ਤੋਂ ਇਲਾਵਾ ਨਾ ਪਟਵਾਰੀ ਕੋਲ ਜਾਣ ਦੀ ਲੋੜ ਪਵੇਗੀ, ਨਾ ਲਾਈਨ ਵਿੱਚ ਲੱਗਣ ਦੀ ਅਤੇ ਨਾ ਹੀ ਰਿਸ਼ਵਤ ਦੇਣ ਦੀ। ਇਸ ਮੌਕੇ ਮਾਲ ਵਿਭਾਗ ਦੇ ਮੰਤਰੀ ਸ: ਹਰਦੀਪ ਸਿੰਘ ਮੁੰਡੀਆਂ ਨੇ ਇਨ੍ਹਾਂ ਕਦਮਾਂ ਨੂੰ ਆਮ ਆਦਮੀ ਪਾਰਟੀ ਦੀ ਭ੍ਰਿਸ਼ਟਾਚਾਰ ਵਿਰੋਧੀ ਅਤੇ ਲੋਕ ਪੱਖੀ ਸੋਚ ਦਾ ਨਤੀਜਾ ਦੱਸਿਆ।

ਪ੍ਰੈੱਸ ਕਾਨਫਰੰਸ ਵਿੱਚ ਇਸ ਮੌਕੇ ਉਨ੍ਹਾਂ ਨਾਲ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ, ਵਧੀਕ ਮੁੱਖ ਸਕੱਤਰ ਅਨੁਰਾਗ ਵਰਮਾ, ਸਕੱਤਰ ਮਾਲ ਵਿਭਾਗ ਸੋਨਾਲੀ ਗਿਰੀ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਤਹਿਸੀਲਦਾਰ ਦਫਤਰ ਦੂਸਰੀ ਜਗ੍ਹਾ ਤਬਦੀਲ ਕਰਨ ਦੇ ਵਿਰੋਧ 'ਚ ਤਹਿਸੀਲ ਕੰਪਲੈਕਸ ਬੰਦ

ਪੱਟੀ (ਬਲਦੇਵ ਸਿੰਘ ਸੰਧੂ)-ਸੂਬੇ ਦੀ ਅਗਵਾਈ ਵਾਲੀ ਮਾਨ ਸਰਕਾਰ ਵੱਲੋਂ ਤਹਿਸੀਲਦਾਰਾਂ ਦੇ ਦਫਤਰਾਂ 'ਚ ਭ੍ਰਿਸ਼ਟਾਚਾਰ 'ਤੇ ਨਕੇਲ ਕੱਸਣ ਤੇ ਵਿਚੋਲਿਆਂ ਨੂੰ ਬਾਹਰ ਦਾ ਰਸਤਾ ਦਿਖਾਉਣ ਤਹਿਸੀਲਦਾਰ ਦਫਤਰ 'ਚ ਹੁੰਦੀ ਲੁੱਟ ਖਸੁੱਟ ਰੋਕਣ ਦੇ ਮੰਤਵ ਨਾਲ ਰਜਿਸਟਰੀਆਂ ਸਿੱਧੀਆਂ ਆਨਲਾਈਨ ਕਰਨ ਲਈ ਸਰਕਾਰ ਵੱਲੋਂ ਹਰੇਕ ਤਹਿਸੀਲ ਤੇ ਸਬ-ਤਹਿਸੀਲ ਅੰਦਰ ਇੱਕ ਵੱਖਰਾ ਸੇਵਾ ਕੇਂਦਰ ਖੋਲ੍ਹਣ ਲਈ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ। ਸਰਕਾਰ ਦੇ ਹੁਕਮਾਂ ਅਨੁਸਾਰ 20 ਜੂਨ ਨੂੰ ਇਨ੍ਹਾਂ ਸੇਵਾ ਕੇਂਦਰਾਂ ਅੰਦਰ ਰਜਿਸਟਰੀਆਂ ਕਰਨ ਦੇ ਕੰਮ ਦੀ ਸ਼ੁਰੂਆਤ ਕਰਨ ਲਈ ਸਮਾਂ ਸਾਰਣੀ ਤਹਿ ਕੀਤੀ ਗਈ ਹੈ ਜਿਸ ਕਰਕੇ ਦਫਤਰ ਤਿਆਰ ਕਰਨ ਦਾ ਕੰਮ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਜਿਸ ਤਹਿਤ ਵਿਧਾਨ ਸਭਾ ਹਲਕਾ ਪੱਟੀ ਦੇ ਪੁਰਾਣੇ ਤਹਿਸੀਲਦਾਰ ਦਫਤਰ ਦੀ ਬਿਲਡਿੰਗ ਨੂੰ ਛੱਡ ਕੇ ਨਵੀਂ ਬਿਲਡਿੰਗ ਐੱਸਡੀਐੱਮ ਦਫਤਰ ਦੇ ਨੇੜੇ ਰਜਿਸਟਰੀਆਂ ਕਰਨ ਲਈ ਸੇਵਾ ਕੇਂਦਰ ਦਾ ਦਫਤਰ ਤਿਆਰ ਕੀਤਾ ਜਾ ਰਿਹਾ ਜਿਸ ਦੇ ਵਿਰੋਧ ਵਜੋਂ ਤਹਿਸੀਲ ਕੰਪਲੈਕਸ ਅੰਦਰ ਕੰਮ ਕਰਦੇ ਸਮੂਹ ਵਸੀਕਾ ਨਵੀਸਾਂ ਫੋਟੋ ਸਟੇਟ ਤੇ ਅਸ਼ਟਾਮ ਫਰੋਸ਼ਾਂ ਵੱਲੋਂ ਤਹਿਸੀਲ ਕੰਪਲੈਕਸ ਦੇ ਪ੍ਰਧਾਨ ਰਾਜਨ ਕੁਮਾਰ ਦੀ ਅਗਵਾਈ ਹੇਠ ਮਤਾ ਪਾਸ ਕਰਕੇ ਤਹਿਸੀਲਦਾਰ ਦਫਤਰ ਸ਼ਿਫਟ ਕਰਨ ਦੇ ਵਿਰੋਧ ਵਜੋਂ ਆਪਣੀਆਂ ਦੁਕਾਨਾਂ ਬੰਦ ਕਰਕੇ ਸਰਕਾਰ ਖਿਲਾਫ ਰੋਸ ਪ੍ਰਗਟ ਕੀਤਾ ਗਿਆ। ਸਮੂਹ ਦੁਕਾਨਦਾਰਾਂ ਦੀ ਮੰਗ ਹੈ ਕਿ ਤਹਿਸੀਲਦਾਰ ਦਫਤਰ ਦੂਸਰੀ ਜਗ੍ਹਾ ਸ਼ਿਫਟ ਹੋਣ ਕਾਰਨ ਉਨ੍ਹਾਂ ਦਾ ਕੰਮਕਾਜ ਵੱਡੀ ਪੱਧਰ ਤੇ ਪ੍ਰਭਾਵਿਤ ਹੋਵੇਗਾ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਪਹਿਲਾਂ ਹੀ ਮੈਰਿਜ ਰਜਿਸਟਰੇਸ਼ਨ, ਆਮਦਨ ਸਰਟੀਫਿਕੇਟ, ਪੈਨਸ਼ਨਾਂ ਦੇ ਫਾਰਮ ਸਮੇਤ ਸਾਰੇ ਕੰਮ ਦੇ ਅਧਿਕਾਰ ਸੇਵਾ ਕੇਂਦਰਾਂ ਨੂੰ ਸੌਂਪਣ ਨਾਲ ਉਨ੍ਹਾਂ ਦੇ ਚੁੱਲ੍ਹੇ ਠੰਡੇ ਹੋਣ ਕੰਢੇ ਹਨ। ਜੇਕਰ ਤਹਿਸੀਲਦਾਰ ਦਫਤਰ ਦੂਸਰੀ ਜਗ੍ਹਾ ਸ਼ਿਫਟ ਕਰ ਦਿੱਤਾ ਗਿਆ ਤਾਂ ਉਹ ਰੋਡ 'ਤੇ ਆ ਜਾਣਗੇ। ਸਮੂਹ ਤਹਿਸੀਲ ਕੰਪਲੈਕਸ ਅੰਦਰ ਕੰਮ ਕਰਦੇ ਵਿਅਕਤੀਆਂ ਦਾ ਇੱਕ ਵਫਦ ਜਿਸ 'ਚ ਮੌਜੂਦਾ ਪ੍ਰਧਾਨ ਰਾਜਨ ਕੁਮਾਰ, ਸਾਬਕਾ ਪ੍ਰਧਾਨ ਵਿਕਾਸ ਕੁਮਾਰ ਸੋਨੂੰ, ਰੇਸ਼ਮ ਸਿੰਘ, ਨਿਸ਼ਾਨ ਸਿੰਘ, ਪਵਨ ਕੁਮਾਰ, ਪੰਜਾਬ ਸਿੰਘ, ਸੰਨੀ, ਸੁਭਾਸ਼, ਹਰਿੰਦਰ ਸਿੰਘ, ਗੁਰਪਰੀਤ ਸਿੰਘ ਕੇਪੀ, ਗਿੱਲ, ਬੇਦੀ, ਦਲਬੀਰ ਸਿੰਘ, ਸੁਰਿੰਦਰ ਸਿੰਘ, ਸ਼ਿਵ ਆਦਿ ਵੱਲੋਂ ਲੁਧਿਆਣਾ ਚੋਣ ਪ੍ਰਚਾਰ 'ਤੇ ਗਏ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਲੁਧਿਆਣਾ ਵਿਖੇ ਮਿਲ ਕੇ ਆਪਣੀਆਂ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ ਗਿਆ ਤੇ ਮੰਗ ਕੀਤੀ ਕਿ ਤਹਿਸੀਲਦਾਰ ਦਫਤਰ ਪਹਿਲੀ ਜਗ੍ਹਾ 'ਤੇ ਰਹਿਣ ਦਿੱਤਾ ਜਾਵੇ। ਕੈਬਨਿਟ ਮੰਤਰੀ ਭੁੱਲਰ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਤਹਿਸੀਲ ਕੰਪਲੈਕਸ ਅੰਦਰ ਕੰਮ ਕਰਦੇ ਵਿਅਕਤੀਆਂ ਦਾ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ।




## ਪਬਲਿਕ ਨੋਟਿਸ

ICICI Bank
Registered Office: ICICI Bank Tower, Near Chakli Circle, Old Padra Road, Vadodara- 390007
Corporate Office: ICICI Bank Towers, Bandra-Kurla Complex Mumbai 400051

### ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 23 ਜੂਨ 2025 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਗ੍ਰਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅਬੋਹਰ | |
| 189462003701 | ਰੁਪਿੰਦਰ ਕੌਰ |
| 189462003719 | ਜਸਵਿੰਦਰ ਸਿੰਘ |
| 189462004446 | ਸਾਹਿਲ ਸਾਹਿਲ |
| 189462004708 | ਧਿਆਨ ਸਿੰਘ |
| ਬਰਾਂਚ ਦਾ ਨਾਂਅ : ਅਹਿਮਦਗੜ੍ਹ | |
| 096862002286 | ਨਵਜੋਤ ਸਿੰਘ |
| 096862002557 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਅਜਨਾਲਾ | |
| 108362007073 | ਗੁਰਮੀਤ ਕੌਰ |
| 108362008201 | ਜਗਪ੍ਰੀਤ ਸਿੰਘ |
| 108362008868 | ਰਣਜੀਤ ਸਿੰਘ |
| ਬਰਾਂਚ ਦਾ ਨਾਂਅ : ਅਮਰਗੜ੍ਹ | |
| 381162001633 | ਪੁਸ਼ਪਿੰਦਰ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਵੇਰਕਾ | |
| 374262000618 | ਮਨਪ੍ਰੀਤ ਕੌਰ |
| 374262000621 | ਵਿਨੋਦ ਕੁਮਾਰ |
| ਬਰਾਂਚ ਦਾ ਨਾਂਅ : ਅਰਨੀਵਾਲ ਸ਼ੇਖ ਸੁਭਾਨਾ | |
| 411962000596 | ਕੁਲਵੰਤ ਕੌਰ |
| ਬਰਾਂਚ ਦਾ ਨਾਂਅ : ਬਾਘਾ ਪੁਰਾਣਾ | |
| 278862002271 | ਕੁਲਦੀਪ ਸਿੰਘ |
| ਬਰਾਂਚ ਦਾ ਨਾਂਅ : ਬਲਾਚੌਰ, ਪੰਜਾਬ | |
| 357262001600 | ਰਾਜਬੀਰ |
| ਬਰਾਂਚ ਦਾ ਨਾਂਅ : ਬਰਗਾੜੀ | |
| 295662000137 | ਬਹਾਦਰ ਸਿੰਘ |
| ਬਰਾਂਚ ਦਾ ਨਾਂਅ : ਬਰਨਾਲਾ | |
| 051862003670 | ਗੁਰਜੀਤ ਸਿੰਘ |
| 051862004163 | ਗੁਰਜੀਤ ਸਿੰਘ |
| 051862004515 | ਧਨਵੰਤ ਸਿੰਘ |
| ਬਰਾਂਚ ਦਾ ਨਾਂਅ : ਬਟਾਲਾ-ਅਰਬਨ ਅਸਟੇਟ | |
| 241562000968 | ਆਤਮਜੀਤ ਸਿੰਘ |
| ਬਰਾਂਚ ਦਾ ਨਾਂਅ : ਬਠਿੰਡਾ | |
| 016362005720 | ਰਮੇਸ਼ ਕੁਮਾਰ ਸ਼ਰਮਾ |
| ਬਰਾਂਚ ਦਾ ਨਾਂਅ : ਬੇਗੋਵਾਲ | |
| 152262001782 | ਪ੍ਰੀਤਮ ਸਿੰਘ |
| ਬਰਾਂਚ ਦਾ ਨਾਂਅ : ਭਦੌੜ, ਪੰਜਾਬ | |
| 356462000881 | ਸੁਰਿੰਦਰਪਾਲ |
| ਬਰਾਂਚ ਦਾ ਨਾਂਅ : ਭਾਦਸੋਂ | |
| 400562000826 | ਹਰਜੀਤ ਕੌਰ |
| ਬਰਾਂਚ ਦਾ ਨਾਂਅ : ਭਗਤਾ | |
| 372862002021 | ਹਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਬੋਹਾ | |
| 394962000720 | ਲਖਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਸੈਕਟਰ-20-ਡੀ | |
| 370462000386 | ਰਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਚੰਡੀਗੜ੍ਹ ਸੈਕਟਰ-46 | |
| 108462001335 | ਜਤਿੰਦਰ ਕੁਮਾਰ ਰੰਜਾਨ |
| 108462001360 | ਵੰਦਨਾ ਸ਼ਰਮਾ |
| ਬਰਾਂਚ ਦਾ ਨਾਂਅ : ਚੰਡੀਗੜ੍ਹ ਸੈਕਟਰ 9-ਸੀ | |
| 001362014450 | ਸ਼ੁਭਮ ਸ਼ੁਭਮ |
| ਬਰਾਂਚ ਦਾ ਨਾਂਅ : ਚੌਗਾਵਾਂ | |
| 380262002409 | ਸੁਖਵਿੰਦਰ ਕੌਰ |
| 380262002410 | ਸੁਖਵਿੰਦਰ ਕੌਰ |
| ਬਰਾਂਚ ਦਾ ਨਾਂਅ : ਡੇਰਾਬਸੀ | |
| 096762003405 | ਹਰਵਿੰਦਰ ਕੌਰ |
| ਬਰਾਂਚ ਦਾ ਨਾਂਅ : ਧਰਮਕੋਟ, ਪੰਜਾਬ | |
| 356262002135 | ਜਗਜੀਤ ਸਿੰਘ |
| 356262002155 | ਬਲਵਿੰਦਰ ਕੌਰ |
| ਬਰਾਂਚ ਦਾ ਨਾਂਅ : ਧਾਰੀਵਾਲ, ਪੰਜਾਬ | |
| 356062001863 | ਹਰਦੀਪ ਕੌਰ |

| ਕਰਜ਼ਾ ਖਾਤਾ ਨੰ. | ਗ੍ਰਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਦੀਨਾ ਨਗਰ, ਪੰਜਾਬ | |
| 355962002611 | ਮਮਤਾ ਦੇਵੀ |
| 355962002292 | ਪ੍ਰਿਅੰਕਾ ਪ੍ਰਿਅੰਕਾ |
| ਬਰਾਂਚ ਦਾ ਨਾਂਅ : ਦੋਰਾਹਾ | |
| 078762002696 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਫਾਜ਼ਿਲਕਾ | |
| 078562003425 | ਬਲਬੀਰ ਸਿੰਘ |
| 078562003572 | ਕੁਲਦੀਪ ਸਿੰਘ |
| ਬਰਾਂਚ ਦਾ ਨਾਂਅ : ਗੜ੍ਹਸ਼ੰਕਰ | |
| 150962001647 | ਵਿਕਰਮਜੀਤ |
| ਬਰਾਂਚ ਦਾ ਨਾਂਅ : ਗਿੱਦੜਬਾਹਾ | |
| 199962004731 | ਪਰਦੀਪ ਸਿੰਘ |
| ਬਰਾਂਚ ਦਾ ਨਾਂਅ : ਗੋਨਿਆਣਾ ਮੰਡੀ | |
| 380362001853 | ਮੰਗਾ ਸਿੰਘ |
| ਬਰਾਂਚ ਦਾ ਨਾਂਅ : ਗੁਰਦਾਸਪੁਰ | |
| 050162004554 | ਜਤਿੰਦਰ ਕੌਰ |
| 050162004552 | ਗੁਰਜੀਤ ਸਿੰਘ |
| ਬਰਾਂਚ ਦਾ ਨਾਂਅ : ਇੰਡਸਟਰੀਅਲ ਏਰੀਆ ਫੇਜ਼-1 | |
| 341662000942 | ਸ਼ਿਵ ਕੁਮਾਰ |
| ਬਰਾਂਚ ਦਾ ਨਾਂਅ : ਜਲਾਲਾਬਾਦ | |
| 211862006043 | ਜੋਗਿੰਦਰ ਸਿੰਘ |
| ਬਰਾਂਚ ਦਾ ਨਾਂਅ : ਜਲੰਧਰ-ਅਰਬਨ ਅਸਟੇਟ | |
| 361262000700 | ਮਨੀਸ਼ ਕੁਮਾਰ |
| ਬਰਾਂਚ ਦਾ ਨਾਂਅ : ਜਲੰਧਰ-ਨੂਰਮਹਿਲ | |
| 007962001869 | ਗੁਰਬੀਰ ਸਿੰਘ |
| ਬਰਾਂਚ ਦਾ ਨਾਂਅ : ਜੰਡਿਆਲਾ ਗੁਰੂ | |
| 202162002715 | ਹਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਕਾਲਾ ਸੰਘਿਆਂ | |
| 548562000009 | ਦਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਕਲਾਨੌਰ, ਪੰਜਾਬ | |
| 357462002769 | ਖੁਸ਼ਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਕਪੂਰਥਲਾ-ਸੁਲਤਾਨਪੁਰ ਰੋਡ | |
| 189562001807 | ਸਤਪਾਲ ਸਿੰਘ |
| ਬਰਾਂਚ ਦਾ ਨਾਂਅ : ਖਨੌਰੀ, ਪੰਜਾਬ | |
| 356162002614 | ਸੁਰਿੰਦਰ ਸਿੰਘ |
| ਬਰਾਂਚ ਦਾ ਨਾਂਅ : ਖੰਨਾ | |
| 040262003293 | ਅਮਰਜੀਤ ਕੌਰ ਟਿਵਾਣਾ |
| ਬਰਾਂਚ ਦਾ ਨਾਂਅ : ਲਾਡਰਾਂ | |
| 325662000677 | ਗੁਰਿੰਦਰ ਸਿੰਘ |
| ਬਰਾਂਚ ਦਾ ਨਾਂਅ : ਮਾਛੀਵਾੜਾ | |
| 178262002999 | ਸ਼ਰਨਜੀਤ ਕੌਰ |
| 178262003487 | ਜਗਮਿੰਦਰ ਕੌਰ |
| ਬਰਾਂਚ ਦਾ ਨਾਂਅ : ਮਾਨਸਾ | |
| 044662004055 | ਸੁਨੀਲ ਕੁਮਾਰ |
| 044662005498 | ਪਲਵੀ ਰਾਣੀ |
| 044662005502 | ਸੰਦੀਪ ਸਿੰਘ |
| ਬਰਾਂਚ ਦਾ ਨਾਂਅ : ਮੋਹਾਲੀ | |
| 005862011756 | ਰਣਜੀਤ ਸਿੰਘ |
| ਬਰਾਂਚ ਦਾ ਨਾਂਅ : ਮੂਨਕ, ਪੰਜਾਬ | |
| 355462001853 | ਸ਼ਮਸ਼ੇਰ ਸਿੰਘ |
| 358262001396 | ਲਖਬੀਰ ਸਿੰਘ |
| ਬਰਾਂਚ ਦਾ ਨਾਂਅ : ਮੁੱਲਾਂਪੁਰ ਦਾਖਾ | |
| 151662003459 | ਪ੍ਰਵੀਨ ਕੁਮਾਰੀ |
| 151662003463 | ਸੰਦੀਪ ਸਿੰਘ |
| ਬਰਾਂਚ ਦਾ ਨਾਂਅ : ਮੁੱਲਾਂਪੁਰ ਗਰੀਬਦਾਸ | |
| 173162000632 | ਪੂਜਾ ਮਲਿਕ |
| 173162000633 | ਪੂਜਾ ਮਲਿਕ |
| ਬਰਾਂਚ ਦਾ ਨਾਂਅ : ਨਾਭਾ | |
| 078962004402 | ਬਲਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਨਿਹਾਲ ਸਿੰਘ ਵਾਲਾ, ਪੰਜਾਬ | |
| 357362001778 | ਬਲਬੀਰ ਸਿੰਘ |

| ਕਰਜ਼ਾ ਖਾਤਾ ਨੰ. | ਗ੍ਰਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਪਟਿਆਲਾ-ਲੀਲਾ ਭਵਨ | |
| 016262006604 | ਕਮਲਜੀਤ ਕੌਰ |
| ਬਰਾਂਚ ਦਾ ਨਾਂਅ : ਪੱਤੀ ਸੰਦਲੀ ਮਹਿਰਾਜ | |
| 435662001516 | ਚਰਨਜੀਤ ਸਿੰਘ ਸਿੱਧੂ |
| ਬਰਾਂਚ ਦਾ ਨਾਂਅ : ਫਗਵਾੜਾ-ਹੁਸ਼ਿਆਰਪੁਰ ਰੋਡ | |
| 373962000226 | ਰਾਕੇਸ਼ ਕੁਮਾਰ |
| 373962000273 | ਪਰਮਜੀਤ ਸਿੰਘ ਕੁਲਾਰ |
| ਬਰਾਂਚ ਦਾ ਨਾਂਅ : ਫਿਲੌਰ | |
| 078662002209 | ਕਮਲੇਸ਼ ਕੁਮਾਰ |
| ਬਰਾਂਚ ਦਾ ਨਾਂਅ : ਰਾਏਕੋਟ | |
| 201762003027 | ਗੁਰਮੀਤ ਕੌਰ |
| ਬਰਾਂਚ ਦਾ ਨਾਂਅ : ਰਾਜਪੁਰਾ | |
| 047762003307 | ਜਗੀਰ ਸਿੰਘ |
| 047762003457 | ਜਗੀਰ ਸਿੰਘ |
| 047762007989 | ਮਲਕੀਤ ਰਾਮ |
| 047762006864 | ਅਮਰਿੰਦਰ ਸਿੰਘ |
| 047762008030 | ਮਲਕੀਤ ਰਾਮ |
| ਬਰਾਂਚ ਦਾ ਨਾਂਅ : ਰਾਮਾ | |
| 397862002164 | ਹਰਬੰਸ ਲਾਲ |
| ਬਰਾਂਚ ਦਾ ਨਾਂਅ : ਰਈਆ | |
| 214362003668 | ਕੁਲਦੀਪ ਸਿੰਘ |
| ਬਰਾਂਚ ਦਾ ਨਾਂਅ : ਰੋਪੜ | |
| 055362002703 | ਗੁਲਾਮ ਸਬੀਰ |
| 055362002913 | ਦਰਸ਼ਨ ਕੁਮਾਰ |
| ਬਰਾਂਚ ਦਾ ਨਾਂਅ : ਸਾਦਿਕ, ਪੰਜਾਬ | |
| 357162004784 | ਸੁਖਬੀਰ ਸਿੰਘ |
| 357162006727 | ਕੁਲਵੰਤ ਸਿੰਘ |
| ਬਰਾਂਚ ਦਾ ਨਾਂਅ : ਸਾਹਨੇਵਾਲ | |
| 151762001170 | ਮਨਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਸਮਰਾਲਾ | |
| 151862002813 | ਜਗਰੂਪ ਸਿੰਘ |
| 151862002812 | ਲਖਬੀਰ ਸਿੰਘ |
| ਬਰਾਂਚ ਦਾ ਨਾਂਅ : ਸਿੱਧਵਾਂ ਬੇਟ | |
| 398062001003 | ਗੁਰਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਸੁਨਾਮ | |
| 152662004879 | ਬਿੰਦੇਸ਼ਵਰ ਬਿੰਦੇਸ਼ਵਰ |
| ਬਰਾਂਚ ਦਾ ਨਾਂਅ : ਤਲਵੰਡੀ ਭਾਈ | |
| 283262002577 | ਮਨਜੀਤ ਕੌਰ |
| ਬਰਾਂਚ ਦਾ ਨਾਂਅ : ਤਲਵੰਡੀ ਸਾਬੋ | |
| 150762006522 | ਸੰਦੀਪ ਸਿੰਘ |
| ਬਰਾਂਚ ਦਾ ਨਾਂਅ : ਟਾਂਡਾ ਉੜਮੁੜ | |
| 087862002920 | ਇੰਦਰਜੀਤ ਸਿੰਘ |
| ਬਰਾਂਚ ਦਾ ਨਾਂਅ : ਤਰਨ ਤਾਰਨ | |
| 050562003351 | ਸਰਵਣ ਸਿੰਘ |
| 050562004536 | ਸੁਖਦੀਪ ਸਿੰਘ |
| 050562004675 | ਅਰਜਿੰਦਰ ਸਿੰਘ |
| ਬਰਾਂਚ ਦਾ ਨਾਂਅ : ਜ਼ੀਰਾ | |
| 199762004240 | ਗੁਰਮੇਜ ਸਿੰਘ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਸੈਕਟਰ-20-ਬੀ | |
| 370462000386 | ਰਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਸੈਕਟਰ-46 | |
| 108462001335 | ਜੈਨਿੰਦਰ ਕੁਮਾਰ ਰਨਜਾਨ |
| ਬਰਾਂਚ ਦਾ ਨਾਂਅ : ਡੇਰਾਬਸੀ | |
| 096762003405 | ਹਰਵਿੰਦਰ ਕੌਰ |
| ਬਰਾਂਚ ਦਾ ਨਾਂਅ : ਜਾਖਲ, ਹਰਿਆਣਾ | |
| 356562002192 | ਸੁਖਵਿੰਦਰ ਕੌਰ |
| ਬਰਾਂਚ ਦਾ ਨਾਂਅ : ਮੰਡੀ ਡੱਬਵਾਲੀ | |
| 197862006525 | ਆਸ਼ਾ ਰਾਣੀ |
| ਬਰਾਂਚ ਦਾ ਨਾਂਅ : ਪੰਚਕੂਲਾ-ਅਰਬਨ ਅਸਟੇਟ | |
| 093562001631 | ਰਮਿੰਦਰ ਬਲੋਸਤਰਾ |

ਮਿਤੀ : 13.06.2025
ਸਥਾਨ : ਚੰਡੀਗੜ੍ਹ, ਲੁਧਿਆਣਾ, ਮਾਲੇਰਕੋਟਲਾ, ਮਾਨਸਾ, ਪਟਿਆਲਾ, ਰੂਪਨਗਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ, ਅੰਮ੍ਰਿਤਸਰ, ਬਠਿੰਡਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੋਗਾ, ਬਰਨਾਲਾ, ਫਿਰੋਜ਼ਪੁਰ, ਮੁਕਤਸਰ, ਤਰਨ ਤਾਰਨ, ਮੋਹਾਲੀ, ਐਸ ਏ ਐੱਸ ਨਗਰ (ਮੋਹਾਲੀ)

ਸਹੀ/- ਅਧਿਕਾਰਤ ਅਫਸਰ,
ਵਾਸਤੇ ਆਈ ਸੀ ਆਈ ਸੀ ਆਈ ਬੈਂਕ, ਲਿਮਟਿਡ

13 Jun Page-12.qxd 6/12/2025 10:44 PM Page 1



# ਨਸ਼ੇ ਦੀਆਂ 90 ਗੋਲੀਆਂ ਸਮੇਤ ਕਾਬੂ

**ਆਦਮਪੁਰ (ਪਰਮਜੀਤ ਸਿੰਘ)**- ਹਰਦੇਵਪ੍ਰੀਤ ਸਿੰਘ ਮੁੱਖ ਅਫਸਰ ਥਾਣਾ ਆਦਮਪੁਰ ਦੀ ਪੁਲਸ ਪਾਰਟੀ ਵੱਲੋਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 90 ਨਸ਼ੀਲੀਆਂ



ਗੋਲੀਆਂ ਬ੍ਰਾਮਦ ਕੀਤੀਆਂ ਗਈਆਂ ਹਨ। ਕੁਲਵੰਤ ਸਿੰਘ, ਪੀ.ਪੀ.ਐਸ. ਉਪ ਪੁਲਸ ਕਪਤਾਨ ਸਬ ਡਵੀਜਨ ਆਦਮਪੁਰ ਨੇ ਦੱਸਿਆ ਕਿ 10 ਜੂਨ ਨੂੰ ਪਰਮਜੀਤ ਸਿੰਘ ਸਮੇਤ ਪੁਲਸ ਪਾਰਟੀ ਦੇ ਗਸ਼ਤ ਦੇ ਸਬੰਧ ਵਿੱਚ ਨੇੜੇ ਸ਼ਮਸ਼ਾਨਘਾਟ ਚੌਕ ਅਲਾਵਲਪੁਰ ਮੌਜੂਦ ਸੀ ਕਿ ਜਿਥੇ ਚਮਕੌਰ ਸਿੰਘ ਉਰਫ ਚਮਕੀਲਾ ਨੂੰ ਸ਼ੱਕ ਦੀ ਬਿਨਾਹ ਪਰ ਕਾਬੂ ਕਰਕੇ ਉਸ ਵੱਲੋ ਆਪਣੀ ਸੱਜੀ ਜੇਬ ਵਿੱਚੋਂ ਕੱਢ ਕੇ ਸੁਟੇ ਚਿੱਟੇ ਰੰਗ ਦੇ ਮੋਮੀ ਲਿਫਾਫੇ ਨੂੰ ਚੈਕ ਕਰਨ 'ਤੇ ਵਿੱਚੋਂ 90 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ। ਜਿਸ 'ਤੇ ਮੁਕੱਦਮਾ ਨੰਬਰ 88 ਮਿਤੀ 10.06.2025 ਅ :ਧ 22/61/85 ਥਾਣਾ ਆਦਮਪੁਰ ਦਰਜ ਕਰਕੇ ਗ੍ਰਿਫਤਾਰ ਕੀਤਾ ਗਿਆ।

# 14 ਕਿਲੋ 370 ਗ੍ਰਾਮ ਅਫੀਮ ਸਮੇਤ ਦੋ ਗ੍ਰਿਫਤਾਰ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**— ਸਰਕਾਰ ਦੁਆਰਾ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿੱਰੁਧ' ਤਹਿਤ ਸਾਹਿਬਜਾਦਾ ਅਜੀਤ ਸਿੰਘ ਨਗਰ ਪੁਲਸ ਹੱਥ ਉਸ ਸਮੇਂ ਵੱਡੀ ਕਾਮਯਾਬੀ ਲੱਗੀ ਜਦੋਂ ਜ਼ਿਲ੍ਹਾ ਪੁਲਸ ਨੇ ਦੋ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 14 ਕਿਲੋ 370 ਗ੍ਰਾਮ ਅਫੀਮ ਬਰਾਮਦ ਕੀਤੀ। ਮਨਪ੍ਰੀਤ ਸਿੰਘ, ਕਪਤਾਨ ਪੁਲਸ ਦਿਹਾਤੀ, ਤਲਵਿੰਦਰ ਸਿੰਘ ਗਿੱਲ, ਐਸ.ਪੀ. ਆਪਰੇਸ਼ਨਸ ਤੇ ਨਵੀਨਪਾਲ ਸਿੰਘ



ਲਹਿਲ, ਉੱਪ ਕਪਤਾਨ ਪੁਲਸ ਡੇਰਾਬਸੀ ਨੇ ਦੱਸਿਆ ਕਿ ਇੰਸ. ਸਿਮਰਨ ਸਿੰਘ ਮੁੱਖ ਅਫਸਰ ਥਾਣਾ ਲਾਲੜੂ ਦੀ ਨਿਗਰਾਨੀ ਅਧੀਨ, ਥਾਣਾ ਲਾਲੜੂ ਪੁਲਸ ਵੱਲੋਂ ਨਸ਼ਾ ਤਸਕਰਾਂ ਪਾਸੋਂ ਇਹ ਬਰਾਮਦਗੀ ਕੀਤੀ ਗਈ ਹੈ। ਐਸ ਪੀ (ਦਿਹਾਤੀ) ਮਨਪ੍ਰੀਤ ਸਿੰਘ ਨੇ ਦੱਸਿਆ ਕਿ ਨੂੰ ਮਿਤੀ 11/06/2025 ਨੂੰ ਥਾਣੇਦਾਰ ਰਾਜਿੰਦਰ ਸਿੰਘ ਵੱਲੋਂ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਘੋਲੂਮਾਜਰਾ ਬੱਸ ਸਟਾਪ ਮੇਨ ਹਾਈਵੇਅ ਅੰਬਾਲਾ ਤੋਂ ਚੰਡੀਗੜ੍ਹ ਵਿਖੇ, ਇੱਕ ਇਨੋਵਾ ਕਾਰ ਨੰ. 08 0300 ਖੜੀ ਦੇਖੀ, ਜਿਸ ਵਿੱਚ ਸਵਾਰ ਦੋ ਨੌਜੁਆਨਾਂ ਰਣਜੋਧ ਸਿੰਘ ਪੁੱਤਰ ਸਿਤਾਰਾ ਸਿੰਘ ਵਾਸੀ ਪਿੰਡ ਮੱਦਰ, ਥਾਣਾ ਖਾਲੜਾ, ਜ਼ਿਲ੍ਹਾ ਤਰਨਤਾਰਨ, ਜਸਵੀਰ ਸਿੰਘ ਪੁੱਤਰ ਅੰਗਰੇਜ ਸਿੰਘ ਵਾਸੀ ਪਿੰਡ ਮਾੜੀ, ਥਾਣਾ ਭਿਖੀਵਿੰਡ, ਜ਼ਿਲ੍ਹਾ ਤਰਨਤਾਰਨ ਨੇ ਪੁਲਸ ਪਾਰਟੀ ਨੂੰ ਦੇਖ ਕੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੂੰ ਕਾਬੂ ਕੀਤਾ ਗਿਆ। ਉਨ੍ਹਾਂ ਕੋਲ ਕੋਈ ਨਸ਼ੀਲਾ ਪਦਾਰਥ ਹੋਣ ਦਾ ਸ਼ੱਕ ਹੋਣ 'ਤੇ ਮੌਕੇ 'ਤੇ ਨਵੀਨਪਾਲ ਸਿੰਘ, ਉਪ ਕਪਤਾਨ ਪੁਲਸ, ਸਬ ਡਵੀਜਨ ਡੇਰਾਬੱਸੀ ਨੂੰ ਬੁਲਾਇਆ ਗਿਆ। ਡੀ ਐਸ ਪੀ ਸਬ ਡਿਵੀਜਨ ਦੀ ਹਾਜਰੀ ਵਿੱਚ ਕਾਰ ਵਿੱਚ ਰੱਖੇ ਬੈਗ ਵਿੱਚੋਂ 2 ਮੋਮੀ ਲਿਫਾਫਿਆ ਵਿੱਚੋਂ ਕੁੱਲ 14 ਕਿਲੋ 370 ਗ੍ਰਾਮ (ਇੱਕ ਵਿੱਚੋਂ 7 ਕਿਲੋ 545 ਗ੍ਰਾਮ ਅਤੇ ਦੂਜੇ ਲਿਫਾਫੇ ਵਿੱਚੋਂ 6 ਕਿਲੋ 825 ਗ੍ਰਾਮ) ਅਫੀਮ ਬ੍ਰਾਮਦ ਹੋਈ, ਜਿਸ 'ਤੇ ਉਕਤ ਮੁਲਜ਼ਮਾਂ ਖਿਲਾਫ ਮੁਕੱਦਮਾ ਨੰਬਰ 87, ਮਿਤੀ 11.06.2025, ਅਧੀਨ ਧਾਰਾ 18/61/85 ਐਨ ਡੀ ਪੀ ਐਸ ਐਕਟ, ਥਾਣਾ ਲਾਲੜੂ ਵਿਖੇ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ।

# ਸਰਕਾਰੀ ਜਗ੍ਹਾ 'ਤੇ ਮੁੜ ਤੋਂ ਸ਼ੁਰੂ ਹੋਏ ਠੇਕੇ ਦੀ ਅਣ-ਅਧਿਕਾਰਿਤ ਉਸਾਰੀ ਢਾਹੀ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਨਗਰ ਕੌਂਸਲ ਜੀਰਕਪੁਰ ਨੇ ਸਰਕਾਰੀ ਜਗ੍ਹਾ ਤੇ ਮੁੜ ਤੋਂ ਸੁਰੂ ਹੋਏ ਠੇਕੇ ਦੀ ਅਣ-ਅਧਿਕਾਰਿਤ ਉਸਾਰੀ ਨੂੰ ਸਵੇਰੇ ਢਾਹ



ਦਿੱਤਾ। ਇਸ ਦੇ ਨਾਲ ਹੀ ਨਗਰ ਕੌਂਸਲ ਵਲੋਂ ਭਵਿੱਖ ਵਿੱਚ ਅਜਿਹੀ ਗਲਤੀ ਦੁਬਾਰਾ ਦੁਹਰਾਉਣ 'ਤੇ ਸਖਤ ਕਾਰਵਾਈ ਦੀ ਚਿਤਾਵਨੀ ਦਿੱਤੀ ਗਈ ਹੈ। ਕਾਰਜ ਸਾਧਕ ਅਫਸਰ ਜਗਜੀਤ ਸਿੰਘ ਜੱਜ ਨੇ ਦੱਸਿਆ ਕਿ ਬੀਤੀ 29 ਮਈ ਨੂੰ ਸਥਾਨਕ ਸਰਕਾਰ ਵਿਭਾਗ, ਪੰਜਾਬ ਦੇ ਮੰਤਰੀ ਡਾ. ਰਵਜੋਤ ਸਿੰਘ, ਐਮ ਐਲ ਏ ਕੁਲਜੀਤ ਸਿੰਘ ਰੰਧਾਵਾ ਅਤੇ ਹੋਰ ਉਚ-ਅਧਿਕਾਰੀਆਂ ਦੀ ਜੀਰਕਪੁਰ ਸ਼ਹਿਰ ਦੀ ਆਮਦ ਦੌਰਾਨ ਪੀਰ-ਮੁਛੱਲਾ ਦੇ ਦੌਰੇ ਸਮੇਂ ਆਮ ਲੋਕਾਂ ਵਲੋਂ ਸਰਕਾਰੀ ਜਗ੍ਹਾ 'ਤੇ ਠੇਕੇ ਦੀ ਅਣ-ਅਧਿਕਾਰਤ ਉਸਾਰੀ ਸਬੰਧੀ ਮੰਤਰੀ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਗਿਆ ਸੀ, ਜਿਸ ਸਬੰਧੀ ਨਗਰ ਕੌਂਸਲ ਵਲੋਂ ਕਾਰਵਾਈ ਕਰਦੇ ਹੋਏ ਇਸ ਅਣ-ਅਧਿਕਾਰਤ ਉਸਾਰੀ ਨੂੰ ਮੌਕੇ 'ਤੇ ਹੀ ਢਾਹ/ਹਟਾ ਦਿੱਤਾ ਗਿਆ ਸੀ। ਪਰੰਤੂ ਸਰਕਾਰੀ ਜਗ੍ਹਾ ਤੇ ਠੇਕੇ ਦੀ ਅਣ-ਅਧਿਕਾਰਿਤ ਉਸਾਰੀ ਨੂੰ ਮੁੜ ਤੋਂ ਸ਼ੁਰੂ ਕਰਨ ਦੀ ਸੂਚਨਾ ਮਿਲਣ ਤੇ ਤੁਰੰਤ ਕਾਰਵਾਈ ਕਰਦੇ ਹੋਏ ਨਗਰ ਕੌਂਸਲ ਦੀ ਟੀਮ ਵਲੋਂ ਇਸ ਨੂੰ ਮੁੜ ਢਾਹ ਦਿੱਤਾ ਗਿਆ।

# ਬਾਬਾ ਬਾਲਕ ਨਾਥ ਤੇ ਪੀਰ ਨਿਗਾਹੇ ਦੀ ਯਾਤਰਾ ਤੋਂ ਸੰਗਤਾਂ ਵਾਪਸ ਪਰਤੀਆਂ

**ਸੁਲਤਾਨਪੁਰ ਲੋਧੀ (ਹਨੀ)** ਸਿੱਧ ਬਾਬਾ ਬਾਲਕ ਨਾਥ ਯਾਤਰਾ ਕਮੇਟੀ ਵੱਲੋਂ 48ਵੀਂ ਸਾਲਾਨਾ ਯਾਤਰਾ ਦਿਓਟ ਸਿੱਧ ਤੇ ਪੀਰ ਨਿਗਾਹੇ ਦੇ ਦਰਸ਼ਨ



ਕਰਕੇ ਸੰਗਤਾਂ ਦੀ ਬੱਸ ਵਾਪਸ ਪਾਵਨ ਨਗਰੀ ਪੁੱਜੀ ਜਿੱਥੇ ਭਗਤਾਂ ਨੇ ਸੰਗਤਾਂ ਦਾ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ। ਯਾਤਰਾ ਕਮੇਟੀ ਦੇ ਪ੍ਰਧਾਨ ਮਿੰਟਾ ਧੀਰ ਨੇ ਦੱਸਿਆ ਕਿ ਬੱਸ ਯਾਤਰਾ ਦੌਰਾਨ ਸੰਗਤਾਂ ਵਿਚ ਭਾਰੀ ਉਤਸ਼ਾਹ ਸੀ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਬਾਬਾ ਜੀ ਦੇ ਦਰਸ਼ਨ ਕਰਨ ਗਈਆਂ ਹੋਈਆਂ ਸਨ । ਇਹ ਯਾਤਰਾ ਬਾਬਾ ਜੀ ਦੇ ਆਸ਼ੀਰਵਾਦ ਨਾਲ ਬੀਤੇ 47 ਸਾਲਾਂ ਤੋਂ ਲਗਾਤਾਰ ਚੱਲੀ ਆ ਰਹੀ ਹੈ, ਜਿਥੇ ਭਗਤਾਂ ਨੂੰ ਫ੍ਰੀ ਲੰਗਰ ਤੇ ਰਿਹਾਇਸ਼ ਦੀ ਵੀ ਸੁਵਿਧਾ ਦਿੱਤੀ ਜਾਂਦੀ ਹੈ। ਇਸ ਵਾਰ ਯਾਤਰਾ ਦੌਰਾਨ ਭਗਤਾਂ ਦਾ ਚੇਤ ਦਾ ਮਹੀਨਾ ਨਾ ਹੋਣ ਦੇ ਬਾਵਜੂਦ ਵੀ ਅਥਾਹ ਸਮੁੰਦਰ ਉਮੜ ਪਿਆ ਤੇ ਦਰਸ਼ਨ ਕਰਨ ਲਈ ਭਗਤਾਂ ਦੀਆਂ ਲੰਬੀਆਂ-ਲੰਬੀਆਂ ਕਤਾਰਾਂ ਦੇਖਣ ਨੂੰ ਮਿਲੀਆਂ। ਨੱਚਦੇ-ਟੱਪਦੇ ਭਗਤ ਬਾਬਾ ਜੀ ਦੀ ਗੁਫਾ ਵੱਲ ਹੱਥ 'ਚ ਝੰਡਾ ਫੜ ਕੇ ਜਾ ਰਹੇ ਸਨ ਤੇ ਗੁਫਾ 'ਚ ਨਤਮਸਤਕ ਹੋ ਕੇ ਖੁਦ ਨੂੰ ਖੁਸ਼ਕਿਸਮਤ ਸਮਝ ਰਹੇ ਸਨ। ਇਸ ਮੌਕੇ ਪ੍ਰਧਾਨ ਮਿੰਟਾ ਧੀਰ, ਸੁਨੀਲ ਧੀਰ, ਹਰੀਸ਼ ਸਹਿਗਲ, ਅਲਕਾ ਸਹਿਗਲ, ਜੀ.ਪੀ. ਚੋਪੜਾ, ਪੂਨਮ ਧੀਰ, ਭਵਯਾ, ਸੁਖਦੇਵ ਭਗਤ, ਸੁਰੇਸ਼ ਧੀਰ, ਬਵਨ ਧੀਰ, ਰਾਜ ਕੁਮਾਰ ਰਾਜੂ, ਵਿਕਾਸ ਚੋਪੜਾ, ਸੰਜੈ ਧੀਰ, ਦੀਪਕ ਧੀਰ, ਕਾਲਾ ਭਗਤ , ਦੀਪਾ, ਕਾਂਤਾ ਧੀਰ, ਸੋਨੀਆ, ਪੂਨਮ, ਸਾਕਸ਼ੀ, ਜਤਿਨ ਧੀਰ, ਕੇਵਲ ਕ੍ਰਿਸ਼ਨ ਵਧਵਾ, ਸੋਨੂੰ ਧੀਰ, ਕਾਲੂ ਭਗਤ, ਦੀਪਾ ਭਗਤ, ਗਗਨ ਭਾਗਰਥ, ਡੀਪੀ ਭਗਰਾਥ, ਪਰਵੇਸ਼ ਕੁਮਾਰ, ਬੂਟਾ ਰਾਮ, ਗੋਪੀ, ਰਾਜੂ ਜਲੰਧਰੀ, ਰਾਕੇਸ਼ ਕੁਮਾਰ, ਮੁਨੀਸ਼ ਕੰਡਾ, ਆਦਿ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

# ਸਰਕਾਰੀ ਕੰਨਿਆ ਸਕੂਲ 'ਚ 35 ਬੂਟੇ ਲਗਾਏ

**ਨਵਾਂਸ਼ਹਿਰ (ਮਨੋਜ ਲਾਡੀ)** ਸੀਜੇਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਡਾ. ਅਮਨਦੀਪ ਵੱਲੋਂ ਰੁੱਖ ਲਗਾਉਣ ਦੀ ਮੁਹਿਮ ਅਤੇ 'ਹਰ ਘਰ ਲੱਕੜਹਾਰੇ ਹੈ',ਫਿਰ ਭੀ ਪੇਡ ਕਹਾਂ ਹਾਰੇ ਹੈਂ' ਸਲੋਗਨ ਤਹਿਤ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੌਲਤਪੁਰ ਵਿਖੇ ਵੱਖ-ਵੱਖ ਤਰ੍ਹਾਂ ਦੇ 35 ਬੂਟੇ ਲਗਾਏ। ਉਨ੍ਹਾਂ ਕਿਹਾ ਕਿ ਆਉਣ ਵਾਲੇ ਮਾਨਸੂਨ ਸੀਜਨ ਦੌਰਾਨ ਸਾਰੇ ਲੋਕਾਂ ਨੂੰ ਆਪਣੇ ਆਲੇ ਦੁਆਲੇ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ,ਤਾਂ ਜੋ ਵਾਤਾਵਰਣ ਦੀ ਸੰਭਾਲ ਕੀਤੀ ਜਾ ਸਕੇ ਅਤੇ ਵਾਤਾਵਰਣ ਨੂੰ ਹਰਿਆ ਭਰਿਆ, ਪ੍ਰਦੂਸ਼ਣ ਮੁਕਤ ਬਣਾ ਸਕੀਏ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਹਰ ਮਨੁੱਖ ਲਾਵੇ ਇਕ ਰੁੱਖ ਦਾ ਸੁਨੇਹਾ ਦਿੱਤਾ ਗਿਆ। ਇਸ ਮੌਕੇ ਪੈਰਾਲੀਗਲ ਵਲੰਟੀਅਰ ਅਵਤਾਰ ਚੰਦ ਚੁੰਬਰ, ਰਵਜੋਤ ਸਿੰਘ ਚੁੰਬਰ, ਕੁਲਵੰਤ ਰਾਮ, ਜਸਵਿੰਦਰ ਅਤੇ ਹਰਮਨਦੀਪ ਸਿੰਘ ਸਰਪੰਚ, ਵਰਿੰਦਰ ਸਿੰਘ, ਗੁਰਦੀਪ ਸਿੰਘ, ਮਨਦੀਪ ਥਾਂਦੀ, ਸੰਤੋਖ ਸਿੰਘ, ਗੁਰਮੀਤ ਲਾਲ, ਨਿਰਮਲ ਸਿੰਘ, ਸਤਨਾਮ ਸਿੰਘ, ਸੁਨੀਤਾ, ਅਮਿਤ ਭੁੱਲਰ, ਅਵਤਾਰ ਸਿੰਘ ਪੰਚਾਇਤ ਮੈਂਬਰ ਅਤੇ ਪਿੰਡ ਵਾਸੀ ਹਾਜਰ ਸਨ।

# ਵਾਈ ਐਫ ਸੀ ਰੁੜਕਾ ਕਲਾਂ ਵਿਖੇ ਕਰਵਾਇਆ ਫੁੱਟਬਾਲ ਕੋਚਿੰਗ 'ਡੀ ਲਾਈਸੈਂਸ'

**ਗੁਰਾਇਆ (ਬਿੰਦਰ ਸੁਮਨ)**— ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ ਪਿਛਲੇ ਕਰੀਬ ਢਾਈ ਦਹਾਕਿਆਂ ਤੋਂ ਯੋਜਨਾਬੱਧ ਤਰੀਕੇ ਨਾਲ ਬੱਚਿਆਂ ਤੇ ਨੌਜਵਾਨਾਂ ਲੜਕੇ ਬੈਡਮਿੰਟਨ, ਐਥਲੈਟਿਕ ਆਦਿ ਖੇਡਾਂ 'ਚ ਉੱਚੇ ਦਰਜੇ ਦੀ ਮੁਫਤ ਟ੍ਰੇਨਿੰਗ ਦਿੱਤੀ ਜਾਂਦੀ ਹੈ। ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ ਵੱਲੋਂ ਸਮੇਂ ਸਮੇਂ ਤੇ ਪੰਜਾਬ ਫੁੱਟਬਾਲ ਜ਼ਿਲ੍ਹਿਆਂ ਅਤੇ ਭਾਰਤ ਦੇ ਹੋਰ ਕਈ ਹਿੱਸਿਆਂ ਜਿਵੇਂ ਮੁੰਬਈ ,ਤਾਮਿਲਨਾਡੂ, ਹਿਮਾਚਲ ਆਦਿ ਤੋਂ ਫੁੱਟਬਾਲ ਕੋਚਾਂ ਨੇ ਇਸ ਕੋਰਸ ਵਿੱਚ ਹਿੱਸਾ ਲਿਆ। ਇਹ ਕੋਰਸ 5 ਜੂਨ ਤੋਂ



10 ਜੂਨ ਤੱਕ ਕਰਵਾਇਆ ਗਿਆ। ਇਹ ਕੋਰਸ ਲਾਈਸੈਂਸ ਫੁੱਟਬਾਲ ਇੰਸਟਰਕਟਰ ਪ੍ਰੀਆ ਦਰਸ਼ਨ ਦੁਆਰਾ ਕਰਵਾਇਆ ਗਿਆ। ਜਿਸ ਵਿੱਚ ਆਏ ਭਾਗੀਦਾਰਾਂ ਨੂੰ ਫੁੱਟਬਾਲ ਦੇ ਕੋਚਿੰਗ ਪ੍ਰਿੰਸੀਪਲ,ਸੈਸ਼ਨ ਪਲੈਨਿੰਗ, ਸਮਾਲ ਸਾਈਡਡ ਗੇਮਾਂ ,ਵੱਖ ਵੱਖ ਮਾਡਿਊਲ ਬਾਰੇ ਵਿਸਤਾਰ ਪੂਰਵਕ ਥਿਊਰੀ ਤੇ ਪ੍ਰੈਕਟੀਕਲ ਕਲਾਸਾਂ ਦਿੱਤੀਆਂ ਗਈਆਂ। ਅੰਤ ਵਿੱਚ ਸਾਰੇ ਭਾਗੀਦਾਰਾਂ ਦਾ ਪ੍ਰੈਕਟੀਕਲ ਅਤੇ ਥਿਊਰੀ ਦਾ ਪੇਪਰ ਹੋਇਆ। ਇਸ ਮੌਕੇ

ਅਤੇ ਲੜਕੀਆਂ ਦੇ ਸਰਪੱਖੀ ਵਿਕਾਸ ਲਈ ਕੰਮ ਕਰਦੀ ਆ ਰਹੀ ਹੈ।ਜ਼ਿਕਰਯੋਗ ਹੈ ਕਿ ਕਲੱਬ ਦੇ ਹੁਣ ਤੱਕ 100 ਤੋਂ ਵੱਧ ਖਿਡਾਰੀ ਰਾਸ਼ਟਰੀ ਅਤੇ 25 ਤੋਂ ਵੱਧ ਅੰਤਰਰਾਸ਼ਟਰੀ ਪੱਧਰ 'ਤੇ ਖੇਡ ਤੇ ਕਲੱਬ ਦਾ ਨਾਂਅ ਰੌਸ਼ਨ ਕਰ ਚੁੱਕੇ ਹਨ। ਕਲੱਬ ਵੱਲੋਂ ਇਲਾਕੇ ਵਿੱਚ 40 ਵੱਖ-ਵੱਖ ਸੈਂਟਰਾਂ ਦੇ 5000 ਦੇ ਕਰੀਬ ਲੜਕੇ ਅਤੇ ਲੜਕੀਆਂ ਨੂੰ ਖਾਸ ਤੌਰ 'ਤੇ ਫੁੱਟਬਾਲ, ਕਬੱਡੀ, ਰੈਸਲਿੰਗ, ਕ੍ਰਿਕਟ, ਐਸੋਸੀਏਸ਼ਨ ਅਤੇ ਆਲ ਇੰਡੀਆ ਫੁੱਟਬਾਲ ਫੈਡਰੇਸ਼ਨ ਦੇ ਸਹਿਯੋਗ ਨਾਲ ਕੋਚਾਂ ਲਈ ਫੁੱਟਬਾਲ ਕੋਚਿੰਗ ਲਾਈਸੈਂਸ ਆਯੋਜਿਤ ਕੀਤੇ ਜਾਂਦੇ ਹਨ। ਇਸ ਵਾਰ ਵੀ ਵਾਈ .ਐਫ.ਸੀ. ਰੁੜਕਾ ਕਲਾਂ ਵੱਲੋਂ ਡੀ ਲਾਈਸੈਂਸ ਫੁਟਬਾਲ ਕੋਚਿੰਗ ਕੋਰਸ ਜਨਰੇਸ਼ਨ ਅਮੇਜਿੰਗ ਕਮਿਊਨਿਟੀ ਕਲੱਬ ਰੁੜਕਾਂ ਕਲਾਂ ਵਿਖੇ ਕਰਵਾਇਆ ਗਿਆ ਜਿਸ ਵਿੱਚ 24 ਦੇ ਕਰੀਬ ਪੰਜਾਬ ਦੇ ਕਈ ਅੰਤਰਰਾਸ਼ਟਰੀ ਫੁੱਟਬਾਲ ਖਿਡਾਰੀ ਅਨਵਰ ਅਲੀ, ਫੁੱਟਬਾਲ ਕੋਚ ਕੁਲਵੰਤ ਬੰਟੀ, ਹੈਡ ਕੋਚ ਹਰਸ, ਡੀ. ਲਾਈਸੈਂਸ ਕੋਆਰਡੀਨੇਟਰ ਗੁਰਦੀਪ ਸਿੰਘ, ਫੁੱਟਬਾਲ ਕੋਚ ਅੰਮ੍ਰਿਤਪਾਲ ਸਿੰਘ , ਫੁੱਟਬਾਲ ਕੋਚ ਮੰਜਰ , ਫੁੱਟਬਾਲ ਕੋਚ ਸੁਖਵਿੰਦਰ ਅਤੇ ਵਾਈ. ਐਫ. ਸੀ. ਸਮੂਹ ਸਟਾਫ ਸ਼ਾਮਿਲ ਸੀ।

# ਨਸ਼ੇ ਦੇ ਖਾਤਮੇ ਲਈ ਸਰਕਾਰ ਦਾ ਸਹਿਯੋਗ ਕਰਨਾ ਜ਼ਰੂਰੀ : ਸੁਰਿੰਦਰ ਜਾਜਾ



**ਟਾਂਡਾ ਉੜਮੁੜ (ਜਸਵਿੰਦਰ ਸਿੰਘ ਓਹਰ ਸਿੰਘ)**- ਨਸ਼ਿਆਂ ਜਿਹੀਆਂ ਮਾੜੀਆਂ ਅਲਾਮਤਾਂ ਵਿੱਚ ਗਰਕ ਹੁੰਦੇ ਜਾ ਰਹੀ ਨੌਜਵਾਨ ਪੀੜੀ ਨੂੰ ਰਹਿਤ ਕਰਨ, ਨਸ਼ਿਆਂ ਦੇ ਸੌਦਾਗਰਾਂ ਤੇ ਰੋਕ ਲਗਾਉਣ ਅਤੇ ਭਾਰਤੀਅ ਵਾਲਮੀਕਿ ਧਰਮ ਸਮਾਜ (ਭਾਵਾਧਸ) ਨੂੰ ਮਜਬੂਤ ਕਰਨ ਸਬੰਧੀ ਬੀਬੀ ਅਮਰਜੀਤ ਕੌਰ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਭਾਵਾਧਸ ਦੇ ਪੰਜਾਬ ਕਨਵੀਨਰ ਸੁਰਿੰਦਰ ਜਾਜਾ ਤੋਂ ਇਲਾਵਾ ਰਮਨ ਕੁਮਾਰ ਸਾਬੀ ਅਤੇ ਸਤਪਾਲ ਸੰਧੂ ਨੇ ਭਾਗ ਲਿਆ। ਸੁਰਿੰਦਰ ਜਾਜਾ ਨੇ ਕਿਹਾ ਕਿ ਦਿਨ-ਬ-ਦਿਨ ਨਸ਼ਿਆਂ ਜਿਹੀਆਂ ਮਾੜੀਆਂ ਅਲਾਮਤਾਂ ਸਾਡੀ ਪੰਜਾਬੀ ਸੱਭਿਅਤਾ ਨੂੰ ਘੁਣ ਵਾਂਗ ਖਾ ਰਹੀਆਂ ਹਨ ਜਿਸਨੂੰ ਖਤਮ ਕਰਨਾ ਸਾਡਾ ਸਾਰਿਆਂ ਦਾ ਫਰਜ ਬਣਦਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਇਨ੍ਹਾਂ ਨਸ਼ਿਆਂ ਨੂੰ ਖਤਮ ਕਰਨ ਲਈ ਯੁੱਧ ਨਸ਼ੇ ਵਿਰੁੱਧ ਮੁਹਿਮ ਚਲਾਈ ਹੋਈ ਹੈ, ਪਰ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਪੰਜਾਬ ਦਾ ਹਰ ਨਾਗਰਿਕ ਲੋਕਾਂ 'ਚ ਜਾਗਰੂਤੀ ਪੈਦਾ ਕਰਨ। ਇਸ ਮੌਕੇ 'ਤੇ ਸੁਰਿੰਦਰ ਜਾਜਾ ਵੱਲੋਂ ਭਾਵਾਧਸ ਅਤੇ ਸਮਾਜ ਪ੍ਰਤੀ ਵਧੀਆ ਕਾਰਗੁਜਾਰੀਆਂ ਨਿਭਾਅ ਰਹੀ ਬੀਬੀ ਅਮਰਜੀਤ ਕੌਰ ਨੂੰ ਭਾਵਾਧਸ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ। ਅਮਰਜੀਤ ਕੌਰ ਨੇ ਮਲਕੀਅਤ ਸਿੰਘ, ਕੁਲਵਿੰਦਰ ਸਿੰਘ, ਸੁਨੀਤਾ, ਅੰਜੂ ਕੁਮਾਰੀ, ਸੁਖਵਿੰਦਰ ਕੌਰ, ਬਲਵਿੰਦਰ ਕੌਰ, ਸੁਨੀਤਾ ਦੇਵੀ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਭਾਵਾਧਸ ਵਿੱਚ ਸਾਮਿਲ ਕਰਵਾਇਆ, ਜਿਨ੍ਹਾਂ ਨੂੰ ਸੁਰਿੰਦਰ ਜਾਜਾ ਨੇ ਸਿਰੋਪੇ ਪਾ ਕੇ ਸਨਮਾਨਿਤ ਕੀਤਾ।

## ਇੰਸਪੈਕਟਰ ਹਰਜੀਤ ਸਿੰਘ ਬਣੇ ਡੀ ਐੱਸ ਪੀ

**ਆਦਮਪੁਰ (ਪਰਮਜੀਤ ਸਿੰਘ)**:- ਆਦਮਪੁਰ ਦੇ ਸਵ: ਜਥੇਦਾਰ ਜੀਵਨ ਸਿੰਘ ਦੇ ਸਪੁੱਤਰ ਇੰਸਪੈਕਟਰ ਹਰਜੀਤ ਸਿੰਘ ਆਦਮਪੁਰ ਦੀ ਮਹਿਕਮਾ ਪੁਲਸ 'ਚ ਵਧੀਆ ਸੇਵਾਂਵਾਂ ਨੂੰ ਦੇਖਦੇ ਹੋਏ ਵਿਭਾਗ ਵਲੋਂ ਬਤੌਰ ਉਪ ਕਪਤਾਨ ਪੁਲਸ ਪਦਉਨਤ ਕੀਤਾ ਗਿਆ ਹੈ। ਹਰਜੀਤ ਸਿੰਘ ਪੰਜਾਬ ਪੁਲਸ ਵਲੋਂ ਲਗਾਤਾਰ ਕਈ ਸਾਲ ਫੁੱਟਬਾਲ ਟੀਮ ਲਈ



ਨੈਸ਼ਨਲ ਪੱਧਰ ਦੇ ਖਿਡਾਰੀ ਰਹੇ ਹਨ। ਪੁਲਸ ਵਿਭਾਗ 'ਚ ਖੇਡਾਂ ਤੋਂ ਬਾਅਦ ਕਈ ਸਾਲ ਵਿਜੀਲੈਂਸ ਬਿਊਰੋ ਵਿਖੇ ਤਾਇਨਾਤ ਰਹੇ ਹਨ। ਇਸ ਵਕਤ ਪੁਲਸ ਦੇ ਮਹਿਕਮਾ ਐਨ.ਆਰ.ਆਈ ਵਿਖੇ ਤਾਇਨਾਤ ਹਨ। ਹਰਜੀਤ ਸਿੰਘ ਬਤੌਰ ਡੀ.ਐਸ.ਪੀ ਬਣਨ 'ਤੇ ਆਦਮਪੁਰ ਵਾਸੀਆਂ ਤੇ ਖੇਡ ਪ੍ਰੇਮੀਆਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾਂ ਦੇ ਘਰ ਵਧਾਈ ਦੇਣ ਵਾਲੇ ਲੋਕਾਂ ਦਾ ਤਾਂਤਾਂ ਲੱਗਿਆ ਹੋਇਆ ਹੈ।

## ਕਬੀਰ ਸਾਹਿਬ ਦਾ ਜਨਮ ਦਿਹਾੜਾ ਸ਼ਰਧਾਪੂਰਵਕ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸਪੋਰਟਸ ਕਲੱਬ ਵੱਲੋਂ ਪਿੰਡ ਚੂਹੜ ਪੁਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 'ਚ ਬੁੱਧਵਾਰ ਨੂੰ ਸੰਤ ਸ਼੍ਰੋਮਣੀ



ਕਬੀਰ ਸਾਹਿਬ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾਪੂਰਵਕ ਮਨਾਇਆ ਗਿਆ ਅਤੇ ਕੀਰਤਨ ਹਾਲ ਦਾ ਉਦਘਾਟਨ ਕੀਤਾ ਗਿਆ ।ਦਰਬਾਰ ਦੇ ਮੁੱਖ ਸੇਵਾਦਾਰ ਜਗਦੀਸ਼ ਸੁਮਨ ਮੈਂਬਰ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਰਜਿ ਪੰਜਾਬ ਨੇ ਦੱਸਿਆ ਕਿ ਸਵੇਰ ਤੋਂ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਸਮੁੱਚੇ ਨਗਰ ਦੀ ਖੁਸ਼ਹਾਲੀ ਅਤੇ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ ਗਈ। ਕੀਰਤਨ ਦਮਦਮਾ ਸਾਹਿਬ ਵਲੋਂ ਸ਼੍ਰੀਮਾਨ 108 ਸੰਤ ਸਤਨਾਮ ਦਾਸ ਮਹਿਦੂਦ ਵਾਲਿਆਂ ਨੇ ਸ਼ਬਦ ਗਾਇਨ ਕੀਤਾ ਗਿਆ। ਸੰਤ ਸ਼੍ਰੋਮਣੀ ਕਬੀਰ ਸਾਹਿਬ ਜੀ ਦੀ ਜੀਵਨੀ ਬਾਰੇ ਚਾਨਣਾ ਪਾਇਆ ਗਿਆ। ਐਮ ਐਲ ਏ ਡਾ. ਨਛੱਤਰ ਪਾਲ ਨੇ ਵਿਸ਼ੇਸ ਤੌਰ ਪਹੁੰਚ ਕੇ ਆਪਣੀ ਹਾਜਰੀ ਲਗਵਾਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਾਬੀ ਜਾਫਰਪੁਰ ਪੀ ਏ ਰਾਕੇਸ਼ ਪਾਲ ਪੰਕਜ ਕੁਮਾਰ, ਸੱਭਾ ਤੇ ਪਿੰਡ ਵਾਸੀ ਹਾਜਰ ਸਨ ।

# ਵਿਧਾਇਕ ਵੱਲੋਂ ਨਵੇਂ ਟਿਊਬਵੈੱਲ ਦਾ ਉਦਘਾਟਨ



**ਡੇਰਾਬੱਸੀ (ਵਿਨੈ ਕੁਮਾਰ ਜੈਨ)**— ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਪਾਣੀ ਦੀ ਸਪਲਾਈ ਨੂੰ ਬਿਹਤਰ ਬਣਾਉਣ ਲਈ ਨਗਰ ਪ੍ਰੀਸ਼ਦ ਪ੍ਰਧਾਨ ਆਸ਼ੂ ਉਪਨੇਜਾ ਨਾਲ ਮਿਲ ਕੇ ਡੇਰਾਬੱਸੀ ਬਰਵਾਲਾ ਰੋਡ ਸਥਿਤ ਵਾਰਡ ਨੰਬਰ ਛੇ ਵਿੱਚ 49.09 ਲੱਖ ਰੁਪਏ ਦੀ ਲਾਗਤ ਨਾਲ ਲਗਾਏ ਗਏ ਨਵੇਂ ਟਿਊਬਵੈੱਲ ਦਾ ਉਦਘਾਟਨ ਕੀਤਾ। ਇਸ ਟਿਊਬਵੈੱਲ ਦੀ ਸਥਾਪਨਾ ਨਾਲ ਸੈਂਕੜੇ ਪਰਵਾਰਾਂ ਨੇ ਰਾਹਤ ਦਾ ਸਾਹ ਲਿਆ ਹੈ। ਰੰਧਾਵਾ ਨੇ ਇਸ ਮੌਕੇ ਲੋਕਾਂ ਨੂੰ ਪਾਣੀ ਦੀ ਸੰਭਾਲ ਕਰਨ ਦੀ ਜ਼ੋਰਦਾਰ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪਾਣੀ ਤੋਂ ਬਿਨਾਂ ਮਨੁੱਖੀ ਜੀਵਨ ਸੰਭਵ ਨਹੀਂ ਹੈ। ਇਸ ਲਈ, ਜਿੰਨਾ ਹੋ ਸਕੇ ਪਾਣੀ ਬਚਾਉਣਾ ਜ਼ਰੂਰੀ ਹੈ।ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਤੀਜਾ ਵਿਸ਼ਵ ਯੁੱਧ ਹੁੰਦਾ ਹੈ, ਤਾਂ ਇਹ ਪਾਣੀ ਕਾਰਨ ਹੋਵੇਗਾ। ਇਨ੍ਹਾਂ ਟਿਊਬਵੈਲਾਂ ਤੋਂ ਪਾਣੀ ਦੀ ਵਰਤੋਂ ਕਰਨ ਤੋਂ ਇਲਾਵਾ, ਇਸ ਨੂੰ ਬਚਾਉਣਾ ਨਾਗਰਿਕਾਂ ਦੀ ਜ਼ਿੰਮੇਵਾਰੀ ਵੀ ਹੈ। ਉਨ੍ਹਾਂ ਕਿਹਾ ਕਿ ਪਾਣੀ ਬਚਾਉਣ ਲਈ, ਪੰਜਾਬ ਸਰਕਾਰ ਡੇਰਾਬੱਸੀ ਵਿਧਾਨ ਸਭਾ ਹਲਕੇ ਦੇ ਹਰ ਘਰ ਵਿੱਚ, ਖਾਸ ਕਰਕੇ ਜ਼ੀਰਕਪੁਰ ਅਤੇ ਡੇਰਾਬੱਸੀ ਵਿੱਚ, ਮੀਂਹ ਦੇ ਪਾਣੀ ਦੀ ਸੰਭਾਲ ਪ੍ਰਣਾਲੀ ਨੂੰ ਲਾਜ਼ਮੀ ਬਣਾਉਣ ਦਾ ਫੈਸਲਾ ਕਰ ਰਹੀ ਹੈ, ਤਾਂ ਜੋ ਵੱਧ ਤੋਂ ਵੱਧ ਪਾਣੀ ਬਚਾਇਆ ਜਾ ਸਕੇ।

# 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ 10ਵਾਂ ਸ਼ਹੀਦੀ ਸਮਾਗਮ ਕਰਵਾਇਆ

**ਮਹਿਤਪੁਰ (ਰਾਜਾ)** ਜੂਨ 1984 ਦੇ ਸਮੂਹ ਸ਼ਹੀਦ ਸਿੰਘ ਸਿੰਘਣੀਆਂ ਨੂੰ ਸਮਰਪਿਤ 10ਵਾਂ ਸ਼ਹੀਦੀ ਸਮਾਗਮ ਮਹਿਤਪੁਰ ਦੇ ਗੁਰਦੁਆਰਾ ਭਾਈ ਜਵਾਹਰ ਸਿੰਘ ਜੀ ਸਿੰਘ ਸਭਾ ਵਿਖੇ ਕਰਵਾਇਆ ਗਿਆ। ਸਮਾਗਮ ਦੀ ਆਰੰਭਤਾ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਸਜਾਏ ਗਏ ਜਿਸ ਵਿੱਚ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ, ਬੀਬੀ ਹਰਮੀਤ ਕੌਰ ਖਾਲਸਾ ਲੁਧਿਆਣੇ ਵਾਲੇ, ਭਾਈ



ਸੁਖਬੀਰ ਸਿੰਘ ਜੀ ਗੁਰੂ ਨਾਨਕ ਦਲ ਮੜੀਆ ਵਾਲੇ ਅਤੇ ਹੋਰ ਜਥਿਆ ਨੇ ਹਾਜਰੀ ਭਰੀ। ਜਿਨ੍ਹਾਂ ਨੇ ਕਵੀਸ਼ਰੀ ਅਤੇ ਕੀਰਤਨ ਨਾਲ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ ਤੇ 1984 ਦੇ ਸਮੂਹ ਸ਼ਹੀਦਾਂ ਦਾ ਇਤਿਹਾਸ ਸੁਣਾਇਆ। ਉਹਨਾਂ ਆਨੰਦਪੁਰ ਸਾਹਿਬ ਦੇ ਮਤੇ ਦੀ ਵਿਸਥਾਰਪੂਰਵਕ ਜਾਣਕਾਰੀ ਸੰਗਤਾਂ ਨੂੰ ਦਿੱਤੀ।ਕੌਮੀ ਸ਼ਹੀਦ ਸੰਦੀਪ ਸਿੰਘ ਦੀਪ ਸਿੱਧੂ ਤੇ ਹੋਰ ਸ਼ਹੀਦਾਂ ਨੂੰ ਸ਼ਰਧਾਜ਼ਲੀਆਂ ਭੇਂਟ ਕੀਤੀਆਂ ਗਈਆਂ। ਖਾਲਸਾ ਐਜੂਕੇਸ਼ਨ ਸੁਸਾਇਟੀ ਨਾਰੰਗਵਾਲ ਲੁਧਿਆਣਾ ਵੱਲੋਂ ਫਰੀ ਦਸਤਾਰ ਕੈਂਪ ਲਗਾਇਆ ਗਿਆ। ਸਮਾਗਮ ਵਿੱਚ ਸਹਿਯੋਗ ਕਰਨ ਵਾਲੇ ਐਨ. ਆਰ. ਆਈ ਵੀਰਾਂ ਅਤੇ ਦਾਨੀਆ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਵਿਸ਼ੇਸ਼ ਤੌਰ ਤੇ ਪਹੁੰਚੇ ਭਾਈ ਦੀਪ ਸਿੱਧੂ ਦੇ ਭਰਾ ਨੂੰ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ ਤੇ ਉਨ੍ਹਾ ਆਪਣੇ ਵਿਚਾਰ ਸੰਗਤਾਂ ਦੇ ਸਨਮੁੱਖ ਰੱਖੇ। ਇਸ ਮੌਕੇ ਗੁਰਿੰਦਰ ਸਿੰਘ ਲੰਬੜ, ਬਾਬਾ ਪਲਵਿੰਦਰ ਸਿੰਘ ਚੀਮਾ, ਅਮਰੀਕ ਸਿੰਘ, ਅਮਰਜੋਤ ਸਿੰਘ ਚੀਮਾ, ਕਰਮਜੀਤ ਸਿੰਘ ਚੀਮਾ, ਜੀਤਾ ਜੋਹਲ, ਹਰਮਨ, ਲਵ ਸੰਧੂ ਆਦਿ ਹਾਜ਼ਰ ਸਨ।

# ਮੰਨਣਹਾਣਾਂ ਤੋਂ ਹਾਈ ਬਲੱਡ ਪ੍ਰੈਸ਼ਰ ਜਾਗਰੂਕਤਾ ਸੰਬੰਧੀ 5 ਕਿਲੋਮੀਟਰ ਦੌੜ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ



ਡਾ. ਜਵਿੰਦਰਵੰਤ ਸਿੰਘ ਬੈਂਸ ਐੱਸ. ਐਮ. ਓ. ਪਾਲਦੀ ਦੀ ਅਗਵਾਈ ਹੇਠ ਪਿੰਡ ਮੰਨਣਹਾਨਾ ਦੀ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਆਯੂਸ਼ਮਾਨ ਆਰੋਗਿਆ ਕੇਂਦਰ ਮੰਨਣਹਾਨਾ ਵੱਲੋਂ ਹਾਈ ਬਲੱਡ ਪ੍ਰੈਸ਼ਰ ਜਾਗਰੂਕਤਾ ਮਹੀਨੇ ਤਹਿਤ 5 ਕਿੱਲੋਮੀਟਰ ਦੌੜ ਦਾ ਆਯੋਜਨ ਕੀਤਾ ਗਿਆ ਹੈ । ਇਸ ਦੌੜ ਵਿੱਚ 100 ਦੇ ਕਰੀਬ ਨੌਜਵਾਨਾਂ ਨੇ ਭਾਗ ਲਿਆ। ਡਾ. ਜਵਿੰਦਰਵੰਤ ਸਿੰਘ ਬੈਂਸ, ਡਾ. ਦਰਬਾਰੀ ਲਾਲ ਸੀ. ਐਚ. ਓ, ਮਾਨਵ ਸਰਮਾ ਬੀ. ਈ. ਈ. ਨੇ ਆਪਣੇ ਵਿਚਾਰ ਸਾਂਝੇ ਕੀਤੇ। ਦੌੜ ਵਿੱਚ ਜੇਤੂਆਂ ਅਤੇ ਸਾਰੇ ਭਾਗ ਲੈਣ ਵਾਲੇ ਨੌਜਵਾਨਾਂ ਨੂੰ ਸਰਟੀਫਿਕੇਟ ਵੰਡੇ ਗਏ। ਇਸ ਮੌਕੇ ਸਰਪੰਚ ਰਵੀ ਕੁਮਾਰ, ਗੋਲਡੀ ਰਾਣਾ, ਹਰਪ੍ਰੀਤ ਸਿੰਘ ਮਰਵਾਹਾ, ਤਜਿੰਦਰ ਸਿੰਘ ਵਿੱਕੀ, ਸੰਨੀ ਮਦਾਨ, ਡਾ. ਮੁਨੀਸ ਪ੍ਰਭਾਕਰ, ਡਾ. ਸੁਨੀਲ ਕੁਮਾਰ. ਡਾ. ਕੁਲਦੀਪ ਕੁਮਾਰ, ਮੈਨੇਜਰ ਵਿਨੀਤ ਸਰਮਾ, ਸਾਹਿਬ ਸਿੰਘ, ਸੁਖਜੀਤ ਸਿੰਘ, ਲਵਲੀਨ ਪ੍ਰਭਾਕਰ, ਬਲਕਾਰ ਭਰੋਲੀ, ਹਰਸਵੀਰ ਸਿੰਘ ਮਾਨ, ਲਾਲੀ ਹੰਮਪਾਲ, ਅਸ਼ੋਕ ਕੁਮਾਰ, ਰਛਪਾਲ ਕਲੇਰ, ਜਸਵੀਰ ਸਿੰਘ ਲੇਹਲ, ਸਾਧੂ ਰਾਮ ਚਾਦਲਾ, ਨਿਰਮਲ ਕੁਮਾਰ, ਨੰਬਰਦਾਰ ਹਰਭਜਨ ਲਾਲ, ਕਮਲਜੀਤ ਸਿੰਘ ਪੰਚ, ਦੀਪਕ ਕੋਟਫਤੂਹੀ, ਰਜਿੰਦਰ ਕੁਮਾਰ, ਰਛਪਾਲ ਰਾਜੂ, ਮੋਨੂੰ ਮਦਾਨ, ਪੰਡਿਤ ਸੰਦੀਪ ਕੋਟਫਤੂਹੀ, ਮਨਵੀਰ ਸਿੰਘ ਬਲਕਰਨ ਰਾਮ ਆਦਿ ਹਾਜਰ ਸਨ।

## ਵੀਰ ਜਤਿੰਦਰ ਸਿੰਘ ਮਲਕਪੁਰ ਦਾ ਸਨਮਾਨ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਦੇ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਸੰਸਥਾ ਵਲੋਂ ਗੁਰੂ



ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਵਿਖੇ ਸੰਸਥਾ ਦੀ ਟੀਮ ਵੱਲੋਂ ਇਲਾਕੇ ਦੇ ਪ੍ਰਚਾਰਕ ਭਾਈ ਵੀਰ ਜਤਿੰਦਰ ਸਿੰਘ ਮਲਕਪੁਰ ਵਾਲਿਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਡਾਕਟਰ ਤਰਸੇਮ ਸਿੰਘ, ਲੈਬ ਟੈਕਨੀਸ਼ੀਅਨ ਗੁਰਪ੍ਰੀਤ ਸਿੰਘ, ਲਵਪ੍ਰੀਤ ਕੌਰ, ਸੰਦੀਪ ਕੌਰ ਪਾਸ਼ਟਾ, ਪ੍ਰੀਆ ਨਰੂੜ, ਹਰਪ੍ਰੀਤ ਕੌਰ ਪਾਸ਼ਟਾਂ, ਜਸਵੀਰ ਕੌਰ, ਹਰਦੀਪ ਸਿੰਘ,ਗੁਰਚਰਨ ਸਿੰਘ ਅਤੇ ਕੁਲਦੀਪ ਕੌਰ ਆਦਿ ਹਾਜ਼ਰ ਸਨ।

## ਨਿਰਜਲਾ ਇਕਾਦਸ਼ੀ ਮੌਕੇ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ



**ਮਹਿਤਪੁਰ (ਰਾਜਾ)** ਸ਼ਿਵ ਮੰਦਰ ਕਮੇਟੀ (ਰਜਿ) ਤੇ ਇਸਤਰੀ ਸਤਿਸੰਗ ਸਭਾ ਮਹਿਤਪੁਰ ਵੱਲੋਂ ਨਿਰਜਲਾ ਇਕਾਦਸ਼ੀ ਦੇ ਮੌਕੇ ਤੇ ਠੰਡੇ ਮਿੱਠੇ ਜਲ ਪਾਣੀ ਤੇ ਖਰਬੂਜਿਆਂ ਦਾ ਲੰਗਰ ਲਗਾਇਆ ਗਿਆ, ਇਸ ਮੌਕੇ ਪ੍ਰਧਾਨ ਅਸ਼ੋਕ ਸੂਦ, ਯੋਗੇਸ਼ ਸ਼ਰਮਾ, ਵਿਨੋਦ ਸ਼ਰਮਾ, ਵਿਨੋਦ ਵਰਮਾ, ਅਸ਼ਵਨੀ ਸ਼ਰਮਾ, ਰਾਮਾ ਭੰਡਾਰੀ, ਬਰਜੇਸ਼ ਮਹਿਤਾ, ਮਨਦੀਪ ਸ਼ਰਮਾ, ਕਰਨ ਚੋਪੜਾ, ਨਗੀਨਾ, ਬਲਵੀਰ ਚੰਦ ਆਦਿ ਹਾਜ਼ਰ ਸਨ।

# ਨਈਅਰ ਪਰਵਾਰ ਦੇ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਸ਼ਰਧਾਪੂਰਵਕ ਮਨਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨਈਅਰ ਪਰਵਾਰ ਦੇ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਚੀਮਾ ਰੋਡ ਸਥਿਤ ਮੰਦਿਰ ਸਤੀ ਮਾਤਾ ਦੇ ਦਰਬਾਰ ਤੇ ਕਮੇਟੀ ਚੇਅਰਮੈਨ ਦਿਨੇਸ਼ ਨਈਅਰ ਉਰਫ ਰਾਜੂ ਯੂ ਐੱਸ ਏ ਅਤੇ ਪ੍ਰਧਾਨ ਅਨਿਲ ਨਈਅਰ ਉਰਫ ਰਾਜੂ ਹਾਲੈਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਪ ਪ੍ਰਧਾਨ ਸਿਧਾਰਥ ਨਈਅਰ ਦੀ ਅਗਵਾਈ ਹੇਠ ਸ਼ਰਧਪੂਰਵਕ ਅਤੇ ਧੂਮਧਾਮ ਨਾਲ ਮਨਾਇਆ ਗਿਆ।ਪੰਡਿਤ ਰਾਹੁਲ ਵਲੋਂ ਵਿਧੀਪੂਰਵਕ ਮੰਤ੍ਰ ਉਚਾਰਣ ਕਰਦੇ ਹੋਏ ਪਿੰਡੀ ਰੂਪ ਵਿੱਚ ਮੌਜੂਦ ਕੁਲ ਦੇਵੀ ਨੂੰ ਪੰਚ ਅੰਮ੍ਰਿਤ ਇਸ਼ਨਾਨ ਕਰਵਾਉਣ ਉਪਰੰਤ ਛਤਰ ਚੜ੍ਹਾਇਆ ਗਿਆ। ਮੰਦਿਰ ਸ਼ਿਵਾਲਾ ਮੁਹੱਲਾ ਜੋਸ਼ੀਆਂ ਤੋਂ ਝੰਡਾ



ਲੈਕੇ ਮਾਤਾ ਰਾਣੀ ਦੇ ਨਾਂਅ ਦੀ ਮਹਿਮਾ ਦਾ ਗੁਣਗਾਨ ਕਰਦੇ ਹੋਏ ਨਗਰ ਪਰਿਕਰਮਾ ਕਰ ਸਤੀ ਮਾਤਾ ਮੰਦਿਰ ਪਹੁੰਚੇ। ਝੰਡੇ ਦੀ ਰਸਮ ਉਪਰੰਤ ਭਗਤੀ ਪਰਸਾਰ ਮੰਡਲ , ਮੰਦਿਰ ਸ਼੍ਰੀ ਬਾਬਾ ਭੂਤਨਾਥ ਨੂਰਮਹਿਲ ਵਲੋਂ ਦੁਰਗਾ ਸਤੁਤੀ ਦਾ ਪਾਠ ਕੀਤਾ ਗਿਆ ।ਠੰਡੇ ਮਿੱਠੇ ਜਲ ਦੀ ਛਬੀਲ, ਕੋਲਡ ਡਰਿੰਕ, ਲੱਸੀ,ਆਈਸਕ੍ਰੀਮ ਅਤੇ ਅਲੱਗ ਅਲੱਗ ਵਿਅੰਜਨਾਂ ਦੇ ਸਟਾਲ ਖੂਬ ਚੱਲੇ। ਸੰਗਤ ਨੂੰ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਹੈਪੀ ਨਈਅਰ , ਸੋਨੂੰ ਨਈਅਰ, ਵਿਨੇ ਨਈਅਰ, ਅਜੇ ਨਈਅਰ, ਆਸ਼ੂ ਨਈਅਰ, ਮਨੀ ਨਈਅਰ, ਰਾਣਾ ਨਈਅਰ, ਸੰਜੀਵ ਨਈਅਰ ਉਰਫ ਨਾਣਾ, ਜਤਿੰਦਰ ਨਈਅਰ, ਬੌਬੀ ਨਈਅਰ, ਲਲਿਤ ਨਈਅਰ, ਵਿਸ਼ੂ ਨਈਅਰ ਨਕੋਦਰ, ਜੀਵਨ ਨਈਅਰ ਲੁਧਿਆਣਾ, ਮਾਸਟਰ ਰਾਜਿੰਦਰ ਕੁਮਾਰ ਨਈਅਰ, ਪ੍ਰਿੰਸ ਨਈਅਰ, ਰਮੇਸ਼ ਕੁਮਾਰ ਨਈਅਰ, ਨਵਲ ਨਈਅਰ ਉਰਫ ਗੋਲਡੀ, ਮਨੀਸ਼ ਨਈਅਰ, ਗਗਨਦੀਪ ਨਈਅਰ, ਵਿਨੋਦ ਨਈਅਰ, ਕਾਕਾ ਨਈਅਰ, ਵਿਸ਼ਵਾਮਿੱਤਰ ਨਈਅਰ, ਨੀਰਜ ਨਈਅਰ,ਅਭੀ ਨਈਅਰ, ਹਨੀ ਨਈਅਰ, ਰਾਜੇਸ਼ ਨਈਅਰ, ਸਾਗਰ ਨਈਅਰ, ਮਨੀਸ਼ ਉਰਫ ਮੱਟੀ ਨਈਅਰ, ਬੰਟੀ ਨਈਅਰ, ਇਸ਼ੂ ਨਈਅਰ, ਰੋਹਿਤ ਨਈਅਰ, ਰਮੇਸ਼ ਚੰਦਰ ਨਈਅਰ, ਯੋਗੇਸ਼ ਨਈਅਰ, ਤੀਰਥ ਰਾਮ ਨਈਅਰ, ਸ਼ਿਵਾ ਨਈਅਰ, ਮੈਡਮ ਨਵੀਨ ਨਈਅਰ, ਨੀਤੂ ਨਈਅਰ, ਜਯੋਤੀ ਨਈਅਰ, ਮਧੂ ਨਈਅਰ, ਉਸ਼ਮਾ ਨਈਅਰ, ਰੇਖਾ ਨਈਅਰ, ਗੀਤੂ ਨਈਅਰ, ਸੋਨਲ ਨਈਅਰ ਆਦਿ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।



# ਸਤਿਗੁਰੂ ਕਬੀਰ ਦਾ ਜਨਮ ਦਿਹਾੜਾ ਮਨਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**— ਏਕਤਾ ਮੰਚ ਵੈਲਫੇਅਰ ਸੋਸਾਇਟੀ ( ਰਜਿ. ) ਨੂਰਮਹਿਲ ਵਲੋਂ ਸਤਿਗੁਰੂ ਕਬੀਰ ਜੀ ਦਾ ਜਨਮ ਦਿਹਾੜਾ ਬੁੱਧ ਵਿਹਾਰ ਤਲਵਣ ਵਿਖੇ ਮਨਾਇਆ ਗਿਆ।ਸਕੂਲੀ ਬੱਚਿਆਂ ਨੂੰ ਕਾਪੀਆਂ ਪੈੱਨ ਤੇ ਪੈਨਸਲਾਂ ਵੰਡੀਆਂ ਗਈਆਂ ਅਤੇ ਫਰੂਟੀ ਦੇ ਲੰਗਰ ਵੀ ਲਗਾਏ ਗਏ।ਡਾ.ਬੀ.ਆਰ ਅੰਬੇਡਕਰ ਬੁੱਧ ਵਿਹਾਰ ਮੈਨਜਿੰਗ ਕਮੇਟੀ ਤਲਵਣ ਦੇ ਚੇਅਰਮੈਨ ਕਮਲਜੀਤ ਬਸਰਾ, ਭੰਤੇ ਸ਼ੀਲਾ ਨੰਦ ( ਭਿਕਸ਼ੂ ) ਪ੍ਰਧਾਨ ਸਤੀਸ਼ ਕੁਮਾਰ , ਸੰਦੀਪ ਸਰੋਏ , ਕਮਲ ਸਰੋਏ , ਵਿਜੈ ਕੁਮਾਰ ਅਤੇ ਮੈਡਮ ਅਨੀਤਾ ਹਾਜ਼ਰ ਸਨ ਕਮੇਟੀ ਵਲੋਂ ਸੰਸਥਾ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਚੇਅਰਮੈਨ ਨਰਿੰਦਰ ਭੰਡਾਲ , ਪ੍ਰਧਾਨ ਗਗਨਦੀਪ ਨਈਅਰ ,ਪੀ.ਆਰ.ਓ ਬਲਵਿੰਦਰ ਸਿੰਘ , ਜਰਨਲ ਸੈਕਟਰੀ ਜਸਵੀਰ ਸਹਿਜਲ , ਫਿਰੋਜ਼ ਨਿਗਾਹ ਵਾਇਸ ਪ੍ਰਧਾਨ , ਵਿਜੈ ਗੁਰੂ ਅਤੇ ਹਨੀ ਵਿਰਦੀ ਹਾਜ਼ਰ ਸਨ। ਆਖਿਰ ਵਿਚ ਸਕੂਲੀ ਬੱਚਿਆਂ ਵੱਲੋਂ ਕਵਿਤਾ ਪੇਸ਼ ਕੀਤੀਆਂ ਗਈਆਂ।

# ਨੰਨੜ ਗੋਤ ਜਠੇਰਿਆਂ ਦਾ ਮੇਲਾ 16 ਨੂੰ

**ਅੱਡਾ ਸਰਾਂ (ਜਸਵੀਰ ਕਾਜਲ)** ਪਿੰਡ ਬਾਬਕ ਵਿੱਚ ਨੰਨੜ ਗੋਤ ਪਰਵਾਰ, ਸਮੂਹ ਨਗਰ ਨਿਵਾਸੀ ਅਤੇ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ 16 ਜੂਨ ਨੂੰ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸੇਵਾਦਾਰ ਪ੍ਰਬੰਧਕ ਕੁਲਦੀਪ ਸਿੰਘ ਸੇਠੀ ,ਹਰਪ੍ਰੀਤ ਸਿੰਘ ਹੈਪੀ, ਮਨੋਹਰ ਸਿੰਘ , ਗੁਰਬਖਸ ਸਿੰਘ ਲੰਬੜਦਾਰ, ਮੇਜਰ ਸਿੰਘ, ਡੀਐਸਪੀ ਜਤਿੰਦਰ ਪਾਲ ਸਿੰਘ, ਪਰਮਿੰਦਰ ਸਿੰਘ ਕਨੇਡਾ, ਦਵਿੰਦਰ ਸਿੰਘ, ਗੁਰਜੋਤ, ਗਗਨ, ਜਸਵੀਰ ਸਿੰਘ ਕਨੇਡਾ, ਹਰਮਨ, ਬੱਲੀ, ਅਜੇ, ਕਮਲ, ਗੁਰਦੇਵ ਸਿੰਘ ਲੰਬੜਦਾਰ ਨੇ ਦੱਸਿਆ ਕਿ ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਕੀਰਤਨੀ ਜਥਿਆਂ ਪਾਸੋਂ ਗੁਰਬਾਣੀ ਕਥਾ ਵਿਚਾਰਾਂ ਅਤੇ ਕੀਰਤਨ ਨਾਲ ਆਈਆਂ ਹੋਈਆਂ ਸੰਗਤਾਂ ਨਿਹਾਲ ਕੀਤਾ ਜਾਵੇਗਾ। ਇਸ ਮੌਕੇ ਠੰਡੇ ਮਿੱਠੇ ਜਲ ਦੀ ਛਬੀਲ, ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਸ਼ਹੀਦ ਬਾਬਾ ਨਾਨਕ ਸਿੰਘ ਦੀ ਯਾਦ 'ਚ ਸਾਲਾਨਾ ਗੁਰਮਤਿ ਸਮਾਗਮ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਇਤਿਹਾਸਕ ਪਿੰਡ ਤਨੂੰਲੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮੀਰੀ ਪੀਰੀ ਦੇ ਮਾਲਕ, ਪਾਤਸਾਹੀ ਛੇਵੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ 'ਤੇ ਸ਼ਹੀਦ ਬਾਬਾ ਨਾਨਕ ਸਿੰਘ ਜੀ ਦੀ ਯਾਦ ਵਿੱਚ ਸਾਲਾਨਾ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਦੀਵਾਨ ਹਾਲ ਵਿੱਚ ਭਾਈ ਬ੍ਰਿਕਮਜੀਤ ਸਿੰਘ ਖਾਲਸਾ ਹੈਡ ਗ੍ਰੰਥੀ ਤਨੂੰਲੀ, ਭਾਈ ਮੇਜਰ ਸਿੰਘ ਖਾਲਸਾ ਸੁਲਤਾਨਪੁਰ ਲੋਧੀ ਇੰਟਰਨੈਸ਼ਲ ਢਾਡੀ ਜੱਥਾ ਆਦਿ ਨੇ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਧਾਨ ਜੋਗਿੰਦਰ ਸਿੰਘ, ਅਮਰਜੀਤ ਸਿੰਘ ਮੀਤ ਪ੍ਰਧਾਨ, ਬਖਤਾਵਰ ਸਿੰਘ ਸਕੱਤਰ,



ਸੁਰਿੰਦਰ ਸਿੰਘ ਗਿੱਲ ਖਜਾਨਚੀ, ਅਮਰਜੀਤ ਸਿੰਘ, ਜਤਿੰਦਰ ਪਾਲ ਸਿੰਘ, ਡਾਕਟਰ ਗੁਰਦੇਵ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

# ਇੰਗਲੈਂਡ 'ਚ ਪੰਜਾਬੀ ਦੀ ਮੌਤ, 15 ਸਾਲ ਤੋਂ ਸ਼ਹਿਰ ਹੇਅਸ 'ਚ ਰਹਿ ਰਿਹਾ ਸੀ ਵਰਿੰਦਰ ਸਿੰਘ

**ਸੁਲਤਾਨਪੁਰ ਲੋਧੀ (ਬਲਵੀਰ ਸਾਲ੍ਹਪੁਰੀ)**- ਇੰਗਲੈਂਡ ਤੋਂ ਦੁਖਦਾਈ ਖਬਰ ਸਾਹਮਣੇ ਆਈ ਹੈ, ਜਿੱਥੇ ਪੰਜਾਬੀ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਪਹਿਚਾਣ ਵਰਿੰਦਰ ਸਿੰਘ (45) ਪੁੱਤਰ ਤਰਸੇਮ ਸਿੰਘ ਵਾਸੀ ਮੁਹੱਲਾ ਮਹਿਰੀਆ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਵਜੋਂ ਹੋਈ ਹੈ ਜੋ ਕਿ ਦੋ ਭੈਣਾਂ ਦਾ ਇਕਲੌਤਾ ਭਰਾ ਸੀ ਅਤੇ ਕਰੀਬ 15 ਸਾਲ ਪਹਿਲਾਂ ਚੰਗੇ ਰੁਜ਼ਗਾਰ ਦੀ ਭਾਲ ਵਿੱਚ ਇੰਗਲੈਂਡ ਗਿਆ ਸੀ ਅਤੇ ਇੰਗਲੈਂਡ ਦੇ ਹੇਅਸ ਸ਼ਹਿਰ ਵਿੱਚ ਰਹਿ ਰਿਹਾ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਵਰਿੰਦਰ ਸਿੰਘ ਇੱਕ ਮੱਧ ਵਰਗੀ ਪਰਵਾਰ ਦੇ ਨਾਲ ਸੰਬੰਧਤ ਸੀ ਅਤੇ ਉਹ ਪਿਛਲੇ ਲਗਪਗ 15 ਸਾਲ ਤੋਂ ਇੰਗਲੈਂਡ ਦੇ ਸ਼ਹਿਰ ਹੇਅਸ 'ਚ ਰਹਿ ਕੇ ਕੰਮਕਾਜ ਕਰਕੇ ਆਪਣੇ ਪਰਵਾਰ ਦਾ ਪਾਲਣ ਪੋਸਣ ਕਰ ਰਿਹਾ ਸੀ। ਜਾਣਕਾਰੀ ਦਿੰਦਿਆਂ ਮ੍ਰਿਤਕ ਦੇ ਜੀਜਾ ਕਸ਼ਮੀਰ ਸਿੰਘ ਅਤੇ ਦੋਸਤ ਪ੍ਰਤਾਪ ਸਿੰਘ ਯੂ ਕੇ ਨੇ ਦੱਸਿਆ ਕਿ ਇੰਗਲੈਂਡ ਵਿਖੇ ਬੀਤੀ 19 ਮਈ ਨੂੰ ਕੰਮ ਕਰਦੇ ਸਮੇਂ ਵਰਿੰਦਰ ਨੂੰ ਅਚਾਨਕ ਦਿਮਾਗੀ ਦੌਰਾ ਪੈ ਗਿਆ ਸੀ। ਜਿਸ ਤੋਂ ਬਾਅਦ ਉਸ ਨੂੰ ਸਾਥੀ ਕਰਮਚਾਰੀਆਂ ਵੱਲੋਂ ਐਂਬੂਲੈਂਸ ਦੀ ਮਦਦ ਨਾਲ ਨੇੜਲੇ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ। ਜਿੱਥੇ 23 ਮਈ ਨੂੰ



ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਉਹਨਾਂ ਦੱਸਿਆ ਕਿ ਵਰਿੰਦਰ ਸ਼ਾਦੀਸ਼ੁਦਾ ਸੀ ਅਤੇ ਉਸ ਦੇ ਦੋ ਜਵਾਨ ਪੁੱਤਰ ਹਨ। ਉਹ ਬਜ਼ੁਰਗ ਪਿਤਾ ਦੇ ਬੁਢਾਪੇ ਦਾ ਸਹਾਰਾ ਸੀ ਅਤੇ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਪਰਵਾਰ ਦਾ ਸਾਰਾ ਦਾਰਮਦਾਰ ਤਰਸੇਮ ਉੱਤੇ ਹੀ ਟਿਕਿਆ ਹੋਇਆ ਸੀ। ਉਸ ਦੀ ਅਚਾਨਕ ਮੌਤ ਹੋ ਜਾਣ ਕਾਰਨ ਪਰਵਾਰ ਬੇਹਦ ਸਦਮੇ ਵਿੱਚ ਹੈ । ਉਹਨਾਂ ਦੱਸਿਆ ਕਿ ਅੰਤਿਮ ਰਸਮਾਂ ਲਈ ਬੁੱਧਵਾਰ ਉਸ ਦੀ ਲਾਸ਼ ਅੰਮ੍ਰਿਤਸਰ ਏਅਰਪੋਰਟ ਤੋਂ ਸੁਲਤਾਨਪੁਰ ਲੋਧੀ ਵਿਖੇ ਉਸ ਦੇ ਜੱਦੀ ਘਰ 'ਚ ਲਿਆਂਦੀ ਗਈ, ਜਿੱਥੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

# ਜੀਤ ਲਾਲ ਭੱਟੀ ਨੇ ਸੜਕ ਬਣਾਉਣ ਦੇ ਕੰਮ ਦਾ ਕੀਤਾ ਉਦਘਾਟਨ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**— ਪਿੰਡ ਸੱਤੋਵਾਲੀ ਦੀ ਲਿੰਕ ਸੜਕ 26 ਲੱਖ ਰੁਪਏ ਦੀ ਲਾਗਤ ਨਾਲ ਸੜਕ ਬਣਾਉਣ ਦੇ ਕੰਮ ਦਾ ਉਦਘਾਟਨ ਜੀਤ ਲਾਲ ਭੱਟੀ ਹਲਕਾ ਇੰਚਾਰਜ / ਡਾਇਰੈਕਟਰ ਪਨਬਸ ਪੰਜਾਬ ਵਲੋਂ ਕੀਤਾ ਗਿਆ। ਇਸ ਮੌਕੇ ਸਰਪੰਚ ਪਰਮਜੀਤ ਕੌਰ, ਬਲਾਕ ਪ੍ਰਧਾਨ ਇੰਦਰਜੀਤ ਸਿੰਘ ਸੱਤੋਵਾਲੀ, ਹਨਿੰਦਰ ਸਿੰਘ ਬਲਾਕ ਪ੍ਰਧਾਨ, ਪਰਮਜੀਤ ਰਾਜਵੰਸ਼ ਚੇਅਰਮੈਨ ਮਾਰਕੀਟ ਕਮੇਟੀ ਆਦਮਪੁਰ, ਬਲਾਕ ਪ੍ਰਧਾਨ ਅਕਾਸ਼ਦੀਪ ਆਸ਼ੂ, ਕੁਲਦੀਪ ਸਿੰਘ ਸਰਪੰਚ ਉਦੇਸੀਆਂ, ਬਲਵਿੰਦਰ ਸਿੰਘ ਸਰਪੰਚ ਨਰੰਗਪੁਰ, ਮੰਗਾ ਰਾਮ ਜਿਲ੍ਹਾ ਜੁਆਇਟ ਸਕੱਤਰ ਐਸ.ਸੀ ਵਿੰਗ, ਰਕੇਸ਼ ਕਪੂਰ ਪਿੰਕਾ ਲੰਬੜਦਾਰ, ਕੁਲਦੀਪ ਸਿੰਘ ਲੇਸੜੀਵਾਲ ਸਾਬਕਾ ਸਰਪੰਚ ਕੁੰਦਨ ਲਾਲ, ਸਾਬਕਾ ਸਰਪੰਚ ਸੁਖਦੇਵ ਲਾਲ, ਸਾਬਕਾ ਸਰਪੰਚ ਬਲਿੰਦਰ ਕੌਰ, ਸ਼ਾਮਪਾਲ, ਵਾਸਦੇਵ ਸਿੰਘ, ਕੁਲਵਿੰਦਰ ਕੌਰ, ਨੀਲਮ , ਕਿਰਨਦੀਪ ਕੌਰ, ਪ੍ਰਵੀਨ ਕੁਮਾਰੀ, ਅਨੂ, ਰਾਣੋ, ਸੁਰਿੰਦਰ ਕੌਰ, ਬਲਵਿੰਦਰ ਕੌਰ, ਬਲਵਿੰਦਰ ਸਿੰਘ, ਮਹਿੰਦਰ ਲਾਲ, ਭੁਪਿੰਦਰ ਸਿੰਘ, ਸੁਖਵਿੰਦਰ ਲਾਲ ਪਿੰਡ ਵਾਸੀ ਮੌਜੂਦ ਸਨ।

# ਰੂਡਸੈੱਟ ਸੰਸਥਾ ਦੇ ਰਹੀ ਹੈ ਸਵੈ-ਰੁਜ਼ਗਾਰ ਸਿਖਲਾਈ : ਸਰਪੰਚ

**ਮਹਿਤਪੁਰ (ਰਾਜਾ)** ਕੇਨਰਾ ਬੈਂਕ ਅਤੇ ਸ਼੍ਰੀ ਧਰਮਸਥਲਾ ਮੰਜੂਨਾਥੇਸ਼ਵਰ ਸਿੱਖਿਆ ਸੰਸਥਾਨ ਦੁਆਰਾ ਸਪਾਂਸਰ ਕੀਤੇ ਗਏ ਰੂਡਸੈਟ ਇੰਸਟੀਚਿਊਟ ਜਲੰਧਰ ਵਲੋਂ ਪਿੰਡ ਇਸਮਾਇਲਪੁਰ ਵਿਖੇ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਗਹਿਣੇ ਬਣਾਉਣ ਦਾ ਕੋਰਸ ਕਰਵਾਇਆ ਗਿਆ। ਸਮਾਪਨ ਸਮਾਰੋਹ ਵਿੱਚ ਸਰਪੰਚ ਅਮਰਜੀਤ, ਪਿੰਡ ਦੀ ਪੰਚਾਇਤ, ਸੇਵਾ ਮੁਕਤ ਏ ਜੀ ਐਮ ਹਰਜਿੰਦਰ ਸਿੰਘ ਕੰਡਾ ਅਤੇ ਰੂਡਸੈੱਟ ਇੰਸਟੀਟਿਊਟ ਦਾ



ਸਟਾਫ਼ ਦੁਆਰਾ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਮੈਡਮ ਮੀਨਲ ਅਤੇ ਵਿਸ਼ਾਲ ਨੇ ਕਿਹਾ ਕਿ ਰੂਡਸੈੱਟ ਇੰਸਟੀਚਿਊਟ ਦੀ ਸਥਾਪਨਾ ਦੇਸ਼ ਵਿੱਚ ਸਵੈ-ਰੁਜ਼ਗਾਰ ਸਿਖਲਾਈ ਦੇ ਕੇ ਉੱਦਮਸ਼ੀਲਤਾ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਗਈ ਹੈ। ਮੋਬਾਈਲ ਰਿਪੇਅਰ, ਫਰਿੱਜ ਏ. ਸੀ. ਰਿਪੇਅਰ, ਫੈਸ਼ਨ ਡਿਜ਼ਾਈਨਿੰਗ, ਫਾਸਟ ਫੂਡ ਦੇ ਕੋਰਸ ਜਲਦ ਸ਼ੁਰੂ ਹੋਣ ਜਾ ਰਹੇ ਹਨ। ਸਰਪੰਚ ਅਮਰਜੀਤ ਅਤੇ ਪਿੰਡ ਦੀ ਪੰਚਾਇਤ ਨੇ ਕਿਹਾ ਕਿ ਸੰਸਥਾ ਵੱਲੋਂ ਉਨ੍ਹਾਂ ਨੂੰ ਸਵੈ-ਰੁਜ਼ਗਾਰ ਲਈ ਸਿਖਲਾਈ ਦੇ ਕੇ ਉੱਦਮੀ ਬਣਾਉਣ ਦਾ ਜੋ ਉੱਤਮ ਕੰਮ ਸ਼ੁਰੂ ਤੋਂ ਹੀ ਕੀਤਾ ਜਾ ਰਿਹਾ ਹੈ, ਉਹ ਸ਼ਲਾਘਾਯੋਗ ਅਤੇ ਬੇਮਿਸਾਲ ਹੈ। ਸੇਵਾ ਮੁਕਤ ਏ ਜੀ ਐਮ ਹਰਜਿੰਦਰ ਸਿੰਘ ਕੰਡਾ ਨੇ ਕਿਹਾ ਕਿ ਸੰਸਥਾ ਸਮੇਂ ਅਤੇ ਮੰਗ ਅਨੁਸਾਰ ਜ਼ਿਲ੍ਹੇ ਦੇ ਨੌਜਵਾਨਾਂ ਅਤੇ ਔਰਤਾਂ ਨੂੰ ਮੌਕਿਆਂ ਨਾਲ ਭਰਪੂਰ ਸਿਖਲਾਈ ਪ੍ਰਦਾਨ ਕਰਨ ਲਈ ਯਤਨ ਕਰਦੀ ਹੈ।

# ਸੁੰਨੜਾ ਰਾਜਪੂਤਾਂ ਵਿਖੇ ਸਾਲਾਨਾ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

**ਬੰਗਾ (ਅਵਤਾਰ ਕਲੇਰ)** ਦਰਬਾਰ ਹਜ਼ਰਤ ਜਨਾਬ ਦਾਤਾ ਮੀਆਂ ਚਿਰਾਗ ਸ਼ਾਹ ਪਿੰਡ ਸੁੰਨੜਾ ਰਾਜਪੂਤਾਂ ਵਿਖੇ ਸਾਲਾਨਾ ਮੇਲਾ ਮੁੱਖ ਸੇਵਾਦਾਰ ਬਾਬਾ ਧਲਵਿੰਦਰ ਰਾਜ,ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਾਈਂ ਉਮਰੇ ਸ਼ਾਹ ਕਾਦਰੀ ਗੱਦੀ ਨਸ਼ੀਨ ਰੌਜਾ ਸ਼ਰੀਫ਼ ਮੰਢਾਲੀ, ਸਾਈਂ



ਪੱਪਲ ਸ਼ਾਹ ਭਰੋਮਜਾਰਾ ਪ੍ਰਧਾਨ ਸੂਫ਼ੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ, ਸਾਈਂ ਜਸਵੀਰ ਦਾਸ ਸਾਬਰੀ ਖਾਨਖਾਨਾ ਤੋਂ ਇਲਾਵਾ ਹੋਰ ਵੀ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਚੱਕ ਹਕੀਮ ਤੋਂ ਪ੍ਰਧਾਨ ਦਵਿੰਦਰ ਕੁਲਥਮ ਅਤੇ ਯਸ਼ ਬਰਨਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਚਿਰਾਗਾਂ ਦੀ ਰਸਮ ਉਪਰੰਤ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਮੇਲੇ ਦੇ ਦੂਸਰੇ ਦਿਨ ਪੰਜਾਬ ਦੇ ਮਸ਼ਹੂਰ ਕਲਾਕਾਰਾਂ ਬਲਰਾਜ ਬਿਲਗਾ, ਗੁਰਮੇਜ ਮੇਹਲੀ,ਕਮਲ ਕਟਾਣੀਆ,ਜੋਤ ਸ਼ਰਮਾ, ਕੁਲਦੀਪ ਰੁਹਾਨੀ ਕਵਾਲ, ਕਸ਼ਮੀਰ ਮਜਾਰੀ ਕਵਾਲ ਆਦਿ ਕਲਾਕਾਰਾਂ ਨੇ ਧਾਰਮਿਕ ਅਤੇ ਸੱਭਿਆਚਾਰ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।